ਕੈਨੇਡਾ ਦਰਪਣ

ਜੁਲਾਈ 18, 1986

July 18, 1986

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

Second Class Mail Reg. No. 5991

ਕੈਨੇਡਾ ਦਰਪਣ

The Canada Darpan — Punjabi Weekly Newspaper

WEEKENDING JULY 18, 1986 Vol. 5 No. 27 Price 35¢ Out of Greater Vancouver 50¢ Ph. (604)581-4473

ਪਾਕਿਸਤਾਨ ਤੋਂ ਟਰੇਂਡ ਹੋਏ 200 ਅਤਿਵਾਦੀ ਗ੍ਰਿਫ਼ਤਾਰ ਕਰ ਲਏ ਗਏ

ਬਦੇਸ਼ੀ ਖ਼ੁਫ਼ੀਆ ਏਜੰਸੀਆਂ ਦਾ ਰੋਲ ਖਤਰਨਾਕ

ਚੰਡੀਗੜ੍ਹ — ਪੰਜਾਬ ਦੇ ਮੁੱਖ ਮੰਤਰੀਆਂ ਸ: ਸੁਰਜੀਤ ਸਿੰਘ ਬਰਨਾਲਾ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਾਕਿਸਤਾਨ ਤੋਂ ਟਰੇਨਿੰਗ ਲੈ ਕੇ ਆਏ 200 ਅਤਿਵਾਦੀ ਪੰਜਾਬ ਪੁਲਸ ਨੇ ਗ੍ਰਿਫਤਾਰ ਕਰ ਲਏ ਹਨ। ਇਨ੍ਹਾਂ ਦਹਿਸ਼ਤਪਸੰਦਾਂ ਨੂੰ ਸਰਹੱਦ ਪਾਰ ਕਰਾ ਕੇ ਪਾਕਿਸਤਾਨੀ ਅਧਿਕਾਰੀ ਭਾਰਤ ਵਿਚ ਭੰਨ ਤੋੜ, ਕਤਲ, ਬੈਂਕ ਡਾਕੇ ਅਤੇ ਲੁੱਟਮਾਰ ਕਰਵਾਉਣ ਲਈ ਸਰਗਰਮ ਦੱਸੇ ਗਏ ਹਨ।

ਫੈਸਲਾਬਾਦ ਵਿਚ ਟਰੇਨਿੰਗ ਸੈਂਟਰ

ਸ: ਬਰਨਾਲਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਫੜੇ ਗਏ ਦਹਿਸ਼ਤਗਰਦਾਂ ਨੇ ਇਕਬਾਲ ਕੀਤਾ ਹੈ ਕਿ ਉਨ੍ਹਾਂ ਨੂੰ ਫੈਸਲਾਬਾਦ ਵਿਚ ਟਰੇਨਿੰਗ ਦਿਤੀ ਗਈ ਹੈ ਫੜੇ ਗਏ ਦਹਿਸ਼ਤਪਸੰਦਾਂ ਨੇ ਇਹ ਵੀ ਇਕਸ਼ਾਫ ਕੀਤਾ ਕਿ ਪਾਕਿਸਤਾਨੀ ਅਧਿਕਾਰੀਆਂ ਦਾ ਵਤੀਰਾ ਕੁਝ ਕੁ ਦਹਿਸ਼ਤਪਸੰਦਾਂ ਨਾਲ ਬਹੁਤ ਨੀਵੀਂ ਪੱਧਰ ਦਾ ਹੈ।

ਪਹਿਲੀ ਵਾਰ ਪਾਕਿਸਤਾਨ ਦਾ ਨਾਂ

ਇਹ ਪਹਿਲੀ ਵਾਰ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਖੁਲ੍ਹੇ ਰੂਪ ਵਿਚ ਇਸ ਗੱਲ ਦੀ ਪੁਸ਼ਟੀ ਕਰ ਦਿਤੀ ਹੈ ਕਿ ਇਹ ਸਾਰੀ ਸ਼ਰਾਰਤ ਦਾ ਕੇਂਦਰ ਪਾਕਿਸਤਾਨ ਹੈ ਜਿਥੇ ਵੱਖਵਾਦੀ ਅਨਸਰਾਂ ਨੂੰ ਹਥਿਆਰ ਮੁਹੱਈਆ ਕੀਤੇ ਜਾਂਦੇ ਹਨ ਅਤੇ ਟਰੇਨਿੰਗ ਦਿਤੀ ਜਾਂਦੀ ਹੈ। ਪਾਕਿਸਤਾਨ ਕਈ ਵਾਰ ਇਸ ਦੋਸ਼ ਨੂੰ ਝੁਠਲਾ ਚੁਕਿਆ ਹੈ ਪਰ ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਕਿ 'ਸਾਡੇ ਪਾਸ ਸਬੂਤ ਹਨ।'

ਮੰਗਲਵਾਰ 20 ਦਹਿਸ਼ਤਪਸੰਦ ਫੜੇ ਗਏ

ਪੰਜਾਬ ਦੇ ਮੁਖ ਮੰਤਰੀ ਨੇ ਕਿਹਾ ਕਿ ਦਹਿਸ਼ਤਪਸੰਦੀ ਵਿਰੁੱਧ ਲੜਾਈ ਫੈਸਲਾਕੁਨ ਮੁਕਾਮ ਤੇ ਪੁੱਜ ਗਈ ਹੈ ਅਤੇ ਇਸ ਦੇ ਚੰਗੇ ਸਿੱਟੇ ਹੁਣ ਸਾਹਮਣੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਪੁਲਸ ਦਾ ਮਨੋਬਲ ਉਚਾ ਹੋਇਆ ਹੈ। ਉਨ੍ਹਾਂ ਕਿਹਾ ਕਿ ਮੰਗਲਵਾਰ ਵੀਹ ਹੋਰ ਦਹਿਸ਼ਤਪਸੰਦ ਗ੍ਰਿਫਤਾਰ ਕਰ ਲਏ ਗਏ ਹਨ। ਬਾਰੂਦ, ਗੰਨਾਂ ਅਤੇ ਮਸ਼ੀਨਗੰਨਾਂ ਵੀ ਫੜੀਆਂ ਗਈਆਂ ਹਨ।

ਦਹਿਸ਼ਤਵਾਦ ਆਖਰੀ ਕਿਨਾਰੇ ਉਤੇ

ਮੁੱਖ ਮੰਤਰੀ ਨੇ ਕਿਹਾ ਕਿ ਹੁਣ ਕੁਝ ਦਿਨਾਂ ਦੀ ਹੀ ਗੱਲ ਹੈ ਕਿ ਦਹਿਸ਼ਤਗਰਦੀ ਦਾ ਬੋਲਬਾਲਾ ਖਤਮ ਹੋ ਰਿਹਾ ਹੈ।

ਜਾਗੀਰਦਾਰ ਧੜੇ ਨੇ ਅਕਾਲੀ ਦਲ ਵੱਖਰਾ ਬਣਾ ਲਿਆ — ਬਾਦਲ ਨੂੰ 'ਕੁਰਸੀ' ਮਿਲ ਗਈ

ਆਨੰਦਪੁਰ — ਇਥੋਂ ਪ੍ਰਾਪਤ ਖਬਰਾਂ ਅਨੁਸਾਰ 5 ਜੁਲਾਈ ਨੂੰ ਅਕਾਲੀਆਂ ਦੇ ਅਖੌਤੀ ਬਾਗੀ ਧੜੇ ਨੇ ਆਪਣਾ ਅਕਾਲੀ ਦਲ ਵੱਖਰਾ ਬਣਾ ਲਿਆ ਅਤੇ ਕੁਰਸੀ ਦੇ ਚਾਹਵਾਨ ਪ੍ਰਕਾਸ਼ ਸਿੰਘ ਬਾਦਲ ਨੂੰ ਪ੍ਰਧਾਨਗੀ ਦੀ ਕੁਰਸੀ ਦੇ ਦਿਤੀ। ਇਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੋ ਧੜਿਆਂ ਵਿਚ ਵੰਡਿਆ ਗਿਆ।

ਪਹਿਲੀਆਂ ਖਬਰਾਂ ਅਨੁਸਾਰ ਜਾਗੀਰਦਾਰ ਧੜੇ ਨੇ 12 ਜੁਲਾਈ ਨੂੰ ਵੱਖਰੇ ਹੋਣ ਦਾ ਫੈਸਲਾ ਕਰਨਾ ਸੀ ਪਰ 7 ਜੁਲਾਈ ਨੂੰ ਹਾਈਕੋਰਟ ਵਿਚ ਪੇਸ਼ੀ ਕਾਰਨ 5 ਜੁਲਾਈ ਨੂੰ ਹੀ ਇਥੇ ਡੈਲੀਗੇਟਾਂ ਦੀ ਮੀਟਿੰਗ ਬੁਲਾਈ ਗਈ। ਕਿਹਾ ਜਾਂਦਾ ਹੈ ਕਿ ਉਸ ਮੀਟਿੰਗ ਵਿਚ 362 ਡੈਲੀਗੇਟ ਸ਼ਾਮਲ ਹੋਏ।

ਪੰਜਾਬ ਦੇ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਰਜੀਤ ਸਿੰਘ ਬਰਨਾਲਾ ਨੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਨਾਲ ਇਸ ਸਬੰਧੀ ਸਲਾਹ ਮਸ਼ਵਰਾ ਕੀਤਾ ਦੱਸਿਆ ਜਾਂਦਾ ਹੈ।

ਫਿਰਕੂ ਸਦਭਾਵਨਾ ਕਮੇਟੀ ਦੀ ਮੀਟਿੰਗ

ਕੱਲ੍ਹ ਪੰਜਾਬ ਦੀ ਫਿਰਕੂ ਸਦਭਾਵਨਾ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਵੀ ਸ: ਬਰਨਾਲਾ ਨੇ ਕੀਤੀ। ਕਮੇਟੀ ਵਿਚ ਸ਼ਾਮਲ ਹਰ ਪਾਰਟੀ ਦੇ ਆਗੂ ਨੇ ਕਿਹਾ ਕਿ ਪੰਜਾਬ ਵਿਚੋਂ ਘੱਟ ਗਿਣਤੀਆਂ ਦਾ ਬਾਹਰ ਜਾਣ ਦਾ ਰੁਝਾਨ ਖਤਰਨਾਕ ਹੈ ਅਤੇ ਇਸ ਨੂੰ ਹੁਣੇ ਹੀ ਠੱਲ੍ਹ ਪਾਈ ਜਾਣੀ ਜ਼ਰੂਰੀ ਹੈ। ਕਮੇਟੀ ਨੇ ਪੰਜਾਬ ਸਰਕਾਰ ਵੱਲੋਂ ਚੁਕੇ ਗਏ ਕਦਮਾਂ ਦੀ ਸਰਾਹਨਾ ਕਰਦਿਆਂ ਕਿਹਾ ਕਿ ਹੋਰ ਵੀ ਤੇਜ਼ ਕਦਮ ਚੁਕ ਕੇ ਦਹਿਸ਼ਤਗਰਦੀ ਦਾ ਸਫਾਇਆ ਕਰਨਾ ਜ਼ਰੂਰੀ ਹੈ। ਸ: ਬਰਨਾਲਾ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਕਿਹਾ ਕਿ ਘੱਟ-ਗਿਣਤੀਆਂ ਦੇ ਲੋਕਾਂ ਦੇ ਬਾਹਰ ਜਾਣ ਦੀਆਂ ਖਬਰਾਂ ਪ੍ਰੈਸ ਵਧਾ ਚੜ੍ਹਾ ਕੇ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿੰਨਾ ਚਿਰ ਕੇਂਦਰ ਸਰਕਾਰ ਸੰਜੀਦਗੀ ਨਾਲ ਪੰਜਾਬ ਸਮਝੌਤਾ ਲਾਗੂ ਨਹੀਂ ਕਰਦੀ, ਇਕੜ ਦੁੱਕੜ ਘਟਨਾਵਾਂ ਹੁੰਦੀਆਂ ਰਹਿਣਗੀਆਂ।

ਬਾਬੂ ਜਗਜੀਵਨ ਰਾਮ ਚਲ ਵਸੇ!

ਨਵੀਂ ਦਿੱਲੀ — ਭਾਰਤ ਦੇ ਸਾਬਕਾ ਡਿਪਟੀ ਪ੍ਰਧਾਨ ਮੰਤਰੀ ਸ੍ਰੀ ਜਗਜੀਵਨ ਰਾਮ ਇਥੇ ਫੇਫੜਿਆਂ ਦੀ ਬੀਮਾਰੀ ਕਾਰਨ ਪਰਲੋਕ ਸਿਧਾਰ ਗਏ ਹਨ। ਉਹ ਇਸ ਸਮੇਂ 78 ਵਰ੍ਹਿਆਂ ਦੇ ਸਨ। ਆਪਣੀ ਆਯੂ ਦੇ 30 ਵਰ੍ਹੇ ਉਹ ਕਿਸੇ ਨਾ ਕਿਸੇ ਵਿਭਾਗ ਦੇ ਮੰਤਰੀ ਰਹੇ। ਜਵਾਹਰ ਲਾਲ ਨਹਿਰੂ, ਲਾਲ ਬਹਾਦਰ ਸ਼ਾਸ਼ਤਰੀ, ਇੰਦਰਾ ਗਾਂਧੀ, ਮੁਰਾਰਜੀ ਡਿਸਾਈ ਅਤੇ ਚਰਨ ਸਿੰਘ ਦੇ ਮੰਤਰੀ ਮੰਡਲਾਂ ਵਿਚ ਸ਼ਾਮਲ ਰਹੇ। ਭਾਰਤ ਵਿਚ ਉਹ ਹਰੀਜਨ ਨੇਤਾ ਕਰਕੇ ਪ੍ਰਸਿੱਧ ਸਨ ਉਹ ਪਿਛਲੇ ਮਹੀਨੇ ਤੋਂ ਹਸਪਤਾਲ ਵਿਚ ਦਾਖਲ ਸਨ।

ਚੰਡੀਗੜ੍ਹ ਬਾਰੇ ਨਵੇਂ ਸੁਝਾਅ ਦਿਤੇ ਜਾਣ ਲਗੇ

ਬਰਨਾਲਾ ਵਲੋਂ ਸਾਰੇ ਸੁਝਾਅ ਰੱਦ

ਚੰਡੀਗੜ੍ਹ — ਚੰਡੀਗੜ੍ਹ ਪੰਜਾਬ ਨੂੰ ਦਿਤੇ ਜਾਣ ਉਤੇ ਪੈਦਾ ਹੋਇਆ ਡੈਡਲਾਕ ਤੋੜਨ ਦੇ ਯਤਨ ਜਾਰੀ ਹਨ ਪਰ ਬਰਨਾਲਾ ਸਰਕਾਰ ਦਾ ਵਤੀਰਾ ਇਸ ਸਬੰਧੀ ਸਖਤੀ ਵਾਲਾ ਹੋ ਗਿਆ ਹੈ। 20 ਸਾਲ ਤੋਂ ਲਟਕ ਰਹੀ ਇਸ ਗੁੰਝਲਦਾਰ ਸਮੱਸਿਆ ਨੂੰ ਹੱਲ ਕਰਨ ਲਈ ਕੇਂਦਰ ਵਲੋਂ ਅਕਾਲੀ ਆਗੂਆਂ ਨੂੰ ਵੱਖ ਵੱਖ ਸੁਝਾਅ ਪੇਸ਼ ਕੀਤੇ ਜਾ ਰਹੇ ਹਨ। ਪਰ ਅਕਾਲੀ ਸਰਕਾਰ ਨੇ ਸਪੱਸ਼ਟ ਰੂਪ ਵਿਚ ਕੇਂਦਰ ਸਰਕਾਰ ਦੇ ਏਲਚੀਆਂ ਨੂੰ ਦੱਸ ਦਿਤਾ ਹੈ ਕਿ ਪੰਜਾਬ ਸਰਕਾਰ ਲੌਂਗੋਵਾਲ-ਰਾਜੀਵ ਸਮਝੌਤੇ ਤੋਂ ਬਾਹਰ ਕੋਈ ਵੀ ਸੁਝਾਅ ਮੰਨਣ ਲਈ ਤਿਆਰ ਨਹੀਂ।

ਪੰਜਾਬ ਨੂੰ 400 ਕਰੋੜ ਡਾਲਰ ਦੇਣ ਦਾ ਸੁਝਾਅ

ਇਕ ਸੁਝਾਅ ਇਹ ਪੇਸ਼ ਕੀਤਾ ਜਾ ਰਿਹਾ ਹੈ ਕਿ ਕੇਂਦਰ ਸਰਕਾਰ ਚੰਡੀਗੜ੍ਹ ਨੂੰ ਕੇਂਦਰ-ਸ਼ਾਸ਼ਤ ਸ਼ਹਿਰ ਰੱਖੇਗੀ - ਪੰਜਾਬ ਨੂੰ ਨਵੀਂ ਰਾਜਧਾਨੀ ਬਨਾਉਣ ਲਈ 400 ਕਰੋੜ ਰੁਪਏ ਦਿਤੇ ਜਾਣਗੇ ਅਤੇ ਹਰਿਆਣੇ ਨੂੰ ਨਵੀਂ ਰਾਜਧਾਨੀ ਲਈ 300 ਕਰੋੜ ਰੁਪਏ ਦੀ ਪੂੰਜੀ ਦਿਤੀ ਜਾਵੇਗੀ।

ਚੰਡੀਗੜ੍ਹ ਦੀ 60:40 ਵਿਚ ਵੰਡ

ਦੂਜਾ ਸੁਝਾਅ ਕੇਂਦਰ ਸਰਕਾਰ ਦੇ ਏਲਚੀਆਂ ਨੇ ਇਹ ਦਿਤਾ ਹੈ ਕਿ ਚੰਡੀਗੜ੍ਹ ਨੂੰ 60:40 ਦੀ ਅਨੁਪਾਤ ਵਿਚ ਪੰਜਾਬ ਅਤੇ ਹਰਿਆਣੇ ਵਿਚ ਵੰਡ ਦਿਤਾ ਜਾਵੇ। 60 ਫੀਸਦੀ ਇਲਾਕਾ ਪੰਜਾਬ ਨੂੰ ਅਤੇ 40 ਫੀਸਦੀ ਹਰਿਆਣੇ ਨੂੰ ਦਿਤਾ ਜਾਵੇ। 1 ਨਵੰਬਰ 1966 ਨੂੰ ਸਮੁੱਚੇ ਪੰਜਾਬ ਨੂੰ ਇਸੇ ਫੀਸਦੀ ਦੇ ਆਧਾਰ ਉਤੇ ਪੰਜਾਬ ਅਤੇ ਹਰਿਆਣਾ ਵਿਚ ਵੰਡਿਆ ਗਿਆ ਸੀ।

ਪੰਜਾਬ ਵਲੋਂ ਸਾਫ਼ ਨਾਂਹ

ਉਪਰੋਕਤ ਦੋਵਾਂ ਸੁਝਾਵਾਂ ਨੂੰ ਪੰਜਾਬ ਸਰਕਾਰ ਨੇ ਰੱਦ ਕਰ ਦਿੱਤਾ ਹੈ ਤੇ ਡਿਸਾਈ ਕਮਿਸ਼ਨ ਨੂੰ ਪੰਜਾਬ ਸਰਕਾਰ ਪਹਿਲਾਂ ਹੀ ਰੱਦ ਕਰ ਚੁਕੀ ਹੈ — ਇਸ ਤਰ੍ਹਾਂ ਬਰਨਾਲਾ ਨੇ ਡਿਸਾਈ ਕਮਿਸ਼ਨ ਨੂੰ ਮਿਲਕੇ ਵੀ ਦੱਸ ਦਿਤਾ ਹੈ ਕਿ ਉਹ ਇਸ ਕਮਿਸ਼ਨ ਨੂੰ ਮਾਨਤਾ ਨਹੀਂ ਦਿੰਦੇ — ਇਸ ਲਈ ਕਮਿਸ਼ਨ ਦੀਆਂ ਸ਼ਰਤਾਂ ਮੰਨਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਬਰਨਾਲਾ ਡਿਸਾਈ ਨੂੰ ਮਿਲੇ

ਪੰਜਾਬ ਦੇ ਮੁੱਖ ਮੰਤਰੀ ਸ: ਬਰਨਾਲਾ ਸ੍ਰੀ ਡਿਸਾਈ ਨੂੰ ਪਿਛਲੇ ਵੀਰਵਾਰ ਮਿਲੇ ਅਤੇ ਕਿਹਾ ਕਿ ਉਨ੍ਹਾਂ ਦਾ ਕਮਿਸ਼ਨ ਰਾਜੀਵ-ਲੌਂਗੋਵਾਲ ਸਮਝੌਤੇ ਦੀਆਂ ਧਾਰਾਵਾਂ ਦੀ ਉਲੰਘਣਾ ਕਰਦਾ ਹੈ — ਇਸ ਲਈ ਪੰਜਾਬ ਨੂੰ ਇਹ ਕਮਿਸ਼ਨ ਮਨਜ਼ੂਰ ਨਹੀਂ। ਸ: ਬਰਨਾਲਾ ਨੇ ਇਥੋਂ ਤੱਕ ਵੀ ਕਿਹਾ ਕਿ ਕਾਂਗਰਸ(ਆਈ) ਆਪਣੇ ਹਿੱਤਾਂ ਨੂੰ ਹਰਿਆਣੇ ਵਿਚ ਸੁਰੱਖਿਅਤ ਕਰ ਰਹੀ ਹੈ।

ਸ: ਬਰਨਾਲਾ ਨੇ ਕਿਹਾ ਕਿ ਜਿਥੋਂ ਤੱਕ 45,000 ਏਕੜ ਹਿੰਦੀ ਬੋਲਦੇ ਇਲਾਕੇ ਦੇਣ ਦਾ ਸਵਾਲ ਹੈ - ਉਨ੍ਹਾਂ ਇਲਾਕਿਆਂ ਵਿਚ ਇਕ ਵੀ ਪਿੰਡ ਪੰਜਾਬੀ ਬੋਲੀ ਵਾਲਾ ਨਹੀਂ ਦਿਤਾ ਜਾਵੇਗਾ।

15 ਜੁਲਾਈ ਦੀ ਕੋਈ ਅਹਿਮੀਅਤ ਨਹੀਂ

ਇਥੋਂ ਦੇ ਰਾਜਸੀ ਸੂਤਰਾਂ ਦਾ ਕਹਿਣਾ ਹੈ ਕਿ ਜਦ ਡਿਸਾਈ ਕਮਿਸ਼ਨ ਹੀ ਰੱਦ ਕਰ ਦਿਤਾ ਗਿਆ ਹੈ ਤਾਂ 15 ਜੁਲਾਈ ਦੀ ਅੰਤਮ ਸੀਮਾ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ। ਜੇ ਦੋਵਾਂ ਮੁੱਖ ਮੰਤਰੀਆਂ ਵਿਚਕਾਰ ਲੈ ਦੇ ਕੇ ਕੋਈ ਗੱਲ ਸਿਰੇ ਚੜ੍ਹ ਜਾਵੇ ਤਾਂ ਗੱਲ ਵੱਖਰੀ ਹੈ।

ਕੁਨੈਲ ਵਿਚ ਇਕਬਾਲ ਸਿੰਘ ਅਤੇ ਮਹਿੰਦਰ ਸਿੰਘ ਉਤੇ ਕਾਤਲਾਨਾ ਹਮਲੇ ਦਾ ਦੋਸ਼

ਕੁਨੈਲ — 'ਸਨ' ਅਖਬਾਰ ਦੀ ਖਬਰ ਅਨੁਸਾਰ ਪੁਲਸ ਨੇ ਦੋ ਵਿਅਕਤੀਆਂ ਇਕਬਾਲ ਸਿੰਘ ਕਾਲੀਰਾਏ ਅਤੇ ਮਹਿੰਦਰ ਸਿੰਘ ਰਾਏ ਨੂੰ ਕਾਤਲਾਨਾ ਹਮਲੇ ਦੇ ਦੋਸ਼ ਹੇਠ ਗ੍ਰਿਫਤਾਰ ਕਰਕੇ ਉਨ੍ਹਾਂ ਦਾ ਰਿਮਾਂਡ 15 ਜੁਲਾਈ ਤੱਕ ਲੈ ਲਿਆ ਹੈ। ਇਕਬਾਲ ਸਿੰਘ ਕਾਲੀਰਾਏ ਕੁਨੈਲ ਦਾ ਰਹਿਣ ਵਾਲਾ ਹੈ ਜਦਕਿ ਮਹਿੰਦਰ ਸਿੰਘ ਰਾਏ ਰਿਚਮੰਡ ਵਿਚ ਰਹਿੰਦਾ ਹੈ।

ਇਨ੍ਹਾਂ ਦੋਵਾਂ ਉਪਰੋਕਤ ਵਿਅਕਤੀਆਂ ਉਤੇ ਦੋਸ਼ ਲਾਇਆ ਗਿਆ ਹੈ ਕਿ ਇਨ੍ਹਾਂ ਨੇ ਬੈਟਾਂ ਅਤੇ ਹੋਰ ਹਥਿਆਰਾਂ ਨਾਲ ਬਲਦੇਵ ਸਿੰਘ ਸੰਧੂ ਅਤੇ ਕੁਲਦੀਪ ਕੌਰ ਸੰਧੂ ਉਤੇ ਹਮਲਾ ਕੀਤਾ। ਇਨ੍ਹਾਂ ਦਾ ਇਕ ਰਿਸ਼ਤੇਦਾਰ ਵੀ ਜ਼ਖਮੀ ਹੋਇਆ

ਬਲਦੇਵ ਸਿੰਘ ਸੰਧੂ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ ਅਤੇ ਉਹ ਇਸ ਸਮੇਂ ਵੈਨਕੂਵਰ ਦੇ ਜਨਰਲ ਹਸਪਤਾਲ ਵਿਚ ਹੈ।

- ਭਾਵੇਂ ਅਸੀਂ ਤਰੇਲ ਤੁਪਕੇ ਵਾਂਙ ਇਸ ਦੁਨੀਆਂ ਵਿਚ ਇਕ ਹੀ ਰਾਤ ਗੁਜ਼ਾਰੀ ਹੈ, ਪਰ ਗੁਜ਼ਾਰੀ ਫੁਲਾਂ, ਦੀਆਂ ਕੋਮਲ ਪੱਤੀਆਂ ਤੇ ਹੈ।
- ਮੈਂ ਆਪਣੇ ਜ਼ਖਮੀ ਦਿਲ ਨੂੰ ਰਾਤ ਦਿਨ ਛਿਲਦਾ ਰਹਿੰਦਾ ਹਾਂ। ਇਸ ਲਈ ਕਿ ਜੋ ਕੁਛ ਵੀ ਮੇਰੇ ਅੰਦਰ ਪ੍ਰਭੂ ਤੋਂ ਬਿਨਾਂ ਹੋਰ ਹੈ, ਉਹ ਬਾਹਰ ਕੱਢ ਦੇਵਾਂ।

ਕੇਂਦਰ ਪੰਜਾਬੀ ਮਸਲੇ ਦੇ ਹਲ ਲਈ ਸਾਰੇ ਗਰੁੱਪਾਂ ਦੇ ਪ੍ਰਤੀਨਿਧਾਂ ਦੀ ਗੋਲਮੇਜ਼ ਕਾਨਫਰੰਸ ਬੁਲਾਏ — ਖਾਲਸਾ

ਸਮਾਣਾ — ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਸ: ਹਰਵਿੰਦਰ ਸਿੰਘ ਖਾਲਸਾ ਦੋ ਸਾਲ ਪੰਦਰਾਂ ਦਿਨ ਜੇਲ੍ਹ ਵਿਚ ਬੰਦ ਰਹਿਣ ਤੋਂ ਬਾਅਦ ਪਹਿਲੀ ਵਾਰ ਸਮਾਣਾ ਆਏ, ਉਹ ਜੇਲ੍ਹਾਂ ਵਿਚ ਬੰਦ ਨੌਜਵਾਨਾਂ ਦੇ ਘਰ ਘਰ ਜਾ ਕੇ ਉਹਨਾਂ ਦੀਆਂ ਘਰੇਲੂ ਤਕਲੀਫਾਂ ਦਾ ਪਤਾ ਲਗਾ ਰਹੇ ਹਨ। ਸ: ਖਾਲਸਾ ਨੂੰ ਅਪ੍ਰੇਸ਼ਨ ਨੀਲਾ ਤਾਰਾ ਸਮੇਂ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਚੋਂ ਗ੍ਰਿਫਤਾਰ ਕੀਤਾ ਗਿਆ ਸੀ। ਸ: ਖਾਲਸਾ ਨੂੰ 43 ਦਿਨ ਮਿਲਟਰੀ ਰਿਮਾਂਡ ਵਿਚ ਰਖਿਆ ਗਿਆ ਜਿਥੇ ਉਹਨਾਂ ਤੇ ਫੌਜ ਨੇ ਭਾਰੀ ਤਸ਼ੱਦਦ ਕੀਤੇ। ਉਹਨਾਂ ਦਾ ਦੰਦ ਵੀ ਤੋੜ ਦਿਤਾ ਗਿਆ ਅਤੇ ਸਰੀਰ ਤੇ ਜ਼ਖਮ ਕਰਕੇ ਉਪਰ ਨਿਮਕ ਪਾ ਦਿਤਾ। ਇਥੇ ਹੀ ਬਸ ਨਹੀਂ ਸ: ਖਾਲਸਾ ਨੂੰ ਕੁਰਸੀ ਤੇ ਪੁਠਾ ਟੰਗ ਕੇ ਉਸ ਸਮੇਂ ਤੱਕ ਨਹੀਂ ਛੱਡਿਆ ਗਿਆ, ਜਦੋਂ ਤੀਕਰ ਉਹਨਾਂ ਦੇ ਮੂੰਹ 'ਚੋਂ ਲਹੂ ਨਹੀਂ ਚਲਣ ਲਗਿਆ। ਇਸ ਨੂੰ ਕੱਚੀ ਫਾਂਸੀ ਦਾ ਨਾਂ ਦਿੱਤਾ ਜਾਂਦਾ ਹੈ। ਇਸ ਤੋਂ ਪਹਿਲਾਂ ਵੀ ਸ: ਖਾਲਸਾ ਸੰਨ 1981-82 ਵਿਚ ਸਵਾ ਸਾਲ ਜੇਲ੍ਹ ਕੱਟ ਚੁਕੇ ਹਨ। ਸ: ਖਾਲਸਾ ਤੇ ਸਰਕਾਰ ਨੇ 23 ਝੂਠੇ ਮੁਕਦਮੇ ਬਣਾਏ ਸਨ ਪਰ ਅਦਾਲਤ ਨੇ ਸਰਦਾਰ ਖਾਲਸਾ ਨੂੰ ਸਭ 'ਚੋਂ ਬਰੀ ਕਰ ਦਿਤਾ ਹੈ। ਪੰਜਾਬ ਮਸਲੇ ਬਾਰੇ ਪੱਤਰਕਾਰਾਂ ਨਾਲ ਗਲਬਾਤ ਕਰਦੇ ਉਹਨਾਂ ਆਖਿਆ ਕਿ ਕੇਂਦਰ ਪੰਜਾਬ ਮਾਮਲਾ ਹਲ ਕਰਨ ਲਈ ਗੰਭੀਰ ਨਹੀਂ ਕਿਉਂਕਿ ਦੇਸ਼ ਦਾ ਪ੍ਰਧਾਨ ਮੰਤਰੀ, ਬਾਹਰਲੇ ਮੁਲਕਾਂ ਦੇ ਦੌਰਿਆਂ ਤੇ ਜ਼ਿਆਦਾ ਜ਼ੋਰ ਦੇ ਰਿਹਾ ਹੈ ਤੇ ਆਪਣੇ ਘਰ ਵਿਚ ਲੱਗੀ ਅੱਗ ਵਲ ਕੋਈ ਧਿਆਨ ਨਹੀਂ ਦਿਤਾ ਜਾ ਰਿਹਾ। ਉਹਨਾਂ ਕਿਹਾ ਕਿ ਜਿਤਨੀ ਦੇਰ ਤਕ ਨਾਰਾਜ਼ ਫੌਜੀ ਬਹਾਲ ਨਹੀਂ ਕੀਤੇ ਜਾਂਦੇ, ਜੇਲ੍ਹਾਂ ਵਿਚ ਸੜ ਰਹੇ ਨੌਜਵਾਨ ਰਿਹਾ ਨਹੀਂ ਕੀਤੇ ਜਾਂਦੇ ਅਤੇ ਦੰਗਾ ਪੀੜਤਾਂ ਦੇ ਮੁੜ ਵਸੇਬੇ ਲਈ ਠੋਸ ਪ੍ਰੋਗਰਾਮ ਨਹੀਂ ਬਣਾਏ ਜਾਂਦੇ ਉਸ ਸਮੇਂ ਤਕ ਪੰਜਾਬ ਮਸਲਾ ਹੱਲ ਨਹੀਂ ਹੋ ਸਕਦਾ। ਉਹਨਾਂ ਨੇ ਇਹ ਵੀ ਕਿਹਾ ਕਿ ਪੰਜਾਬ ਮਸਲੇ ਦੇ ਹਲ ਲਈ ਕੇਂਦਰ ਫੈਡਰੇਸ਼ਨ ਦੇ ਸਾਰੇ ਗਰੁੱਪਾਂ ਅਤੇ ਅਕਾਲੀ ਦਲ ਦੇ ਪ੍ਰਤੀਨਿਧਾਂ ਦੀ ਗੋਲਮੇਜ਼ ਕਾਨਫਰੰਸ ਬੁਲਾਏ। ਖਾਲਸਾ ਜੀ ਨੇ ਸਪਸ਼ਟ ਕੀਤਾ ਕਿ ਅਨੰਦਪੁਰ ਦੇ ਮਤੇ ਤੋਂ ਘੱਟ ਸਿਖ ਕੌਮ ਨੂੰ ਕੋਈ ਸਮਝੌਤਾ ਪ੍ਰਵਾਨ ਨਹੀਂ ਹੋਵੇਗਾ। ਚੰਡੀਗੜ੍ਹ ਬਾਰੇ ਪੁਛੇ ਜਾਣ ਤੇ ਉਨ੍ਹਾਂ ਨੇ ਆਖਿਆ ਕਿ ਪੰਜਾਬ ਸਰਕਾਰ ਨੂੰ ਚੰਡੀਗੜ੍ਹ ਬਦਲੇ ਇਕ ਇੰਚ ਵੀ ਧਰਤੀ ਨਹੀਂ ਦੇਣੀ ਚਾਹੀਦੀ। ਹਰਿਆਣਾ ਨੂੰ ਚਾਹੀਦਾ ਹੈ ਕਿ ਉਹ ਪੁਰਾਣੀ ਦਿੱਲੀ ਨੂੰ ਆਪਣੀ ਰਾਜਧਾਨੀ ਬਣਾ ਲਵੇ। ਉਹਨਾਂ ਦੋਸ਼ ਲਾਇਆ ਕਿ ਕੇਂਦਰ ਪੰਜਾਬ ਚੋਂ ਹਿੰਦੀ ਭਾਸ਼ੀ ਖੇਤਰ ਕੱਢ ਕੇ ਫਿਰਕਾਪ੍ਰਸਤੀ ਨੂੰ ਸਹਿ ਦੇ ਰਿਹਾ ਹੈ। ਸਰਦਾਰ ਖਾਲਸਾ ਤੋਂ ਪੁਛਿਆ ਕਿ ਆਲ ਇੰਡੀਆ ਸਿਖ ਸਟੂਡੈਂਟ ਫੈਡਰੇਸ਼ਨ ਦੀ ਫੁਟ ਦਾ ਕੀ ਕਾਰਨ ਹੈ ਤਾਂ ਉਹਨਾਂ ਆਖਿਆ ਕਿ ਕੇਂਦਰ ਸਰਕਾਰ ਦੇ ਕੁਝ ਏਜੰਟ ਸਾਡੇ ਵਿਚ ਸ਼ਾਮਲ ਹੋ ਕੇ ਫੁਟ ਪਾਉਣ ਵਿਚ ਸਫਲ ਹੋ ਗਏ ਹਨ ਅਤੇ ਮੈਂ ਫੈਡਰੇਸ਼ਨ ਵਿਚ ਏਕਤਾ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਹਾਂ। ਉਹਨਾਂ ਨੇ ਦੁਖ ਪ੍ਰਗਟ ਕੀਤਾ ਕਿ ਭਾਰਤ ਸ਼ਰਕਾਰ ਪਾਕਿਸਤਾਨ ਦੇ ਗ੍ਰਿਫਤਾਰ ਕੀਤੇ ਫੌਜੀਆਂ ਨੂੰ ਤਾਂ ਬਿਨਾਂ ਸ਼ਰਤ ਛੱਡ ਸਕਦੀ ਹੈ, ਪਰ ਉਹ ਆਪਣੇ ਹੀ ਦੇਸ਼ ਦੀ ਫੌਜੀਆਂ ਨੂੰ ਨਹੀਂ ਛੱਡ ਰਹੀ ਜਿਹਨਾਂ ਨੇ ਧਾਰਮਿਕ ਭਾਵਨਾਂ ਕਰਕੇ ਬੈਰਕਾਂ ਛੱਡੀਆਂ ਸਨ। ਖਾਲਸਾ ਜੀ ਨੇ ਪੰਜਾਬ ਸਰਕਾਰ ਤੇ ਪੁਲਸ ਨੂੰ ਤਾੜਨਾ ਕੀਤੀ ਕਿ ਉਹ ਝੂਠੇ ਪੁਲਸ ਮੁਕਾਬਲੇ ਬੰਦ ਕਰੇ, ਨਹੀਂ ਤਾਂ ਨਤੀਜਿਆਂ ਦੀ ਜ਼ਿੰਮੇਂਵਾਰੀ ਸਰਕਾਰ ਤੇ ਹੋਵੇਗੀ। ਖਾਲਸਾ ਜੀ ਨੇ ਐਲਾਨ ਕੀਤਾ ਕਿ 20 ਤੋਂ 27 ਜੁਲਾਈ ਤੱਕ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਗੁਰਮਤ ਟਰੇਨਿੰਗ ਕੈਂਪ ਲਗਾਇਆ ਜਾ ਰਿਹਾ ਹੈ, ਜਿਸ ਵਿਚ 250 ਦੇ ਕਰੀਬ ਡੇਲੀਗੇਟ ਪੁਜ ਰਹੇ ਹਨ, ਜਿਥੇ ਨੌਜਵਾਨਾਂ ਨੂੰ ਰਹਿਤ ਮਰਿਯਾਦਾ ਅਤੇ ਗਤਕਾ ਸਿਖਲਾਈ ਦੀ ਟਰੇਨਿੰਗ ਦਿਤੀ ਜਾਵੇਗੀ।

ਵਿਲੀਅਮਜ਼ ਲੇਕ ਗੁਰੂ ਘਰ ਵਿਰੁੱਧ ਮੁਕੱਦਮੇ ਉਤੇ ਹਜ਼ਾਰਾਂ ਡਾਲਰ ਖਰਚ

ਵਿਲੀਅਮਜ਼ਲੇਕ — ਸੁਪਰੀਮ ਕੋਰਟ ਦਾ ਫੈਸਲਾ ਕਾਨੂੰਨ ਇਕ ਸੂਖਮ ਸ਼ੈਅ ਗੁਰਦੁਆਰਾ ਸਾਹਿਬ ਵਿਲੀਅਮਜ਼ ਲੇਕ ਦੀ ਮੌਜੂਦਾ ਕਮੇਟੀ ਦੇ ਖਿਲਾਫ ਜੋ ਮੁਕੱਦਮਾ ਚੋਣਾਂ ਨੂੰ ਮੁੱਖ ਰੱਖਕੇ ਕੀਤਾ ਗਿਆ ਸੀ ਦਾ ਫੈਸਲਾ ਪਹੁੰਚ ਚੁਕਾ ਹੈ।

ਫੈਸਲਾ :- ਪਟੀਸ਼ਨ ਰੱਦ ਤੇ ਖਰਚਾ ਬਿਨੈਕਾਰਾਂ ਸਿਰ।

ਮੋਟੇ ਨੁਕਤੇ ਇਸ ਪ੍ਰਕਾਰ ਹਨ :-

(ੳ) ਸੋਸਾਇਟੀ ਐਕਟ ਲਾਗੂ ਨਹੀਂ ਹੁੰਦਾ। ਫੈਸਲਾ ਲੋਕਲ - ਬਾਈ-ਲਾਅਜ਼ ਤੇ ਹੋਣਾ ਹੈ।

(ਅ) ਵਿਲੀਅਮਜ਼ ਲੇਕ ਤੋਂ ਬਾਹਰ ਰਹਿਣ ਵਾਲੇ ਭਾਵੇਂ ਉਮਰ-ਭਰ ਲਈ ਮੈਂਬਰ ਭੀ ਹੋਣ ਜੇ ਛੇ ਮਹੀਨੇ ਤੋਂ ਨਹੀਂ ਰਹਿ ਰਹੇ ਵੋਟ ਦੇ ਹੱਕਦਾਰ ਨਹੀਂ।

(ੲ) ਪਿਛਲੇ ਪਰਧਾਨ ਦੇ ਦਿੱਤੇ ਹਲਫੀਆ ਬਿਆਨਾਂ ਵਿਚ ਜੋ ਦੱਸਿਆ ਗਿਆ ਹੈ ਤੇ ਪੇਸ਼ ਕੀਤਾ ਗਿਆ ਹੈ ਉਸ ਅਨੁਸਾਰ ਕਮੇਟੀ ਨੇ ਕਾਨੂੰਨ ਦਾ ਮਤਲਬ ਭੀ ਠੀਕ ਕੱਢਿਆ ਹੈ ਤੇ ਅਮਲ ਭੀ ਠੀਕ ਕੀਤਾ ਹੈ।

(ਸ) ਫਾਰਮ ਭਰਨ ਲਈ ਸੁਝਾਅ ਦਿੱਤਾ ਗਿਆ ਹੈ ਤਾਂ ਕਿ ਮੈਂਬਰ ਦੀ ਯੋਗਤਾ ਤੇ ਸਹੀ/ਗਲਤ ਦਾ ਨਿਰਣਾ ਹੋ ਸਕੇ।

ਅੰਤ ਵਿਚ ਕਿਹਾ ਗਿਆ ਹੈ ਕਿ ਜੇ ਪਟੀਸ਼ਨ ਵਾਲਿਆਂ ਦੀ ਇਕੱਠੀ ਕੀਤੀ ਸਾਰੀ ਸਮੱਗਰੀ ਭੀ ਜਿਉਂ ਦੀ ਤਿਉਂ ਮੰਨ ਲਈ ਜਾਵੇ ਤੇ ਚੋਣ ਦਾ ਨਤੀਜਾ ਦੇਖਦਿਆਂ — ਚੋਣਾਂ ਦਾ ਨਤੀਜਾ ਬਦਲਣਾ ਕਚਹਿਰੀ ਲਈ ਇਨਸਾਫ ਕਰਨਾ ਨਹੀਂ ਹੋਵੇਗਾ।

ਪਟੀਸ਼ਨ ਵਾਲੀ ਧਿਰ ਲਗਾਤਾਰ ਤਿੰਨ ਵਰ੍ਹਿਆਂ ਤੋਂ ਹਾਰ ਖਾ ਰਹੀ ਹੈ ਤੇ ਐਤਕਾਂ ਤੇ ਸਰਕਾਰੀ ਠੱਪਾ ਭੀ ਲੱਗ ਗਿਆ ਹੈ।

ਨਤੀਜੇ ਦਾ ਅਸਰ ਮਿਲਵਾਂ ਹੈ ਹਾਰਨ ਵਾਲਿਆਂ 'ਚ ਜੋ ਵਧੇਰੇ ਤੇਜ਼ ਸਨ ਰੂਹ-ਪੋਸ਼ ਹੋ ਗਏ ਜਾਪਦੇ ਹਨ ਤੇ ਦਿਲ ਨੂੰ ਢਾਰਸ ਬੰਨ੍ਹਣ ਲਈ 'ਸਿਫਾਰਸ਼' 'ਇੰਡੀਅਨ ਗੌਰਮਿੰਟ ਦਾ ਹੱਥ' 'ਇੰਟਰਨੈਸ਼ਨਲ ਕੇਸ' ਆਦਿ ਦੀਆਂ ਪੁੜੀਆਂ ਸਵੇਰੇ ਸ਼ਾਮ ਖਾਂਦੇ ਹਨ।

ਜਿੱਤਣ ਵਾਲੇ ਸੰਜੀਦਾ ਹਨ ਤੇ ਇਸ ਨੂੰ ਪਟੀਸ਼ਨ ਵਾਲਿਆਂ ਵਲੋਂ ਹੀ ਇਕ ਤੋਹਫਾ ਸਮਝਦੇ ਹਨ। ਰਕਮ ਦਸ ਹਜ਼ਾਰ ਇਕ ਪਾਸਿਓਂ ਤੇ ਇਸ ਤੋਂ ਤਿੰਨ ਗੁਣੀ ਦੂਜੇ ਪਾਸਿਓਂ ਜਿਹੜੇ ਦੁੱਧੋਂ ਪਾਣੀ ਵੱਖ ਵੇਖਣਾ ਚਾਹੁੰਦੇ ਸਨ। ਆਉਣ ਵਾਲੀਆਂ ਚੋਣਾਂ ਵਿਚ (1987) ਬਾਈਕਾਟ ਹੀ ਸੂਤ ਬੈਠੇਗਾ ਕਿਉਂਕਿ ਅਗਲੀ ਪਰਤੱਖ ਹਾਰ ਤਾਂ ਉਮੀਦਵਾਰਾਂ ਨੂੰ ਹਸਪਤਾਲ ਭੀ ਤੋਰ ਸਕਦੀ ਹੈ।

ਚੌਧਰੀ ਦੇਵੀ ਲਾਲ ਹਰਿਆਣੇ ਵਿਚ ਗ੍ਰਿਫਤਾਰ

ਚੰਡੀਗੜ੍ਹ — ਪਤਾ ਲੱਗਾ ਹੈ ਕਿ ਕੱਲ੍ਹ ਹਰਿਆਣੇ ਦੇ ਇਕ ਸਥਾਨ ਉਤੇ ਵਿਰੋਧੀ ਨੇਤਾ ਚੌਧਰੀ ਦੇਵੀ ਲਾਲ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ। ਹਰਿਆਣੇ ਦੇ ਮੁੱਖ ਮੰਤਰੀ ਨੇ ਇਕ ਜਲਸੇ ਨੂੰ ਸੰਬੋਧਨ ਕਰਨਾ ਸੀ ਅਤੇ ਵਿਰੋਧੀ ਨੇਤਾ ਨੇ ਉਨ੍ਹਾਂ ਵਿਰੁੱਧ ਮੁਜ਼ਾਹਰੇ ਵਿਚ ਸ਼ਾਮਲ ਹੋਣਾ ਸੀ।

ਪਤਾ ਲੱਗਾ ਹੈ ਕਿ 100 ਦੇ ਕਰੀਬ ਦੇਵੀ ਲਾਲ ਦੇ ਸਮਰਥਕ ਵੀ ਹਿਰਾਸਤ ਵਿਚ ਲੈ ਲਏ ਗਏ ਹਨ।

ਗੁਰਬਿੰਦਰ ਕੌਰ ਬਰਾੜ ਵਾਲ ਵਾਲ ਬਚੀ!

ਨਵੀਂ ਦਿੱਲੀ — ਪੰਜਾਬ ਵਿਚ ਕਾਂਗਰਸ(ਆਈ) ਦੀ ਵਿਧਾਇਕ ਦਲ ਦੀ ਨੇਤਾ ਗੁਰਬਿੰਦਰ ਕੌਰ ਬਰਾੜ ਇਥੇ ਵਾਲ ਵਾਲ ਬਚ ਗਈ ਜਦ ਦਹਿਸ਼ਤਪਸੰਦਾਂ ਨੇ ਉਸ ਉਤੇ ਹਮਲਾ ਕਰ ਦਿਤਾ। ਹਮਲੇ ਵਿਚ ਉਸਦਾ ਇਕ ਬਾਡੀ ਗਾਰਡ ਮਾਰਿਆ ਗਿਆ ਅਤੇ ਇਕ ਗੰਭੀਰ ਰੂਪ ਵਿਚ ਜ਼ਖਮੀ ਹੋਇਆ।

ਬੰਸੀ ਲਾਲ ਘੱਟ ਗਿਣਤੀਆਂ ਦੀ ਰਾਖੀ ਕਰੇਗਾ

ਹਰਿਆਣੇ ਦੇ ਮੁਖ ਮੰਤਰੀ ਬੰਸੀ ਲਾਲ ਨੇ ਕਿਹਾ ਕਿ ਅਸੀਂ ਚੰਡੀਗੜ੍ਹ ਦੇ ਬਦਲੇ ਵਿਚ 70000 ਏਕੜ ਭੂਮੀ ਲੈਣ ਨੂੰ ਤਿਆਰ ਹਾਂ ਅਤੇ ਉਸਨੇ ਕਿਹਾ ਕਿ ਜਦੋਂ ਤਕ ਸਾਡੀ ਨਵੀਂ ਰਾਜਧਾਨੀ ਨਹੀਂ ਬਣਦੀ ਅਸੀਂ ਚੰਡੀਗੜ੍ਹ ਵਿਚ ਹੀ ਰਹਾਂਗੇ।

ਉਸਨੇ ਕਿਹਾ ਕਿ ਸਿਖਾਂ ਨੂੰ ਹਰਿਆਣੇ ਵਿਚ ਪੂਰੀ ਸੁਰੱਖਿਆ ਪ੍ਰਦਾਨ ਕੀਤੀ ਜਾਵੇਗੀ ਉਹਨਾਂ ਦੇਵੀ ਲਾਲ ਦਾ ਸਖਤ ਸ਼ਬਦਾਂ ਵਿਚ ਵਿਰੋਧ ਕੀਤਾ ਤੇ ਕਿਹਾ ਕਿ ਉਹ ਰਾਜ ਵਿਚ ਜਾਤੀਵਾਦ ਨੂੰ ਉਕਸਾ ਰਿਹਾ ਹੈ ਤੇ ਫਿਰਕਾਪ੍ਰਸਤੀ ਨੂੰ ਹਵਾ ਦੇ ਰਿਹਾ ਹੈ ਉਸਨੇ ਲੋਕਾਂ ਨੂੰ ਲੋਕਦਲ ਦੇ ਲੀਡਰ ਤੋਂ ਸਾਵਧਾਨ ਹੋਣ ਲਈ ਕਿਹਾ ਤੇ ਨਾਲ ਹੀ ਚਿਤਾਵਨੀ ਦਿਤੀ ਕਿ ਇਸ ਤਰ੍ਹਾਂ ਦੀਆਂ ਕਾਰਵਾਈਆਂ ਲਈ ਕਿਸੇ ਨੂੰ ਵੀ ਮਾਫ ਨਹੀਂ ਕੀਤਾ ਜਾ ਸਕਦਾ। ਪਾਣੀ ਦੇ ਝਗੜੇ ਵਾਰੇ ਉਸ ਕਿਹਾ ਕਿ ਸਾਨੂੰ ਭਰੋਸਾ ਹੈ ਇਰਾਡੀ ਕਮਿਸ਼ਨ ਹਰਿਆਣੇ ਨਾਲ ਇਨਸਾਫ ਕਰੇਗਾ

ਸ਼ਿਵ ਸੈਨਾ ਨੇ ਬਰਨਾਲੇ ਦਾ ਪੁਤਲਾ ਸਾੜਿਆ

ਨਵੀਂ ਦਿੱਲੀ — ਪੰਜਾਬ ਵਿਚ ਹੁੰਦੇ ਕਤਲਾਂ ਦੀਆਂ ਘਟਨਾਵਾਂ ਦੇ ਵਿਰੋਧ ਵਿਚ ਸ਼ਿਵ ਸੈਨਾ ਦੇ ਮੈਂਬਰਾਂ ਨੇ ਪੂਸਾ ਰੋਡ ਦਿੱਲੀ ਵਿਚ ਬਰਨਾਲੇ ਦਾ ਪੁਤਲਾ ਸਾੜ੍ਹਿਆ। ਵਿਖਾਵਾਕਾਰੀ ਦੋ ਦੋ ਦੀ ਕਤਾਰ ਵਿਚ ਆਏ ਤੇ ਨਾਹਰੇ ਲਾ ਰਹੇ ਸਨ "ਪੰਜਾਬ ਸਰਕਾਰ ਹਾਏ ਹਾਏ" ਉਹਨਾਂ ਪੂਸਾ ਰੋਡ ਤੇ ਆਉਂਦਾ ਟਰੈਫਿਕ ਬੰਦ ਕਰ ਦਿੱਤਾ ਟਰੈਫਿਕ ਲਗਭਗ ਤੀਹ ਮਿੰਟ ਤੱਕ ਬੰਦ ਰਿਹਾ।

ਕਾਂਗਰਸ ਆਈ ਪੰਜਾਬ ਵਿਚ ਸਖਤੀ ਦੀ ਹਾਮੀ ਦਿੱਲੀ ਪ੍ਰਦੇਸ਼ ਕਾਂਗਰਸ ਆਈ ਦੀ ਕਾਰਜਕਾਰਨੀ ਨੇ ਪੰਜਾਬ ਵਿਚ ਹੁੰਦੀਆਂ ਕਤਲਾਂ ਦੀਆਂ ਵਾਰਦਾਤਾਂ ਲਈ ਡੂੰਘਾ ਦੁਖ ਪ੍ਰਗਟ ਕੀਤਾ। ਦਿੱਲੀ ਪ੍ਰਦੇਸ਼ ਕਾਂਗਰਸ ਆਈ ਦੀ ਇਕ ਮੀਟਿੰਗ ਜਿਸਦੀ ਪ੍ਰਧਾਨਗੀ ਦਿੱਲੀ ਕਾਂਗਰਸ ਆਈ ਦੇ ਪ੍ਰਧਾਨ ਤਾਜਦਾਰ ਬੱਬਰ ਕਰ ਰਹੇ ਸਨ ਨੇ ਇਕ ਮਤਾ ਪਾਸ ਕੀਤਾ ਜਿਸ ਵਿਚ ਕਿਹਾ ਗਿਆ ਕਿ ਪੰਜਾਬ ਵਿਚ ਅਤਿਵਾਦ ਦੇ ਖਾਤਮੇ ਲਈ ਸਖਤੀ ਵਰਤੀ ਜਾਗੇ।

ਬਹੁਗੁਣਾ ਲੋਕ ਦਲ ਦੇ ਐਕਟਿੰਗ ਪ੍ਰਧਾਨ

ਨਵੀਂ ਦਿੱਲੀ — ਚੌ: ਚਰਨ ਸਿਘ ਦੀ ਬੀਮਾਰੀ ਕਾਰਨ ਲੋਕ ਦਲ ਦੇ ਵਰਕਿੰਗ ਕਮੇਟੀ ਨੇ ਸ੍ਰੀ ਬਹੁਗੁਣਾ ਨੂੰ ਲੋਕ ਦਲ ਦਾ ਐਕਟਿੰਗ ਪ੍ਰਧਾਨ ਨਾਮਜਦ ਕਰ ਦਿਤਾ ਹੈ।

ਸੋਚਣ ਵਾਲੀ ਤਾਂ ਗੱਲ ਇਹ ਹੈ ਕਿ ਇਹ ਦਿੱਲੀ ਦੀ ਕਾਂਗਰਸ ਹੁਣ ਇਹ ਮਤੇ ਪਾਸ ਕਰਨ ਲੱਗੀ ਹੈ ਪਰ ਬੜੀ ਦੇਰ ਬਾਅਦ ਚੰਗਾ ਹੁੰਦਾ ਜੇ ਇਹ ਕੇਂਦਰ ਸਰਕਾਰ ਨੂੰ ਪੰਜਾਬ ਦੀਆਂ ਹੱਕੀ ਮੰਗਾਂ ਮੰਨਣ ਲਈ ਮਤਾ ਪੇਸ਼ ਕਰਦੀ ਕਿਉਂਕਿ ਪੰਜਾਬ ਮਸਲੇ ਦਾ ਹੱਲ ਰਾਜਨੀਤਕ ਹੈ ਸਖਤੀ ਨਹੀਂ ਇਹ ਅਤਿਵਾਦ ਤਾਂ ਕਿਸੇ ਹੱਦ ਤੱਕ ਸਖਤੀ ਨਾਲ ਰੁਕ ਜਾਵੇਗਾ ਪਰ ਅਸਲੀ ਮੰਗਾਂ ਨੂੰ ਸੁਲਝਾਏ ਬਿਨਾਂ ਸਖਤੀ ਕੋਈ ਅਰਥ ਨਹੀਂ ਰਖਦੀ।

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: (Hon.) DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

ਸੰਪਾਦਕੀ:

ਪੰਜਾਬ ਦੀ ਸਥਿਤੀ ਦਾ ਜ਼ਿੰਮੇਂਵਾਰ ਕੌਣ?

ਜਿਸ ਸਥਿਤੀ ਵਿਚੋਂ ਇਸ ਸਮੇਂ ਪੰਜਾਬ ਦੇ ਲੋਕ ਗੁਜ਼ਰ ਰਹੇ ਹਨ ਇਹ ਸਥਿਤੀ ਕਿਸੇ ਤੋਂ ਲੁਕੀ ਛਿਪੀ ਨਹੀਂ। ਪੰਜਾਬ ਵਿਚੋਂ ਘੱਟ ਗਿਣਤੀ ਦੇ ਲੋਕ ਦਹਿਸ਼ਤਪਸੰਦਾਂ ਵਲੋਂ ਹਮਲਿਆਂ ਕਾਰਨ ਪੰਜਾਬ ਛੱਡ ਰਹੇ ਹਨ ਅਤੇ ਪੰਜਾਬ ਤੋਂ ਬਾਹਰ ਬੈਠੀ ਸਿੱਖ ਵਸੋਂ ਡਰ ਅਤੇ ਸਹਿਮ ਵਿਚੋਂ ਗੁਜ਼ਰ ਰਹੀ ਹੈ। ਦਿੱਲੀ, ਕਾਨ੍ਹਪੁਰ, ਬੋਕਾਰੋ ਆਦਿ ਦੀ ਕਤਲੇਆਮ ਦੇ ਪਰਛਾਵੇਂ ਉਨ੍ਹਾਂ ਦੇ ਮਨਾ ਉਪਰ ਮੰਡਲਾ ਰਹੇ ਹਨ। ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਜ਼ਿਲਿਆਂ ਵਿਚ ਆਮ ਲੋਕ ਘਬਰਾਹਟ ਵਿਚ ਹਨ। ਘੱਟ ਗਿਣਤੀ ਡਰੀ ਹੋਈ ਫੌਜੀ ਰਾਜ ਨੂੰ ਬੁਲਾਵਾ ਦੇ ਰਹੀ ਹੈ ਪਰ ਜਿਨ੍ਹਾਂ ਅਕਾਲੀ ਸਰਕਾਰ ਤੋਂ ਪਹਿਲਾਂ ਫੌਜੀ ਰਾਜ ਤੱਕਿਆ ਹੈ ਉਹ ਫੌਜ ਦੇ ਨਾਂ ਤੋਂ ਹੀ ਤਰਹਿੰਦੇ ਹਨ। ਸ਼ਿਵ ਸੈਨਾ ਦੇ ਗੁੰਡਿਆਂ ਅਤੇ ਦਹਿਸ਼ਤਪਸੰਦਾਂ ਨੇ ਪੰਜਾਬ ਦੇ ਲੋਕਾਂ ਨੂੰ ਅੱਗ ਦੀ ਭੱਠੀ ਵਿਚ ਸੁੱਟ ਦਿੱਤਾ ਹੈ।

ਅਕਾਲੀ ਸਰਕਾਰ ਇਸ ਸਮੇਂ ਹਰ ਪਾਸਿਓਂ ਸੰਕਟ ਵਿਚ ਫਸ ਗਈ ਹੈ। ਇਕ ਪਾਸੇ ਕੇਂਦਰ ਸਰਕਾਰ ਹੈ ਜੋ ਪੰਜਾਬ ਸਮਝੌਤੇ ਦੀਆਂ ਧਜੀਆਂ ਉਡਾ ਰਹੀ ਹੈ — ਕੇਂਦਰ ਸਰਕਾਰ ਦਾ ਵਤੀਰਾ ਹਰ ਪੱਖੋਂ ਨਿਰਾਸ਼ਾਜਨਕ ਹੈ। ਚੰਡੀਗੜ੍ਹ ਦਾ ਫੈਸਲਾ ਦੋ ਵਾਰ ਮੁਲਤਵੀ ਕੀਤਾ ਜਾ ਚੁਕਾ ਹੈ। ਪ੍ਰਧਾਨ ਮੰਤਰੀ ਪੰਜਾਬ ਸਮਝੌਤੇ ਬਾਰੇ ਬਿਆਨਬਾਜ਼ੀ ਤੋਂ ਸਿਵਾ ਕੁਝ ਕਰ ਰਿਹਾ ਦਿਖਾਈ ਨਹੀਂ ਦਿੰਦਾ। ਦੋ ਕਮਿਸ਼ਨ ਪਹਿਲਾਂ ਬਣਾਏ ਜਾ ਚੁਕੇ ਹਨ ਤੇ ਤੀਜਾ ਫਿਰ ਬਣਾ ਦਿਤਾ ਹੈ। ਪਿਛਲੇ ਵੀਹ ਸਾਲ ਤੋਂ ਕੇਂਦਰ ਸਰਕਾਰ ਇਹੋ ਖੇਡ ਖੇਡਦਾ ਆ ਰਹੀ ਹੈ। ਆਖਰ ਅਕਾਲੀ ਸਰਕਾਰ ਨੇ ਅੱਕ ਕੇ ਤੀਜੇ ਕਮਿਸ਼ਨ ਨੂੰ ਹੀ ਰੱਦ ਕਰ ਦਿੱਤਾ ਹੈ। ਹੋਰ ਇਸ ਸਮੇਂ ਅਕਾਲੀਆਂ ਕੋਲ ਚਾਰਾ ਵੀ ਕੀ ਹੈ? ਬਰਨਾਲਾ ਸਰਕਾਰ ਨੂੰ ਖਤਮ ਕਰਨ ਲਈ ਇਕੱਲਾ ਕੇਂਦਰ ਹੀ ਉਤਾਵਲਾ ਨਹੀਂ — ਸਾਬਕਾ ਕਾਂਗਰਸੀ ਅਮਰਿੰਦਰ ਸਿੰਘ ਨੇ ਅਰੁਣ ਨਹਿਰੂ ਦੇ ਇਸ਼ਾਰੇ ਉਤੇ ਅਕਾਲੀ ਦਲ ਦੋਫਾੜ ਕਰ ਦਿਤਾ ਹੈ। ਬਾਦਲ ਦੀ ਕੁਰਸੀ ਦੀ ਭੁੱਖ ਨੇ ਪੰਜਾਬ ਸਰਕਾਰ ਟੁੱਟਣ ਕਿਨਾਰੇ ਲੈ ਆਂਦੀ ਹੈ। ਟੌਹੜਾ ਵੱਖਰਾ ਪੰਜਾਬ ਦੀ ਜਾਨ ਦਾ ਖੌ ਬਣਿਆ ਬੈਠਾ ਹੈ। ਉਸ ਦੀ ਤਿਕੜਮਬਾਜ਼ੀ ਨੇ ਨਾ ਸ਼੍ਰੋਮਣੀ ਕਮੇਟੀ ਦੀ ਇਜ਼ਤ ਰਹਿਣ ਦਿਤੀ ਹੈ ਅਤੇ ਨਾ ਸ਼੍ਰੋਮਣੀ ਅਕਾਲੀ ਦਲ ਦੀ। ਇਸ ਲਈ ਇਹ ਅਚੰਭੇ ਵਾਲੀ ਗੱਲ ਨਹੀਂ ਹੋਵੇਗੀ ਕਿ ਬਰਨਾਲਾ ਸਰਕਾਰ ਤੋੜ ਦਿਤੀ ਜਾਵੇ ਅਤੇ ਮੁੜ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਜਾਵੇ। ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਅਮਰਿੰਦਰ-ਬਾਦਲ ਦਾ ਜਾਗੀਰਦਾਰ ਧੜਾ ਕਾਂਗਰਸ ਨਾਲ ਕੋਲੀਸ਼ਨ ਸਰਕਾਰ ਹੀ ਬਣਾ ਲਵੇ।

ਇਹ ਪੰਜਾਬ ਦੇ ਲੋਕਾਂ ਦੀ ਬਦਕਿਸਮਤੀ ਹੈ ਕਿ ਇਹੋ ਜਿਹੀ ਗ਼ਲਤ ਲੀਡਰਸ਼ਿਪ ਉਨ੍ਹਾਂ ਦੇ ਪੱਲੇ ਪਈ ਹੈ। ਆਮ ਲੋਕ ਮਾਰੇ ਜਾ ਰਹੇ ਹਨ, ਲੁੱਟੇ ਜਾ ਰਹੇ ਹਨ ਅਤੇ ਲੀਡਰ ਲੋਕ ਆਪਣੀਆਂ ਜ਼ਾਤੀ ਜ਼ਿਦਾਂ ਪੁਗਾਉਣ ਉਤੇ ਲੱਗੇ ਹੋਏ ਹਨ ਅਕਾਲੀ ਦਲ ਦਾ ਦੋਫਾੜ ਹੋਣਾ ਅਚੰਭੇ ਵਾਲੀ ਗੱਲ ਨਹੀਂ — ਅੱਗੇ ਬਥੇਰੀ ਵਾਰ ਏਹੋ ਕੁਝ ਹੁੰਦਾ ਆਇਆ ਹੈ। ਪੰਜਾਬ ਦੇ ਕਾਂਗਰਸੀ ਤਾਂ ਉਂਝ ਹੀ ਖੁਦਗਰਜ਼ਾਂ ਦਾ ਟੋਲਾ ਹਨ ਜਿਨ੍ਹਾਂ ਕਦੇ ਪੰਜਾਬ ਦੀ ਭਲਾਈ ਬਾਰੇ ਸੋਚਣ ਦੀ ਹਿੰਮਤ ਨਹੀਂ ਕੀਤੀ। ਉਹ ਤਾਂ ਕੇਂਦਰੀ ਹਾਕਮਾਂ ਦੇ ਹੱਥਾਂ ਦੇ ਖਿਡੌਣੇ ਹਨ।

ਇਸ ਸਾਰੀ ਸਥਿਤੀ ਨੂੰ ਦੇਖਦਿਆਂ ਪੰਜਾਬ ਦੇ ਮਸਲੇ ਦਾ ਕੋਈ ਸੰਭਾਵਤ ਹੱਲ ਅਜੇ ਨਜ਼ਰੀਂ ਨਹੀਂ ਪੈ ਰਿਹਾ। ਕੋਈ ਆਸ ਦੀ ਕਿਰਨ ਅਜੇ ਦਿਖਾਈ ਨਹੀਂ ਦਿੰਦੀ — ਪਤਾ ਨਹੀਂ ਪੰਜਾਬ ਦੇ ਲੋਕਾਂ ਨੇ ਇਹ ਤ੍ਰਾਸਦੀ ਅਜੇ ਕਦੋਂ ਤੱਕ ਹੰਢਾਉਣੀ ਹੈ!

ਉਦਾਸ ਹੋ ਕੇ ਵੀ ਤੈਨੂੰ ਭੁਲਾ ਨਹੀਂ ਸਕਦੇ।
ਨਿਰਾਸ਼ ਹੋ ਕੇ ਵੀ ਆਸ਼ਾ ਗੁਆ ਨਹੀਂ ਸਕਦੇ।

ਤਹਾਡੇ ਗ਼ਮ ਨੂੰ ਲੁਕਾਇਆ ਹੈ ਪੀੜ ਦੇ ਹੇਠਾਂ,
ਅਸੀਂ ਉਹ ਹੰਝੂ ਹਾਂ ਪਲਕਾਂ 'ਤੇ ਆ ਨਹੀਂ ਸਕਦੇ।

ਪੰਜਾਬ 'ਚ ਅਮਨ ਲਈ ਲਾਮਬੰਦ ਹੋਣ ਦੀ ਲੋੜ

ਗੁਮਰਾਹ ਹੋਏ ਨੌਜੁਆਨ ਮਾਰਧਾੜ ਛੱਡ ਕੇ ਮੁਖ ਧਾਰਾ 'ਚ ਸ਼ਾਮਲ ਹੋਣ

— ਕੰਵਲਜੀਤ ਸਿੰਘ



ਪੰਜਾਬ ਦੇ ਗ੍ਰਹਿ ਰਾਜ ਮੰਤਰੀ ਕੈਪਟਨ ਕੰਵਲਜੀਤ ਸਿੰਘ ਦਾ — ਵਿਸ਼ੇਸ਼ ਇੰਟਰਵਿਊ

ਜਲੰਧਰ — ਦਹਿਸ਼ਤਵਾਦੀ ਜੋ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਖਤਰਾ ਬਣੇ ਹੋਏ ਹਨ ਅਤੇ ਜਿਨ੍ਹਾਂ ਕਰਕੇ ਪੰਜਾਬ ਨੂੰ ਸਖਤ ਸੰਕਟ ਵਿਚੋਂ ਲੰਘਣਾ ਪੈ ਰਿਹਾ ਹੈ ਉਨ੍ਹਾਂ ਨਾਲ ਨਿਪਟਣ ਲਈ ਪੰਜਾਬ ਸਰਕਾਰ ਇਸ ਵੇਲੇ ਉਨ੍ਹਾਂ ਵਿਰੁਧ ਦੋ ਫਰੰਟਾਂ ਤੇ ਲੜਾਈ ਲੜ ਰਹੀ ਹੈ। ਇਕ ਹੈ ਰਾਜਸੀ ਤੇ ਦੂਜਾ ਅਮਨ ਕਾਨੂੰਨ ਦਾ। ਇਹ ਗੱਲ ਪੰਜਾਬ ਦੇ ਗ੍ਰਹਿ ਰਾਜ ਮੰਤਰੀ ਕੈਪਟਨ ਕੰਵਲਜੀਤ ਸਿੰਘ ਨੇ ਇਕ ਵਿਸ਼ੇਸ਼ ਮੁਲਾਕਾਤ ਦੌਰਾਨ ਦਸੀ।

ਸਾਂਝੀਆਂ ਕਾਨਫਰੰਸਾਂ

ਉਨ੍ਹਾਂ ਕਿਹਾ ਕਿਉਂਕਿ ਇਨ੍ਹਾਂ ਦਹਿਸ਼ਤ ਪਸੰਦਾਂ ਦਾ ਮਨੋਰਥ ਰਾਜਸੀ ਹੈ ਇਸ ਕਰਕੇ ਅਸੀਂ ਵੀ ਇਨ੍ਹਾਂ ਦਾ ਮੁਕਾਬਲਾ ਰਾਜਸੀ ਪੱਧਰ ਤੇ ਹੀ ਕਰਨ ਦਾ ਪਰੋਗਰਾਮ ਬਣਾਇਆ ਹੈ। ਇਸ ਮੰਤਵ ਲਈ ਪੰਜਾਬ ਭਰ ਦੀਆਂ ਸਾਰੀਆਂ ਰਾਜਸੀ ਅਤੇ ਸਮਾਜਕ ਤੇ ਧਾਰਮਕ ਜਥੇਬੰਦੀਆਂ ਨੂੰ ਇਕੱਠਿਆਂ ਕਰਕੇ ਉਨ੍ਹਾਂ ਵਿਰੁੱਧ ਜਨਤਕ ਲਹਿਰ ਚਲਾਈ ਜਾਵੇਗੀ। ਇਸ ਸਿਲਸਿਲੇ ਵਿਚ ਪੰਜਾਬ ਭਰ ਵਿਚ ਸਾਂਝੀਆਂ ਕਾਨਫਰੰਸਾਂ ਕੀਤੀਆਂ ਜਾਣਗੀਆਂ। ਪਹਿਲੀ ਕਾਨਫਰੰਸ 6 ਜੁਲਾਈ ਨੂੰ ਬਟਾਲਾ ਵਿਖੇ ਰੱਖੀ ਗਈ ਜਿਸ ਵਿਚ ਪੰਜਾਬ ਦੇ ਮੁਖ ਮੰਤਰੀ ਤੋਂ ਇਲਾਵਾ ਮੰਤਰੀ ਵਿਧਾਇਕ ਅਤੇ ਦੂਜੀਆਂ ਪਾਰਟੀਆਂ ਦੇ ਪ੍ਰਮੁਖ ਆਗੂ ਸ਼ਾਮਲ ਹੋਏ। ਇਸ ਤਰ੍ਹਾਂ ਲੋਕਾਂ ਨੂੰ ਹਿੰਸਾ ਵਿਰੁਧ ਸ਼ਾਂਤਮਈ ਤਰੀਕੇ ਨਾਲ ਲਾਮਬੰਦ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਾਡਾ ਦੂਜਾ ਫਰੰਟ ਅਮਨ ਕਾਇਮ ਰੱਖਣ ਦਾ ਹੈ। ਇਸ ਸਬੰਧੀ ਚਾਨਣਾ ਪਾਉਂਦਿਆਂ ਉਨ੍ਹਾਂ ਕਿਹਾ ਕਿ ਅੱਗੇ ਤੋਂ ਦਹਿਸ਼ਤਪਸੰਦਾਂ ਵਿਰੁਧ ਕਾਰਵਾਈ ਕਰਨ ਲਈ ਪੁਲਸ ਅਤੇ ਸੀ. ਆਰ. ਪੀ. ਸਾਂਝੇ ਤੌਰ ਤੇ ਐਕਸ਼ਨ ਕਰੇਗੀ। ਇਸ ਕਾਰਵਾਈ ਦੀ ਅਗਵਾਈ ਸੰਬੰਧਤ ਇਲਾਕੇ ਦੇ ਥਾਣੇ ਦਾ ਥਾਣੇਦਾਰ ਕਰਿਆ ਕਰੇਗਾ। ਇਸ ਨਾਲ ਇਕ ਕੇਂਦਰੀ ਪੁਲਸ ਵਿਰੁਧ ਪੰਜਾਬ ਦੇ ਲੋਕਾਂ ਨੂੰ ਖਾਸ ਕਰਕੇ ਸਿੱਖਾਂ ਨੂੰ ਜੋ ਸ਼ਿਕਵੇ ਸ਼ਿਕਾਇਤਾਂ ਹਨ ਉਹ ਦੂਰ ਹੋ ਜਾਣਗੇ ਤੇ ਦੂਜਾ ਸਥਿਤੀ ਤੇ ਵੀ ਕਾਬੂ ਪਾਉਣ ਵਿਚ ਹੋਰ ਸਫਲਤਾ ਮਿਲਣ ਦੀ ਸੰਭਾਵਨਾ ਹੈ। ਇਹ ਨਵੀਂ ਸ਼ੁਰੂ ਕੀਤੀ ਸੈਕਟਰ ਸਕੀਮ ਇਸੇ ਯੋਜਨਾ ਦਾ ਹੀ ਹਿੱਸਾ ਹੈ। ਅੰਮ੍ਰਿਤਸਰ ਬੀ. ਐਸ. ਐਫ. ਦੇ ਹਵਾਲੇ ਅਤੇ ਗੁਰਦਾਸਪੁਰ ਸੀ. ਆਰ. ਪੀ. ਦੇ ਹਵਾਲੇ ਕਰ ਦਿਤਾ ਗਿਆ ਹੈ। ਅੰਮ੍ਰਿਤਸਰ ਵਿਚੋਂ ਸੀ. ਆਰ. ਪੀ. ਦੀਆਂ ਪੁਰਾਣੀਆਂ ਕੰਪਨੀਆਂ ਕੱਢਕੇ ਨਵੀਆਂ ਤਾਇਨਾਤ ਕੀਤੀਆਂ ਜਾ ਰਹੀਆਂ ਹਨ। ਇਸ ਵੇਲੇ ਅੰਮ੍ਰਿਤਸਰ ਜ਼ਿਲੇ ਵਿਚ ਨੀਮ ਸੁਰੱਖਿਆ ਬਲ ਦੀਆਂ 33 ਕੰਪਨੀਆਂ ਮੌਜੂਦ ਹਨ।

ਮੁਕਾਬਲਿਆਂ ਦੀ ਜਾਂਚ

ਇਕ ਪ੍ਰਸ਼ਨ ਦੇ ਉਤਰ ਵਿਚ ਉਨ੍ਹਾਂ ਦਸਿਆ ਹੈ ਕਿ ਕੁਝ ਥਾਵਾਂ ਤੇ ਸੀ ਆਰ ਪੀ ਦੇ ਮੁਕਾਬਲਿਆਂ ਬਾਰੇ ਜੋ ਸ਼ਿਕਾਇਤਾਂ ਆਈਆਂ ਸਨ ਉਨ੍ਹਾਂ ਦੀ ਜਾਂਚ ਦੇ ਆਦੇਸ਼ ਦੇ ਦਿਤੇ ਗਏ ਹਨ। ਸ਼ਾਹਕੋਟ ਜਲੰਧਰ ਦੇ ਰੂਪੇਵਾਲ ਪਿੰਡ ਵਿਚ ਸੀ ਆਰ ਪੀ ਹੱਥੋਂ ਪਿਉ ਪੁੱਤਰ ਨੂੰ ਮਾਰੇ ਜਾਣ ਦੀ ਘਟਨਾ ਦੀ ਜਾਂਚ ਕਰਾਈ ਜਾ ਰਹੀ ਹੈ ਤੇ ਇਸ ਸਿਲਸਿਲੇ ਵਿਚ ਸੀ ਆਰ ਪੀ ਦੇ ਛੇ ਮੁਲਾਜ਼ਮ ਮੁਅਤਲ ਕਰ ਦਿਤੇ ਗਏ ਹਨ ਅੰਮ੍ਰਿਤਸਰ ਵਿਚ ਹਰਮਿੰਦਰ ਸਿੰਘ ਸ਼ਮੀ ਤੇ ਤਰਨਤਾਰਨ ਨੇੜੇ ਜੌੜਾ ਪਿੰਡ ਦੇ ਰਾਗੀ ਹਰਭਜਨ ਸਿੰਘ ਦੀ ਮੌਤ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਯਕੀਨ ਦਿਵਾਇਆ ਕਿ ਕਿਸੇ ਨਾਲ ਸਰਕਾਰ ਬੇਇਨਸਾਫੀ ਨਹੀਂ ਹੋਣ ਦੇਵੇਗੀ ਤੇ ਪੁਲਸ ਨੂੰ ਵੀ ਪੱਖਪਾਤ ਕਰਨ ਦੀ ਇਜਾਜ਼ਤ ਨਹੀਂ ਦਿਤੀ ਜਾਵੇਗੀ। ਪੰਜਾਬ ਦੇ ਲੋਕਾਂ ਵਿਚ ਵਿਸ਼ਵਾਸ਼ ਬਹਾਲ ਕਰਨ ਲਈ ਸਰਕਾਰ ਹਰ ਸੰਭਵ ਯਤਨ ਕਰੇਗੀ।

ਇਨਸਾਫ ਨਾ ਮਿਲਿਆ

ਜਦੋਂ ਉਨ੍ਹਾਂ ਕੋਲੋਂ ਪੁੱਛਿਆ ਗਿਆ ਕਿ ਪੰਜਾਬ ਵਿਚ ਅਤਿਵਾਦ ਜਾਂ ਦਹਿਸ਼ਤਵਾਦ ਕਿਵੇਂ ਪੈਦਾ ਹੋਇਆ ਤਾਂ ਉਨ੍ਹਾਂ ਕਿਹਾ ਕਿ ਧਰਮ ਯੁੱਧ ਮੋਰਚੇ ਦੌਰਾਨ ਜਦੋਂ ਨੌਜਵਾਨਾਂ ਨੂੰ ਇਹ ਵਿਸ਼ਵਾਸ਼ ਹੋ ਗਿਆ ਕਿ ਕੇਂਦਰ ਉਨ੍ਹਾਂ ਨੂੰ ਇਨਸਾਫ ਨਹੀਂ ਦੇ ਸਕਦਾ ਤਾਂ ਨੌਜਵਾਨਾਂ ਨੇ ਹਿੰਸਾ ਦਾ ਰਾਹ ਫੜ ਲਿਆ ਤੇ ਕੁਝ ਨੌਜਵਾਨ ਗੁਮਰਾਹ ਹੋ ਕੇ 'ਦਹਿਸ਼ਤਵਾਦੀ' ਬਣ ਗਏ।

ਸਿੱਖ ਅਤਿਵਾਦੀ ਨਹੀਂ

ਜਦੋਂ ਉਨ੍ਹਾਂ ਕੋਲੋਂ ਪੁੱਛਿਆ ਗਿਆ ਕਿ ਕੀ ਸਰਕਾਰ ਦੀ ਨਜ਼ਰ ਵਿਚ ਸਾਰੇ ਸਿੱਖ ਅਤਿਵਾਦੀ ਹਨ ਤਾਂ ਉਨ੍ਹਾਂ ਕਿਹਾ ਨਹੀਂ, ਅਤਿਵਾਦੀ ਉਹੋ ਹੀ ਹੈ ਜੋ ਕਾਨੂੰਨ ਦੀ ਉਲੰਘਣਾ ਕਰਦਾ ਹੈ। ਇਕ ਹੋਰ ਪ੍ਰਸ਼ਨ ਦੇ ਉਤਰ ਵਿਚ ਉਨ੍ਹਾਂ ਕਿਹਾ ਕਿ ਸਰਕਾਰ ਪਾਸ ਇਸ ਗੱਲ ਦੇ ਪੱਕੇ ਸਬੂਤ ਹਨ ਕਿ ਕੁਝ ਗੁਮਰਾਹ ਹੋਏ ਨੌਜਵਾਨ ਪਾਕਿਸਤਾਨ ਵਿਚ ਮੌਜੂਦ ਹਨ ਤੇ ਉਥੋਂ ਉਹ ਹਥਿਆਰ ਤੇ ਭੰਨ ਤੋੜ ਦੀਆਂ ਕਾਰਵਾਈਆਂ ਕਰਨ ਦੀ ਟਰੇਨਿੰਗ ਲੈ ਕੇ ਪੰਜਾਬ ਵਿਚ ਦਾਖਲ ਹੋ ਰਹੇ ਹਨ। ਪਾਕਿਸਤਾਨ ਵਿਚ ਇਨ੍ਹਾਂ ਦੀ ਸਿਖਲਾਈ ਦਾ ਇਕ ਟਰੇਨਿੰਗ ਕੈਂਪ ਫੈਸਲਾਬਾਦ ਵਿਚ ਚਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦਾ ਨਿਸ਼ਾਨਾ ਪੰਜਾਬ ਤੇ ਦੇਸ਼ ਵਿਚ ਭੰਨਤੋੜ ਕਰਨਾ ਤੇ ਅਫਰਾਤਫੜੀ ਫਲਾਉਣਾ ਹੈ।

ਨੌਜਵਾਨਾਂ ਨੂੰ ਅਪੀਲ

ਕੈਪਟਨ ਕੰਵਲਜੀਤ ਸਿੰਘ ਨੇ ਇਨ੍ਹਾਂ ਗੁਮਰਾਹ ਹੋਏ ਨੌਜਵਾਨਾਂ ਨੂੰ ਖੁਲ੍ਹੀ ਅਪੀਲ ਕੀਤੀ ਹੈ ਕਿ ਉਹ ਕੌਮੀ ਮੁਖ ਧਾਰਾ ਵਿਚ ਸ਼ਾਮਲ ਹੋਣ ਤੇ ਹਿੰਸਾ ਦਾ ਰਾਹ ਤਿਆਗ ਦੇਣ। ਉਨ੍ਹਾਂ ਯਕੀਨ ਦਿਵਾਇਆ ਕਿ ਜੇ ਇਹ ਭਟਕੇ ਹੋਏ ਨੌਜਵਾਨ ਆਤਮ ਸਮਰਪਨ ਕਰ ਦੇਣ ਤਾਂ ਉਨ੍ਹਾਂ ਵਿਰੁਧ ਚਲ ਰਹੇ ਛੋਟੇ ਕੇਸਾਂ ਤੇ ਹਮਦਰਦੀ ਨਾਲ ਵਿਚਾਰ ਕੀਤੀ ਜਾਏਗੀ। ਇਸ ਤਰ੍ਹਾਂ ਕਰਨ ਨਾਲ ਪੰਜਾਬ ਤੇ ਪੰਜਾਬੀਆਂ ਨੂੰ ਪਹਿਲੇ ਵਾਲਾ ਹੀ ਅਸਥਾਨ ਪ੍ਰਾਪਤ ਹੋ ਜਾਏਗਾ ਤੇ ਆਪਸੀ ਵਿਸ਼ਵਾਸ਼ ਬਹਾਲ ਹੋਣ ਨਾਲ ਫਿਰ ਅਸੀਂ ਤਰੱਕੀ ਦੀਆਂ ਰਾਹਾਂ ਛੋਹ ਲਵਾਂਗੇ। ਇਕ ਹੋਰ ਪ੍ਰਸ਼ਨ ਦੇ ਉਤਰ ਵਿਚ ਉਨ੍ਹਾਂ ਕਿਹਾ ਕਿ ਸਰਕਾਰ ਜੋਧਪੁਰ ਦੀ ਜੇਲ੍ਹ ਵਿਚ ਕੈਦ ਨੌਜਵਾਨਾਂ ਨੂੰ ਰਿਹਾਅ ਕਰਾਉਣ ਲਈ ਕੇਂਦਰੀ ਸਰਕਾਰ ਤੇ ਲਗਾਤਾਰ ਦਬਾਅ ਪਾ ਰਹੀ ਹੈ ਪਰ ਦੁਖ ਦੀ ਗੱਲ ਹੈ ਕਿ ਜਦੋਂ ਵੀ ਕੋਈ ਗਲ ਸਿਰੇ ਚੜ੍ਹਨ ਲਗਦੀ ਹੈ ਤਾਂ ਪੰਜਾਬ ਵਿਚ ਕੋਈ ਨਾ ਕੋਈ ਵੱਡੀ ਹਿੰਸਕ ਵਾਰਦਾਤ ਹੋ ਜਾਂਦੀ ਹੈ ਜੋ ਉਹਨਾਂ ਦੀ ਰਿਹਾਈ ਵਿਚ ਰੋੜਾ ਬਣ ਜਾਂਦੀ ਹੈ। ਉਹਨਾਂ ਸਪਸ਼ਟ ਕੀਤਾ ਕਿ ਪੰਥ ਵਿਚ ਚਲ ਰਹੀ ਆਪਸੀ ਫੁਟ ਵੀ ਇਹਨਾਂ ਦੀਆਂ ਰਿਹਾਈਆਂ ਤੇ ਫੌਜੀਆਂ ਦੀ ਬਹਾਲੀ ਵਿਚ ਰੁਕਾਵਟ ਹੈ।

ਬੰਦ ਤੇ ਹੜਤਾਲ

ਪੰਜਾਬ ਵਿਚ ਬੰਦ ਤੇ ਹੜਤਾਲ ਬਾਰੇ ਟਿੱਪਣੀ ਕਰਦਿਆਂ ਉਹਨਾਂ ਕਿਹਾ ਕਿ ਹਾਲਾਤ ਨੂੰ ਸੁਧਾਰਨ ਵਿਚ ਇਹ ਹਾਲਾਂ ਵੀ ਬਹੁਤ ਵੱਡੀ ਰੁਕਾਵਟ ਹਨ ਸਰਕਾਰ ਇਹ ਕੋਸ਼ਿਸ਼ ਕਰ ਰਹੀ ਹੈ ਕਿ ਕੁਝ ਸਮੇਂ ਲਈ ਹੜਤਾਲਾਂ ਤੇ ਬੰਦਾਂ ਤੇ ਪਾਬੰਦੀ ਲਾ ਦਿਤੀ ਜਾਏ। ਇਹ ਪਾਬੰਦੀ ਕਾਨੂੰਨੀ ਨਹੀਂ ਬਲਕਿ ਆਪਸੀ ਸਹਿਮਤੀ ਨਾਲ ਹੀ ਲਾਈ ਜਾਏਗੀ ਤੇ ਇਸ ਮੰਤਵ ਲਈ ਸਾਰੀਆਂ ਰਾਜਸੀ ਪਾਰਟੀਆਂ ਨੂੰ ਵਿਸ਼ਵਾਸ਼ ਵਿਚ ਲੈ ਕੇ ਉਹਨਾਂ ਦਾ ਸਹਿਯੋਗ ਲਿਆ ਜਾਏਗਾ।

ਕੇਂਦਰ ਗੰਭੀਰ ਨਹੀਂ

ਉਹਨਾਂ ਇਹ ਸਵੀਕਾਰ ਕੀਤਾ ਕਿ ਕੇਂਦਰ ਪੰਜਾਬ ਮਸਲੇ ਬਾਰੇ ਗੰਭੀਰ ਨਹੀਂ ਹੈ ਅਤੇ ਚੰਡੀਗੜ੍ਹ ਨਾ ਦੇ ਕੇ ਉਸਨੇ ਪੰਜਾਬੀਆਂ ਦੇ ਦਿਲਾਂ ਵਿਚ ਨਵੇਂ ਸ਼ੰਕੇ ਪੈਦਾ ਕਰ ਦਿਤੇ ਹਨ। ਪਰ ਸਾਨੂੰ ਅਜੇ ਵੀ ਪੂਰਨ ਆਸ ਹੈ ਕਿ ਜੇ ਪ੍ਰਧਾਨ ਮੰਤਰੀ ਸਿਦਕ ਦਿਲੀ ਨਾਲ ਲੌਂਗੋਵਾਲ ਨਾਲ ਹੋਏ ਪੰਜਾਬ ਸਮਝੌਤੇ ਨੂੰ ਲਾਗੂ ਕਰ ਦੇਣ ਤਾਂ ਅਜ ਵੀ ਹਾਲਤ ਸੁਧਰ ਸਕਦੇ ਹਨ। ਉਹਨਾਂ ਕਿਹਾ ਕਿ ਸੰਤ ਜੀ ਦੀ ਸ਼ਹੀਦੀ ਕਾਰਨ ਸ੍ਰੀ ਰਾਜੀਵ ਗਾਂਧੀ ਤੇ ਸਮਝੌਤੇ ਨੂੰ ਲਾਗੂ ਕਰਨ ਦੀ ਦੂਹਰੀ ਜ਼ਿੰਮੇਂਵਾਰੀ ਆ ਗਈ ਹੈ।

ਚੰਡੀਗੜ੍ਹ ਲਵਾਂਗੇ

ਇਕ ਪ੍ਰਸ਼ਨ ਦੇ ਉਤਰ ਵਿਚ ਉਹਨਾਂ ਕਿਹਾ ਕਿ ਚੰਡੀਗੜ੍ਹ ਨੂੰ ਲੈਣ ਲਈ ਸਾਡੀ ਸਰਕਾਰ ਜਦੋ ਜਹਿਦ ਜਾਰੀ ਰਖੇਗੀ ਕਿਉਂਕਿ ਚੰਡੀਗੜ੍ਹ ਨਾਲ ਪੰਜਾਬੀਆਂ ਦੇ ਜਜ਼ਬਾਤ ਜੁੜੇ ਹੋਏ ਹਨ ਤੇ ਪਿਛਲੇ ਵੀਹ ਸਾਲਾਂ ਤੋਂ ਵੱਧ ਸਮੇਂ ਤੋਂ ਇਹ ਇਸ ਲਈ ਜਦੋਜਹਿਦ ਕਰ ਰਹੇ ਹਨ ਜਿਸ ਕਾਰਨ ਕਈ ਕੀਮਤੀ ਜਾਨਾਂ ਵੀ ਕੁਰਬਾਨ ਹੋ ਚੁਕੀਆਂ ਹਨ। ਸੋ ਇਸ ਹਾਲਤ ਵਿਚ ਚੰਡੀਗੜ੍ਹ ਦੀ ਮੰਗ ਨੂੰ ਛੱਡ ਦੇਣਾ ਜਾਇਜ਼ ਨਹੀਂ ਬਣਦਾ। ਉਹਨਾਂ ਕਿਹਾ ਕਿ ਚੰਡੀਗੜ੍ਹ ਬਦਲੇ ਸਿਰਫ ਵੈਂਕਟਰਮਈਆ ਕਮਿਸ਼ਨ ਦੀ ਰਿਪੋਰਟ ਅਨੁਸਾਰ ਹਿੰਦੀ ਬੋਲਦੇ ਇਲਾਕੇ ਹੀ ਦਿਤੇ ਜਾਣਗੇ।

(ਬਾਕੀ ਪੰਨਾ 5 'ਤੇ)

ਮਜੀਠਾ 'ਚ ਪੁਲਸ ਨਾਲ ਮੁਕਾਬਲੇ 'ਚ ਇਕ ਹਲਾਕ

ਤਿੰਨ ਸ਼ੱਕੀ ਲੋਕਾਂ ਵੱਲੋਂ ਆਤਮ ਸਮਰਪਨ

ਚੰਡੀਗੜ੍ਹ — ਮਜੀਠਾ ਵਿਖੇ ਬੱਸ 'ਚ ਤਲਾਸ਼ੀ ਦੌਰਾਨ ਇਕ ਸ਼ੱਕੀ ਵਿਅਕਤੀ ਦੌੜਨ ਲੱਗਾ ਤਾਂ ਸੀ ਆਰ ਪੀ ਐਫ ਦੀ ਟੁਕੜੀ ਨਾਲ ਝੜਪ 'ਚ ਮਾਰਿਆ ਗਿਆ। ਡੇਰਾ ਬਾਬਾ ਨਾਨਕ ਸੈਕਟਰ 'ਚ ਪਾਕਿਸਤਾਨ ਤੋਂ ਸਿਖਲਾਈ ਲੈ ਕੇ ਆ ਰਹੇ ਤਿੰਨ ਦਹਿਸ਼ਤਪਸੰਦਾਂ ਨੇ ਬੀ ਐਸ ਐਫ ਅੱਗੇ ਹਥਿਆਰ ਸੁਟ ਦਿਤੇ ਇਸ ਦੌਰਾਨ ਨਕੋਦਰ ਗੋਲੀ ਕਾਂਡ ਦੇ ਇਕ ਹੋਰ ਜ਼ਖਮੀ ਦੀ ਮੌਤ ਹੋ ਗਈ ਜਦੋਂ ਕਿ ਨਕੋਦਰ 'ਚ ਬਿਨਾਂ ਢਿਲ ਦੇ ਕਰਫਿਊ ਜਾਰੀ ਹੈ।

ਇਕ ਹਲਾਕ

ਅੰਮ੍ਰਿਤਸਰ ਦੇ ਕਸਬਾ ਮਜੀਠਾ ਦੇ ਪੁਲ ਤੇ ਸੀ ਆਰ ਪੀ ਦੀ ਇਕ ਟੁਕੜੀ ਨੇ ਇਕ ਮੁਸਾਫਿਰ ਬੱਸ ਦੀ ਤਲਾਸ਼ੀ ਦੇ ਦੌਰਾਨ ਕਥਿਤ ਅਤਿਵਾਦੀ ਜੋ ਕਿ ਬੱਸ ਵਿਚੋਂ ਉਤਰ ਕੇ ਫਾਇਰਿੰਗ ਕਰਦਾ ਹੋਇਆ ਦੌੜਨ ਦਾ ਯਤਨ ਕਰ ਰਿਹਾ ਸੀ, ਨੂੰ ਗੋਲੀ ਮਾਰ ਕੇ ਹਲਾਕ ਕਰ ਦਿਤਾ। ਪ੍ਰਾਪਤ ਖਬਰਾਂ ਅਨੁਸਾਰ ਜਦ ਸੀ ਆਰ ਪੀ ਨੇ ਬੱਸ ਦੀ ਤਲਾਸ਼ੀ ਲੈਣ ਸ਼ੁਰੂ ਕੀਤੀ ਤਾਂ ਮ੍ਰਿਤਕ ਜਿਸ ਦਾ ਨਾਂ ਜੁਗਿੰਦਰ ਸਿੰਘ ਹੈ ਨੇ ਬੱਸ ਵਿਚੋਂ ਉਤਰ ਕੇ ਸੀ ਆਰ ਪੀ ਐਫ ਤੇ ਗੋਲੀ ਚਲਾ ਦਿਤਾ ਜਿਸ ਦੇ ਜੁਆਬ ਵਿਚ ਸੀ ਆਰ ਪੀ ਐਫ ਨੇ ਵੀ ਗੋਲੀ ਚਲਾਈ ਜਿਸ ਦੇ ਸਿਟੇ ਵਜੋਂ ਉਸਦੀ ਮੌਤ ਹੋ ਗਈ। ਜਦ ਮ੍ਰਿਤਕ ਅਤਿਵਾਦੀ ਨੇ ਸੀ ਆਰ ਪੀ ਤੇ ਗੋਲੀ ਚਲਾਈ ਤਾਂ ਬੱਸ ਵਿਚ ਸਵਾਰ ਯਾਤਰੀਆਂ ਨੇ ਚੀਕਾਂ ਮਾਰੀਆਂ ਅਤੇ ਆਪਣੇ ਬਚਾਓ ਲਈ ਬੱਸ ਅੰਦਰ ਹੀ ਸੀਟਾਂ ਹੇਠ ਵੜ ਕੇ ਆਪਣੀ ਜਾਨ ਬਚਾਈ।

ਇਕ ਹੋਰ ਜ਼ਖਮੀ ਦੀ ਮੌਤ

ਬੀਤੇ ਦਿਨੀਂ ਨਕੋਦਰ ਸਬਜ਼ੀ ਮੰਡੀ ਵਿਚ ਅਣਪਛਾਤੇ ਵਿਅਕਤੀਆਂ ਵਲੋਂ ਚਲਾਈ ਗਈ ਗੋਲੀ ਨਾਲ ਜਿਹੜੇ 14 ਵਿਅਕਤੀ ਜ਼ਖਮੀ ਹੋ ਗਏ ਸਨ, ਉਨ੍ਹਾਂ ਵਿਚੋਂ ਮਰਨ ਵਾਲਿਆਂ ਦੀ ਗਿਣਤੀ ਦੋ ਹੋ ਗਈ ਹੈ। ਸਥਾਨਕ ਸ਼ਿਵ ਸੈਨਾ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਸਹਾਇਤਾ ਵਜੋਂ ਪੰਜਾਹ-ਪੰਜਾਹ ਹਜ਼ਾਰ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕਰੇ। ਦੂਜੇ ਪਾਸੇ ਇਥੇ ਕਰਫਿਊ ਦੀ ਸਥਿਤੀ ਦਾ ਜਾਇਜ਼ਾ ਲੈਣ ਤੇ ਉਸ ਨੂੰ ਖਤਮ ਕਰਨ ਸਬੰਧੀ ਬਣਾਈ ਗਈ ਸ਼ਹਿਰੀਆਂ ਦੀ ਐਕਸ਼ਨ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ਇਹ ਫੈਸਲਾ ਕੀਤਾ ਗਿਆ ਕਿ ਜਦੋਂ ਤਕ ਸਥਾਨਕ ਐਸ. ਡੀ. ਐਮ. ਨੂੰ ਤਬਦੀਲ ਨਹੀਂ ਕੀਤਾ ਜਾਂਦਾ ਤਦ ਤਕ ਹੜਤਾਲ ਜਾਰੀ ਰਹੇਗੀ ਅਤੇ ਕੋਈ ਵੀ ਦੁਕਾਨ ਕਰਫਿਊ ਵਿਚ ਢਿੱਲ ਦੌਰਾਨ ਨਹੀਂ ਖੁੱਲੇਗੀ। ਮੀਟਿੰਗ ਵਿਚ ਪੰਜਾਬ ਪ੍ਰਦੇਸ਼ ਕਾਂਗਰਸ ਦੇ ਮੀਤ ਪ੍ਰਧਾਨ ਸ: ਉਮਰਾਓ ਸਿੰਘ, ਕੈਪਟਨ ਐਸ ਕੇ ਦੱਤਾ ਅਤੇ ਜਗਦੇਵ ਸਿੰਘ ਸੈਣੀਵਾਲ ਵੀ ਸ਼ਾਮਲ ਹੋਏ। ਸਥਾਨਕ ਐਸ ਡੀ ਐਮ ਨੇ ਕਰਫਿਊ ਦੀ ਮਿਆਦ ਵਧਾ ਦਿਤੀ। ਨਕੋਦਰ ਵਿਚ ਲਗਾਤਾਰ ਤਨਾਓ ਬਣਿਆ ਹੋਇਆ ਹੈ। ਸ਼ਿਵ ਸੈਨਾ ਨੇ ਪੰਜਾਬ ਬੰਦ ਦੇ ਸੱਦੇ ਤੋਂ ਬਾਅਦ ਨਕੋਦਰ ਦੇ ਕਸਬੇ ਮਹਿਤਪੁਰ ਤੇ ਸ਼ਾਹਕੋਟ ਵਿਚ ਵੀ ਮੁਕੰਮਲ ਤੌਰ ਤੇ ਹੜਤਾਲ ਰਹੀ।

ਹਰਿਆਣਾ ਤੋਂ ਰਾਜ ਸਭਾ ਲਈ 29 ਜੁਲਾਈ ਨੂੰ ਚੋਣ

ਨਵੀਂ ਦਿੱਲੀ — ਚੋਣ ਕਮਿਸ਼ਨ ਨੇ ਹਰਿਆਣਾ ਤੋਂ ਰਾਜ ਸਭਾ ਸੀਟਾਂ ਦੀਆਂ ਦੋ ਸੀਟਾਂ ਤੋਂ 29 ਜੁਲਾਈ ਨੂੰ ਚੋਣ ਕਰਾਏ ਜਾਣ ਦਾ ਐਲਾਨ ਕੀਤਾ ਹੈ। ਇਸ ਸਬੰਧੀ ਰਾਸ਼ਟਰਪਤੀ ਵੱਲੋਂ 9 ਜੁਲਾਈ ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ। ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਅੰਤਮ ਤਰੀਕ 16 ਜੁਲਾਈ, ਪੱਤਰਾਂ ਦੀ ਜਾਂਚ ਪੜਤਾਲ 17 ਜੁਲਾਈ ਅਤੇ 19 ਜੁਲਾਈ ਤੀਕ ਕਾਗਜ਼ ਵਾਪਸ ਲਏ ਜਾ ਸਕਣਗੇ। ਇਹ ਸੀਟਾਂ ਸੁਸ਼ੀਲ ਮੋਹੰਤਾ (ਲੋਕ ਦਲ) ਅਤੇ ਸੁਲਤਾਨ ਸਿੰਘ(ਇੰਕਾ) ਦੇ ਰਿਟਾਇਰ ਹੋਣ ਤੇ ਖਾਲੀ ਹੋਈਆਂ ਹਨ।

ਦਿੱਲੀ ਵਿਚ ਪਾਕੀ ਡਿਪਲੋਮੈਟ ਨੂੰ ਕੁਟਾਪੇ ਦਾ ਮਾਮਲਾ ਪਾਕੀ ਅਸੈਂਬਲੀ 'ਚ

ਇਸਲਾਮਾਬਾਦ — ਪਾਕਿਸਤਾਨ ਦੇ ਬਦੇਸ਼ ਰਾਜ ਮੰਤਰੀ ਜ਼ੈਨੀ ਨੂਰਾਨੀ ਨੇ ਕਿਹਾ ਹੈ ਕਿ ਭਾਰਤ ਸਰਕਾਰ ਨੇ ਪਾਕਿਸਤਾਨ ਦੇ ਡਿਪਲੋਮੈਟ ਤਨਵੀਰ ਅਹਿਮਦ ਤੇ ਹਮਲਾ ਕਰਨ ਵਾਲੇ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਪੂਰੇ ਯਤਨਾਂ ਦਾ ਯਕੀਨ ਦੁਆਇਆ ਹੈ। ਸ੍ਰੀ ਨੂਰਾਨੀ ਨੇ ਬਦੇਸ਼ੀ ਰੇਡੀਓ ਦੀ ਇਸ ਟਿੱਪਣੀ ਦਾ ਖੰਡਨ ਕੀਤਾ ਕਿ ਪਾਕਿਸਤਾਨ ਡਿਪਲੋਮੈਟ ਤੇ ਕੀਤਾ ਗਿਆ ਹਮਲਾ ਪਿਛਲੇ ਦਿਨੀਂ ਲਾਹੌਰ ਵਿਚ ਇਕ ਭਾਰਤੀ ਡਿਪਲੋਮੈਟ ਤੇ ਹੋਏ ਹਮਲੇ ਦੇ ਬਦਲੇ ਵਜੋਂ ਸੀ ਉਹਨਾਂ ਨੇ ਸਪੱਸ਼ਟ ਕੀਤਾ ਕਿ ਇਹਨਾਂ ਦੋਵਾਂ ਘਟਨਾਵਾਂ ਵਿਚ ਕੋਈ ਤੁਲਨਾ ਨਹੀਂ ਕੀਤੀ ਜਾ ਸਕਦੀ। ਪਾਕਿਸਤਾਨ ਵਿਚ ਜੋ ਕੁਝ ਹੋਇਆ ਅਫਸੋਸਨਾਕ ਸੀ, ਇਸ ਵਿਚ ਕੋਈ ਪਾਕਿਸਤਾਨੀ ਸ਼ਾਮਲ ਨਹੀਂ ਸੀ। ਜਦੋਂ ਕਿ ਦਿੱਲੀ ਵਿਚ ਭਾਰਤੀ ਨਾਗਰਿਕ ਨੇ ਤਨਵੀਰ ਨੂੰ ਮਾਰ ਕੁਟਾਈ ਕੀਤੀ। ਇਸ ਸਬੰਧੀ ਕੰਮ ਰੋਕੂ ਮਤੇ ਤੇ ਇਸ ਹਫਤੇ ਵਿਚਾਰ ਹੋਵੇਗੀ। ਇਹ ਮਤਾ ਸੱਤਾਧਾਰੀ ਅਤੇ ਆਪੋਜ਼ੀਸ਼ਨ ਮੈਂਬਰਾਂ ਨੇ ਪੇਸ਼ ਕੀਤਾ ਸੀ।

ਦੇਸ਼ ਦੀ ਅਖੰਡਤਾ ਲਈ ਚੰਡੀਗੜ੍ਹ ਦਾ ਡੈਡਲਾਕ ਖਤਮ ਕੀਤਾ ਜਾਏ — ਉਪੇਂਦਰਾ

ਨਿਊਯਾਰਕ — ਤੇਲਗੂ ਦੇਸਮ ਸੰਸਦੀ ਪਾਰਟੀ ਦੇ ਨੇਤਾ ਸ੍ਰੀ ਪੀ ਉਪੇਂਦਰਾ ਨੇ ਸਰਕਾਰ ਨੂੰ ਕਿਹਾ ਹੈ ਕਿ ਉਹ ਸ੍ਰੀਲੰਕਾ ਸਰਕਾਰ ਤੇ ਜ਼ੋਰ ਪਾ ਕੇ ਟਾਪੂ ਦੀ ਤਾਮਿਲ ਵਸੋਂ ਦੀਆਂ ਮੰਗਾਂ ਨੂੰ ਪੂਰੀਆਂ ਕਰਾਏ। ਭਾਰਤ ਸਰਕਾਰ ਇਸੇ ਗੱਲ ਨੂੰ ਯਕੀਨੀ ਬਣਾਏ ਕਿ ਜੈਵਰਧਨੇ ਸਰਕਾਰ ਦਿਤੇ ਗਏ ਭਰੋਸਿਆਂ ਤੇ ਵਚਨਾਂ ਤੋਂ ਨਾ ਮੁਕਰੇ। ਸ੍ਰੀ ਉਪੇਂਦਰਾਂ ਨੇ ਤਾਮਿਲ ਆਗੂਆਂ ਨੂੰ ਦੱਸਿਆ ਕਿ ਤੇਲਗੂ ਦੇਸਮ ਤੇ ਉਹਦੇ ਆਗੂ ਸ੍ਰੀ ਐਨ ਟੀ ਰਾਮਾਰਾਓ ਸ੍ਰੀਲੰਕਾ ਵਿਚਲੇ ਤਾਮਿਲਾਂ ਦੇ ਕਾਜ ਦੀ ਲਗਾਤਾਰ ਹਮਾਇਤ ਕਰ ਰਹੇ ਹਨ ਪ੍ਰੰਤੂ ਉਹ ਕੁਝ ਈਲਮ ਤਾਮਿਲ ਲੀਡਰਾਂ ਦੇ ਇਸ ਵਿਚਾਰ ਨਾਲ ਸਹਿਮਤ ਨਹੀਂ ਕਿ ਉਹ ਤਾਮਿਲਾਂ ਦੀ ਜਲਾਵਤਨ ਸਰਕਾਰ ਦੀ ਹਮਾਇਤ ਕਰਨ। ਪੰਜਾਬੀ ਸਬੰਧੀ ਸ੍ਰੀ ਉਪੇਂਦਰਾ ਨੇ ਕਿਹਾ ਕਿ ਇਹ ਬੜੀ ਬਦਕਿਸਮਤੀ ਵਾਲੀ ਗੱਲ ਹੈ ਕਿ 21 ਜੂਨ ਦੀ ਮਿਥੀ ਤਾਰੀਕ ਨੂੰ ਚੰਡੀਗੜ੍ਹ ਪੰਜਾਬ ਨੂੰ ਤੇ ਇਹਦੇ ਬਦਲੇ ਹਿੰਦੀ ਬੋਲਦੇ ਇਲਾਕੇ ਹਰਿਆਣਾ ਨੂੰ ਤਬਦੀਲ ਨਹੀਂ ਕੀਤੇ ਜਾ ਸਕੇ। ਉਨ੍ਹਾਂ ਹੋਰ ਕਿਹਾ ਕਿ ਦੇਸ਼ ਦੀ ਏਕਤਾ ਤੇ ਅਖੰਡਤਾ ਅਤੇ ਪੰਜਾਬ ਦੇ ਹਿਤਾਂ ਲਈ ਇਸ ਡੈਡਲਾਕ ਨੂੰ ਛੇਤੀ ਖਤਮ ਕੀਤਾ ਜਾਏ। ਸ੍ਰੀ ਉਪੇਂਦਰਾ ਲੋਕ ਸਭਾ ਦੇ ਸਪੀਕਰ ਸ੍ਰੀ ਬਲਰਾਮ ਜਾਖੜ ਦੀ ਅਗਵਾਈ ਵਿਚ ਭਾਰਤੀ ਸੰਸਦੀ ਵਫਦ ਦੇ ਨਾਲ ਇਥੇ ਆਏ ਹਨ। ਇਹ ਵਫਦ ਅਗਲੇ ਹਫਤੇ ਵੈਨਜ਼ਵੇਲਾ ਦੀ ਆਜ਼ਾਦੀ ਦੇ ਜਸ਼ਨਾਂ ਵਿਚ ਸ਼ਾਮਲ ਹੋਏਗਾ।

ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਮੀਟਿੰਗ

ਅਗਲੀ ਮੀਟਿੰਗ 3 ਅਗਸਤ 86

ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਮੀਟਿੰਗ 5 ਜੁਲਾਈ 1986 ਨੂੰ ਲਿਟਲ ਮਾਊਂਟੇਨ ਨੇਬਰਹੁਡ ਹਾਊਸ ਵਿਚ ਹੋਈ। ਗੁਰਚਰਨ ਰਾਮਪੁਰੀ ਤੇ ਮੁਹਿੰਦਰ ਸੂਮਲ ਨੇ ਕਵਿਤਾਵਾਂ ਪੜ੍ਹੀਆਂ। ਗੁਰਚਰਨ ਟੱਲੇਵਾਲੀਆ, ਅਜੀਤ ਧਨੋਆ, ਸੁਖਵੰਤ ਹੁੰਦਲ ਅਤੇ ਸੋਹਣ ਸੁਰਿੰਦਰ ਸਕਰੂਲਵੀ ਨੇ ਅਲੋਚਨਾ ਵਿਚ ਹਿਸਾ ਲਿਆ।

ਅਗਲੀ ਮੀਟਿੰਗ 3 ਅਗਸਤ 1986 ਐਤਵਾਰ ਨੂੰ 5:30 ਵਜੇ ਸ਼ਾਮ ਨੂੰ ਹੋਵੇਗੀ। ਸਾਰੇ ਮੈਂਬਰਾਂ ਨੂੰ ਬੇਨਤੀ ਹੈ ਕਿ ਮੀਟਿੰਗ ਵਿਚ ਜ਼ਰੂਰ ਸ਼ਾਮਿਲ ਹੋਣ। ਇਸ ਮੀਟਿੰਗ ਵਿਚ ਮੰਚ ਦੀਆਂ ਮੀਟਿੰਗਾਂ ਅਤੇ ਭਵਿੱਖ ਦੇ ਪਰੋਗਰਾਮ ਬਾਰੇ ਕਈ ਅਹਿਮ ਫੈਸਲੇ ਲਏ ਜਾਣੇ ਹਨ।

ਅਗਲੀ ਮੀਟਿੰਗ ਦੇ ਥਾਂ ਲਈ ਫੋਨ ਕਰੋ —
ਗੁਰਚਰਨ ਟੱਲੇਵਾਲੀਆ — 298-3982

ਪੰਨਾ 4 ਤੋਂ ਜਾਰੀ

ਰਾਜ ਸਭਾ ਦੀ ਚੋਣ

ਰਾਜ ਸਭਾ ਦੀ ਚੋਣ ਬਾਰੇ ਚਰਚਾ ਕਰਦਿਆਂ ਉਹਨਾਂ ਕਿਹਾ ਕਿ ਜੇ ਨਰਾਜ਼ ਅਕਾਲੀ ਆਪਣਾ ਦਲ ਭੰਗ ਕਰਕੇ ਸ਼ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਜਾਂਦੇ ਤਾਂ ਅੱਜ ਦੋਵੇਂ ਸੀਟਾਂ ਅਕਾਲੀ ਦਲ ਨੇ ਹੀ ਜਿੱਤਣੀਆਂ ਸਨ।

ਇਜਲਾਸ ਸੱਦਣ ਦੀ ਨਿੰਦਾ

ਨਰਾਜ਼ ਅਕਾਲੀ ਧੜੇ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਜੋ 5 ਜੁਲਾਈ ਨੂੰ ਅਕਾਲੀ ਦਲ ਦਾ ਜਨਰਲ ਇਜਲਾਸ ਸੱਦਿਆ ਗਿਆ ਉਸ ਬਾਰੇ ਉਹਨਾਂ ਕਿਹਾ ਕਿ ਇਹ ਇਜਲਾਸ ਉਨ੍ਹਾਂ ਆਪਣੀ ਰਾਜਸੀ ਤੇ ਨਿੱਜੀ ਸਵਾਰਥਾਂ ਲਈ ਕੀਤਾ। ਇਸ ਫੁਟ ਪਾਊ ਕਾਰਵਾਈ ਦੀ ਉਹ ਸਖਤ ਨਿਖੇਧੀ ਕਰਦੇ ਹਨ ਪਰ ਨਾਲ ਹੀ ਉਨ੍ਹਾਂ ਅਪੀਲ ਕੀਤੀ ਕਿ ਅਜੇ ਵੀ ਸਮਾਂ ਹੈ ਕਿ ਉਹ ਮੁੜ ਸ਼ਰੋਮਣੀ ਅਕਾਲੀ ਦਲ ਵਿਚ ਆ ਕੇ ਸ਼ਾਮਲ ਹੋ ਜਾਣ ਤਾਂ ਕਿ ਪੰਥ ਤੇ ਆਏ ਸੰਕਟ ਦਾ ਡਟਕੇ ਤੇ ਰਲਕੇ ਮੁਕਾਬਲਾ ਕੀਤਾ ਜਾ ਸਕੇ।

ਪੁਲਸ ਵਲੋਂ ਫੈਡਰੇਸ਼ਨ ਦੇ ਵਰਕਰਾਂ ਨੂੰ ਤੰਗ ਕਰਨ ਦਾ ਸਿਲਸਿਲਾ ਜਾਰੀ — ਕਾਹਲੋਂ

ਅੰਮ੍ਰਿਤਸਰ — ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੀ ਐਡਹਾਕ ਕਮੇਟੀ ਦੇ ਮੈਂਬਰਾਂ ਦੀ ਇਥੇ ਫੈਡਰੇਸ਼ਨ ਦੇ ਕਨਵੀਨਰ ਸ: ਹਰਿੰਦਰ ਸਿੰਘ ਕਾਹਲੋਂ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਨੇ ਬਰਨਾਲਾ ਸਰਕਾਰ ਤੇ ਦੋਸ਼ ਲਾਇਆ ਹੈ ਕਿ ਉਸ ਨੇ 'ਅਤਿਵਾਦੀਆਂ' ਵਿਰੁੱਧ 'ਮੁਕੰਮਲ ਜੰਗ ਛੇੜਨ' ਦੇ ਐਲਾਨ ਹੇਠਾਂ ਸਿਖ ਨੌਜਵਾਨਾਂ ਦਾ ਸਰਬਨਾਸ਼ ਕਰਨ ਦੀ ਨਵੀਂ ਸਾਜ਼ਿਸ਼ ਘੜੀ ਹੈ। ਫੈਡਰੇਸ਼ਨ ਨੇ ਦੋਸ਼ ਲਾਇਆ ਹੈ ਕਿ ਸਰਕਾਰ ਨੇ ਸਿਖ ਨੌਜੁਆਨਾਂ ਦੇ ਕਤਲ ਲਈ ਸੀ. ਆਰ. ਪੀ. ਅਤੇ ਬੀ. ਐਸ. ਐਫ. ਦੀਆਂ ਵਾਗਾਂ ਖੁਲ੍ਹੀਆਂ ਛਡੀਆਂ ਹੋਈਆਂ ਹਨ। ਪਿਛਲੇ ਕੁਝ ਦਿਨਾਂ ਦੌਰਾਨ ਸਿਖਾਂ ਤੇ ਚਲਾਈ ਤਸ਼ੱਦਦ ਦੀ ਲਹਿਰ ਦੌਰਾਨ ਅੰਮ੍ਰਿਤਸਰ ਸ਼ਹਿਰ ਵਿਚ ਸ਼ਿਵ ਸੈਨਾ ਦੇ ਵਰਕਰਾਂ ਵਲੋਂ ਸੀ. ਆਰ. ਪੀ. ਦੀ ਸ਼ਹਿ ਤੇ ਸਿਖ ਨੌਜੁਆਨਾਂ ਨੂੰ ਛੁਰੇ ਮਾਰੇ ਗਏ ਅਤੇ ਸਿਖਾਂ ਦੇ ਘਰਾਂ ਤੇ ਦੁਕਾਨਾਂ ਨੂੰ ਅੱਗਾਂ ਲਾਈਆਂ ਗਈਆਂ। ਝੂਠੇ ਪੁਲਸ ਮੁਕਾਬਲੇ ਬਣਾ ਕੇ ਪੁਲਸ ਨੇ ਜ਼ਿਲਾ ਗੁਰਦਾਸਪੁਰ ਵਿਚ ਬਾਬਾ ਰਣਜੀਤ ਸਿੰਘ, ਗੁਰਮੇਜ ਸਿੰਘ ਗੇਜਾ ਅਤੇ ਮੱਖਣ ਸਿੰਘ ਛਿਟ ਨੂੰ ਕਤਲ ਕੀਤਾ। ਬੀ. ਐਸ. ਐਫ. ਨੇ ਪਿੰਡ ਵੈਰੋਕੇ ਵਿਚ ਇਕ ਪਰਿਵਾਰ ਦੇ ਘਰ ਜਾ ਕੇ ਗੋਲੀ ਚਲਾਈ। ਜਲੰਧਰ ਜ਼ਿਲੇ ਦੇ ਪਿੰਡ ਰੁਪੇਵਾਲੀ ਵਿਚ ਵੀ ਸੀ. ਆਰ. ਪੀ. ਨੇ ਨਜਾਇਜ਼ ਤੌਰ ਤੇ ਜੋਗਿੰਦਰ ਸਿੰਘ ਤੇ ਉਸਦੇ ਲੜਕੇ ਨੂੰ ਗੋਲੀ ਮਾਰ ਕੇ ਮਾਰ ਦਿਤਾ। ਇਹ ਝੂਠੀਆਂ ਤੇ ਅਖਾਉਤੀ ਘਟਨਾਵਾਂ ਬਰਨਾਲਾ ਸਰਕਾਰ ਦੀ ਇਸ ਨਵੀਂ ਛੇੜੀ ਜੰਗ ਦੀ ਸ਼ੁਰੂਆਤ ਹਨ। ਉਹਨਾਂ ਦੋਸ਼ ਲਾਇਆ ਕਿ ਫੈਡਰੇਸ਼ਨ ਦੇ ਵਰਕਰਾਂ ਤੇ ਉਹਨਾਂ ਦੇ ਪਰਿਵਾਰਾਂ ਨੂੰ ਤੰਗ ਕਰਨ ਦਾ ਸਿਲਸਿਲਾ ਵੀ ਲਗਾਤਾਰ ਜਾਰੀ ਹੈ। ਗਰਲਜ਼ ਵਿੰਗ ਦੀ ਜਨਰਲ ਸਕੱਤਰ ਬੀਬੀ ਰਾਜਵਿੰਦਰ ਕੌਰ ਦੇ ਪਿਤਾ ਸ: ਲਾਲ ਸਿੰਘ ਨੂੰ ਬਿਨਾਂ ਵਜ੍ਹਾ ਪੁਲਸ ਨੇ ਆਪਣੀ ਹਿਰਾਸਤ ਵਿਚ ਰਖਿਆ ਹੋਇਆ ਹੈ। ਤਰਨਤਾਰਨ ਦੇ ਪਿੰਡ ਵਰਪਾਲਾ ਵਿਖੇ ਫੈਡਰੇਸ਼ਨ ਦੇ ਇਕ ਵਰਕਰ ਦਾ ਪੁਲਸ ਘਰ ਦਾ ਸਮਾਨ ਚੁਕ ਕੇ ਲੈ ਗਈ ਹੈ ਤੇ ਉਹਨਾਂ ਦੀ ਤੂੜੀ ਨੂੰ ਅੱਗ ਲਾ ਦਿੱਤੀ ਗਈ। ਮੀਟਿੰਗ ਵਿਚ ਦੋਸ਼ ਲਾਇਆ ਗਿਆ ਕਿ ਬਰਨਾਲਾ ਸਰਕਾਰ ਇਸ ਜ਼ਿੰਮੇਂਵਾਰੀ ਤੋਂ ਬਚ ਨਹੀਂ ਸਕਦੀ। ਮੀਟਿੰਗ ਵਿਚ ਕਿਹਾ ਗਿਆ ਕਿ ਸਰਕਾਰ ਨੂੰ ਆਪਣੇ ਕੀਤੇ ਦਾ ਫਲ ਭੁਗਤਣਾ ਪਏਗਾ। ਮੀਟਿੰਗ ਦੀ ਕਾਰਵਾਈ ਵਿੱਤ ਸਕੱਤਰ ਸ: ਕੁਲਦੀਪ ਸਿੰਘ ਕਾਹਲੋਂ ਨੇ ਪ੍ਰੈਸ ਨੂੰ ਰਿਲੀਜ਼ ਕੀਤੀ। ਉਨ੍ਹਾਂ ਕਿਹਾ ਕਿ ਮੀਟਿੰਗ ਵਿਚ ਕਨਵੀਨਰ ਸ: ਹਰਿੰਦਰ ਸਿੰਘ ਕਾਹਲੋਂ ਤੋਂ ਇਲਾਵਾ ਐਡਹਾਕ ਕਮੇਟੀ ਦੇ ਸਾਰੇ ਮੈਂਬਰ ਸਰਵ ਸ੍ਰੀ ਸਵਰਨ ਸਿੰਘ, ਸਰਬਜੀਤ ਸਿੰਘ ਬਾਠ, ਗੁਰਜੀਤ ਸਿੰਘ, ਮੱਖਣ ਸਿੰਘ ਬਠਿੰਡਾ, ਬਲਜੀਤ ਸਿੰਘ ਅਤੇ ਸਰਬਜੀਤ ਸਿੰਘ ਰੋਪੜ ਸ਼ਾਮਲ ਹੋਏ।

ਝੂਠੇ ਪੁਲੀਸ ਮੁਕਾਬਲੇ ਤੁਰਤ ਰੋਕੋ — ਤਲਵੰਡੀ

ਫਗਵਾੜਾ — ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਦੋਸ਼ ਲਾਇਆ ਹੈ ਕਿ ਕੇਂਦਰੀ ਰੀਜ਼ਰਵ ਪੁਲੀਸ ਫੋਰਸ ਬੇਕਸੂਰ ਸਿਖਾਂ ਨੂੰ ਝੂਠੇ ਮੁਕਾਬਲਿਆਂ ਵਿਚ ਮਾਰ ਰਹੀ ਹੈ।

ਸਿਆਸੀ ਘਰੂਟ — ਘਰੂਟਾਂ ਵਾਲੇ ਦੀ ਕਲਮ ਤੋਂ

- ਇਹ ਕੇਹੀ ਪੱਤਰਕਾਰੀ ਹੈ! — ਇ: ਕ: ਟਾਈ:
— ਜੋ ਹਜ਼ਾਰ ਹਜ਼ਾਰ ਡਾਲਰ ਵਿਚ ਵਿਕਦੀ ਹੈ!
- ਰਵਿੰਦਰ ਰਵੀ ਨਾਲ ਇਕ ਸ਼ਾਮ — ਇਕ ਸੁਰਖੀ
— ਵੈਨਕੂਵਰ ਹੋਟਲ ਵਿਚ ਮੁਜਰਾ ਦੇਖਦਿਆਂ ਬਿਤਾਈ?
- ਸਾਵਧਾਨ! ਸਿੰਘ ਅੰਗ ਰਖਿਅਕਾਂ ਤੋਂ ਹਥਿਆਰ ਖੋਹਣਗੇ! — ਖਾਲਸਥਾਨ ਟਾਈਮਜ਼
— ਮੁਖਬਰੀ ਦਾ ਪੇਸ਼ਾ ਕਦੋਂ ਤੋਂ ਅਖਤਿਆਰ ਕਰ ਲਿਆ?
- ਅੰਗ ਰਖਿਅਕ ਮਿਲੇ! —
— ਤੇਰੇ ਨਾਲ ਤਾਂ ਉਨ੍ਹਾਂ ਨੇ ਵੀ ਨਹੀਂ ਤੁਰਨਾ!
- "ਛੱਤਾਂ ਤੇ ਭਾਂਡੇ ਖੜਕਾਓ" —
— ਤੇ ਤੁਸੀਂ ਹੁਣ 'ਡਾਂਗਧਾਰੀਆਂ' ਦਾ ਸਾਥ ਛੱਡ ਕੇ ਡੌਰੂ ਵਜਾਓ!
- 'ਤੇਥੋਂ ਸੀਸ ਮੰਗਿਆ ਸੀ' — ਇਕ ਅਕਵੀ
— ਪਰ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਤੋਂ 5100 ਰੁਪਏ ਹੀ ਮੰਗੇ ਸਨ?
- ਕੀ ਸਾਡੇ ਕੋਲ ਇਕ ਹੀ ਰਾਹ ਹੈ? — ਇਕ ਸੁਰਖੀ
— ਕਿਤੇ ਛਿੱਤਰਾਂ ਵਾਲੇ ਰਾਹ ਦੀ ਗੱਲ ਤਾਂ ਨਹੀਂ ਕਰ ਰਹੇ?
- ਗੁਰੂ ਘਰ ਦੇ ਅਹਾਤੇ ਵਿਚ ਗਾਲਾਂ ਦੀ ਵਾਛੜ — ਇਕ ਸੁਰਖੀ
— ਅਸਲੀ ਰੂਪ ਦਿਖਾਉਣ ਦਾ ਧੰਨਵਾਦ।
- ਬਰਨਾਲੇ ਵਲੋਂ 'ਖਾਲਿਸਤਾਨ' ਦੀ ਨਿੰਦਾ — ਇਕ ਸੁਰਖੀ
— ਤੁਹਾਡੇ ਖਿਆਲ ਅਨੁਸਾਰ ਗ਼ਲਤ ਹੈ ਜਾਂ ਠੀਕ?
- ਜੀਅ ਪ੍ਰਤੀ ਆਮਦਨ — ਅਮਰਜੀਤ ਸੂਫੀ
— ਮੁਨਾਫਾਖੋਰਾਂ ਤੋਂ ਭਾਲਦੇ ਹੋ ਕਾਮਰੇਡੋ!
- ਇਨਸਾਨ ਨੂੰ ਖਾ ਰਿਹਾ ਇਨਸਾਨ ਹੀ - ਰੱਬ ਦਾ ਬੰਦਾ ਬਣ ਗਿਆ ਹੈਵਾਨ ਹੀ — 'ਸੂਸ'
— ਸ਼ੁਕਰ ਹੈ ਛੇਤੀ ਹੀ ਅਸਲੀਅਤ ਸਮਝ ਗਏ ਹੋ!
- 'ਕਤਲਗਾਹ' — ਗੁਰਚਰਨ ਰਾਮਪੁਰੀ
— ਬੁੱਚੜਾਂ ਵਰਗੀ ਦਿੱਖ ਵਾਲੇ ਅਕਵੀ ਨੂੰ ਖੁਸ਼ ਕਰਨਾ ਸੀ ਤਾਂ ਇਸ ਦਾ ਨਾਂ 'ਬੁੱਚੜਖਾਨਾ' ਰੱਖ ਦਿੰਦੇ ਤਾਂ ਚੰਗਾ ਸੀ।
- ਜੋੜੇ ਸਾਫ ਕਰਨ ਲਗਾ ਬਰਨਾਲਾ ਰੋ ਪਿਆ — ਖਾਲਸਥਾਨੀ ਟਾਈਮਜ਼
— ਤੂੰ ਤੇ ਉਥੇ ਰੁਮਾਲ ਲਈ ਖੜ੍ਹਾ ਸੀ?
- ਕਸ਼ਮੀਰਾ ਸਿੰਘ ਚਮਨ ਨੂੰ ਨੂਰਪੁਰੀ ਐਵਾਰਡ — ਸਾਹਿਤ ਸਭਾ ਯੂਬਾ ਸਿਟੀ
— ਪਿਆਰਿਓ 'ਈਸ਼ਵਰੀ ਰਿਸ਼ਤਿਆਂ' ਵਾਲਿਆਂ ਨੂੰ 'ਪਲੇ ਬੁਆਏ' ਵਾਲਿਆਂ ਤੋਂ ਹੀ ਦਵਾ ਦਿਓ!
- ਤਿੰਨ ਜਾਸੂਸ ਗ੍ਰਿਫਤਾਰ — ਖਾਲਸਥਾਨੀ ਟਾਈਮਜ਼
— ਬਾਕੀ ਦੇ ਦੋ ਹੋਟਲ ਵਿਚੋਂ ਪਹਿਲਾਂ ਹੀ ਖਿਸਕ ਗਏ ਸਨ?
- ਜੋ ਗੜਬੜ ਕਰੇ ਟੰਗਾਂ ਤੋੜ ਦਿਓ — ਇਕ ਸੁਰਖੀ
— ਫੇਰ 'ਡਾਂਗਧਾਰੀਆਂ' ਨੂੰ ਦੋਸ਼ ਕਿਉਂ ਦਿੰਨਾ ਏਂ?
- ਚੁੰਮਣ ਛੇ ਹਜ਼ਾਰ ਪੌਂਡ ਦਾ!
— ਹੋਟਲ ਵਿਚ ਏਹੀ ਕੁਝ ਕਰਨ ਜਾਂਦੇ ਹੋ?
- ਇਕ ਪ੍ਰੋਫੈਸਰ ਤੇ ਬੁਝੜ ਵਿਚ ਏਹੀ ਫਰਕ ਹੈ — ਇਕ ਸੰਪਾਦਕ
— ਏਹੀ ਤਾਂ ਚਾਰ ਸਾਲ ਤੋਂ ਅਸੀਂ ਸਮਝਾ ਰਹੇ ਹਾਂ ਪਿਆਰਿਓ! ਸ਼ੁਕਰ ਹੈ ਸਾਡੀ ਮਿਹਨਤ ਵਰ ਆਈ ਹੈ!

ਦਹਿਸ਼ਤਪਸੰਦਾਂ ਨੂੰ ਗੋਲੀ ਸਿੱਕੇ ਦੀ ਤੋਟ?

ਜਲੰਧਰ — ਪਤਾ ਲੱਗਾ ਹੈ ਕਿ ਪੁਲੀਸ ਵਿਭਾਗ ਨੇ ਮਹੱਤਵਪੂਰਨ ਵਿਅਕਤੀਆਂ ਦੇ ਬਾਡੀਗਾਰਡ ਪੁਲੀਸ ਕਰਮਚਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਅੱਗੋਂ ਤੋਂ ਉਹ ਇਸ ਗੱਲ ਵਲੋਂ ਵਿਸ਼ੇਸ਼ ਚੌਕਸ ਰਹਿਣ ਕਿ ਦਹਿਸ਼ਤਪਸੰਦ ਉਨ੍ਹਾਂ ਦੀਆਂ ਸਟੇਨਗੰਨਾਂ ਨਾ ਖੋਹ ਲੈਣ। ਭਰੋਸੇਯੋਗ ਸੂਤਰਾਂ ਅਨੁਸਾਰ ਦਹਿਸ਼ਤਗਰਦਾਂ ਕੋਲ ਇਸ ਸਮੇਂ ਹਥਿਆਰਾਂ ਦੀ ਕਮੀ ਪਾਈ ਜਾ ਰਹੀ ਹੈ ਅਤੇ ਇਸ ਕਮੀ ਨੂੰ ਦੂਰ ਕਰਨ ਲਈ ਉਹ ਸਰਕਾਰੀ ਗੰਨਮੈਨਾਂ ਨੂੰ ਆਪਣੇ ਹਮਲੇ ਦਾ ਸ਼ਿਕਾਰ ਬਣਾਂ ਸਕਦੇ ਹਨ। ਸਰਕਾਰੀ ਅਸਲਾਖਾਨਿਆਂ ਉਤੇ ਹਮਲਿਆਂ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

ਹਿੰਦ ਤੇ ਪਾਕਿਸਤਾਨ ਦੀ ਸਰਹੱਦ 'ਤੇ ਤਾਇਨਾਤ ਸੁਰੱਖਿਆ ਸੈਨਾਵਾਂ ਨੂੰ ਵੀ ਚੌਕਸ ਕੀਤਾ ਗਿਆ ਹੈ ਕਿਉਂਕਿ ਹੋ ਸਕਦਾ ਹੈ ਪਾਕਿਸਤਾਨ ਤੋਂ ਕੁਝ ਹਥਿਆਰ ਸਮਗਲ ਕਰ ਕੇ ਭਾਰਤ ਲਿਆਉਣ ਦੀ ਕੋਸ਼ਿਸ਼ ਕੀਤੀ ਜਾਵੇ। ਇਸ ਕਿਸਮ ਦੀਆਂ ਰਿਪੋਰਟਾਂ ਮਿਲੀਆਂ ਹਨ ਕਿ ਹਥਿਆਰਾਂ ਦੀ ਇਕ ਖੇਪ ਉਤਰ ਪੱਛਮੀ ਸਰਹੱਦੀ ਪ੍ਰਾਂਤ (ਪਾਕਿਸਤਾਨ) ਤੋਂ ਸਰਹੱਦ ਦੇ ਲਾਗੇ ਪਹੁੰਚ ਚੁੱਕੀ ਹੈ ਅਤੇ ਇਸ ਨੂੰ ਕਿਸੇ ਵੀ ਸਮੇਂ ਢੁਕਵੇਂ ਹਾਲਾਤ ਦੇਖ ਕੇ ਭਾਰਤ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ। ਇਸਦੇ ਨਾਲ ਹੀ ਇਹ ਵੀ ਪਤਾ ਲੱਗਾ ਹੈ ਕਿ ਪਾਕਿਸਤਾਨ ਵਿਚ ਲਾਏ ਜਾਂਦੇ ਟਰੇਨਿੰਗ ਕੈਂਪਾਂ ਦੌਰਾਨ ਖਾਲਿਸਤਾਨ ਦਾ ਪਰਚਾਰ ਕਰਨ ਲਈ ਟਰੇਂਡ ਕੀਤੇ ਗਏ ਸੱਤਰ ਨੌਜਵਾਨਾਂ ਨੂੰ ਸਰਹੱਦ ਦੀਆਂ ਚੋਰ ਮੋਰੀਆਂ ਰਾਹੀਂ ਭਾਰਤ ਭੇਜ ਦਿਤਾ ਗਿਆ ਹੈ। ਇਹ ਨੌਜਵਾਨ ਪਿੰਡਾਂ ਵਿਚ ਜਾ ਕੇ ਫਿਰਕੂ ਜ਼ਹਿਰ ਅਤੇ ਨਫਰਤ ਫੈਲਾਉਣ ਦੀ ਕੋਸ਼ਿਸ਼ ਕਰਦੇ ਹਨ। ਇਨ੍ਹਾਂ ਵਿਚ 23 ਨੌਜਵਾਨਾਂ ਨੂੰ ਗ੍ਰਿਫਤਾਰ ਕਰ ਲੈਣ ਦਾ ਪੁਲਸ ਵਲੋਂ ਦਾਅਵਾ ਕੀਤਾ ਗਿਆ ਹੈ।

ਪੁਲੀਸ ਦੇ ਸੂਤਰਾਂ ਅਨੁਸਾਰ ਜਿਹੜੇ ਕੱਟੜ ਅਤੇ ਪਹਿਲੀ ਪਾਲ ਦੇ ਦਹਿਸ਼ਤਪਸੰਦਾਂ ਦਾ ਪੁਲੀਸ ਨੂੰ ਪਤਾ ਸੀ ਕਿ ਉਨ੍ਹਾਂ ਵਿਚੋਂ ਅੱਠ ਮਾਰੇ ਜਾਂ ਫੜੇ ਜਾ ਚੁਕੇ ਹਨ। ਦੂਜੀ ਪਾਲ ਦੇ ਦੋ ਸੌ ਦੇ ਕਰੀਬ ਦਹਿਸ਼ਤਪਸੰਦ ਕਾਬੂ ਆ ਚੁਕੇ ਹਨ। ਇਸ ਤਰ੍ਹਾਂ ਕਾਫੀ ਲੰਬੇ ਸਮੇਂ ਮਗਰੋਂ ਪੰਜਾਬ ਵਿਚ ਦਹਿਸ਼ਤਗਰਦਾਂ ਦੇ ਮੁਕਾਬਲੇ ਪੁਲੀਸ ਦਾ ਹੱਥ ਉਪਰ ਆਇਆ ਹੈ। ਡਾਇਰੈਕਟਰ ਜਨਰਲ ਪੁਲੀਸ ਜੇ. ਐਫ. ਰਿਬੇਰੋ ਨੇ ਪੁਲੀਸ ਨੂੰ ਹਦਾਇਤ ਕੀਤੀ ਹੈ ਕਿ ਦਹਿਸ਼ਤਪਸੰਦਾਂ ਉਤੇ ਲਗਾਤਾਰ ਦਬਾਅ ਜਾਰੀ ਰਖਣ ਅਤੇ ਕੁਝ ਚੋਟੀ ਦੇ ਦਹਿਸ਼ਤਪਸੰਦਾਂ ਦੇ ਮਰਨ ਨਾਲ ਪੁਲੀਸ ਦੇ ਹੱਥ ਜਿਹੜੀ ਪਹਿਲਕਦਮੀ ਆਈ ਹੈ ਉਸ ਨੂੰ ਗੁਆ ਨਾ ਦੇਣ।

ਪੁਲੀਸ ਦੇ ਸੂਤਰਾਂ ਅਨੁਸਾਰ ਭਾਵੇਂ ਪੁਲੀਸ ਨੂੰ ਦਹਿਸ਼ਗਰਦੀ ਦੇ ਖਾਤਮੇ ਲਈ ਅਸੂਲੀ ਤੌਰ 'ਤੇ ਪੂਰੀ ਖੁਲ੍ਹ ਦਿੱਤੀ ਗਈ ਹੈ, ਫਿਰ ਵੀ ਸਿਆਸੀ ਦਖਲਅੰਦਾਜ਼ੀ ਕਾਰਨ ਉਨ੍ਹਾਂ ਦੇ ਕੰਮ ਵਿਚ ਕਾਫੀ ਰੁਕਾਵਟਾਂ ਪੈਂਦੀਆਂ ਹਨ। ਕੁਝ ਮੰਤਰੀਆਂ ਵੱਲੋਂ ਸਮਗਲਰਾਂ ਅਤੇ ਦਹਿਸ਼ਤਪਸੰਦਾਂ ਨੂੰ ਪਨਾਹ ਦੇਣ ਦੀਆਂ ਰਿਪੋਰਟਾਂ ਆਮ ਆਉਂਦੀਆਂ ਹਨ।

ਪੰਜਾਬ ਤੇ ਹਰਿਆਣਾ ਤੋਂ ਆਉਣ ਜਾਣ ਵਾਲੇ ਸਿੱਖਾਂ ਦੀਆਂ ਤਲਾਸ਼ੀਆਂ — ਕਈ ਕਈ ਘੰਟੇ ਪੁੱਛਗਿਛ

ਮੋਰਿੰਡਾ — ਸ਼ੰਭੂ ਬੈਰੀਅਰ, ਨੇੜੇ ਅੰਬਾਲਾ ਹਰਿਆਣੇ ਤੋਂ ਜੋ ਬੱਸਾਂ ਪੰਜਾਬ ਆਉਂਦੀਆਂ ਜਾਂਦੀਆਂ ਹਨ, ਉਹਨਾ ਬੱਸਾਂ ਵਿਚੋਂ ਸਿਖ ਸਵਾਰੀਆਂ ਨੂੰ ਲਾਹੇ ਜਾਣ ਅਤੇ ਹੋਰ ਬੇਢੰਗੀ ਪੁਛਗਿਛ ਰਾਹੀਂ ਪਰੇਸ਼ਾਨ ਕੀਤੇ ਜਾਣ ਦੀਆਂ ਨਿਤ ਵਧ ਰਹੀਆਂ ਘਟਨਾਵਾਂ ਤੋਂ ਪੰਜਾਬ ਅਤੇ ਹਰਿਆਣੇ ਦੇ ਸਿਖ ਭਾਈਚਾਰੇ ਵਿਚ ਇਸ ਸਮੇਂ ਸਖਤ ਰੋਸ ਪਾਇਆ ਜਾ ਰਿਹਾ ਹੈ। ਦਸਿਆ ਗਿਆ ਹੈ ਕਿ ਹਰਿਆਣੇ ਤੋਂ ਪੰਜਾਬ ਵਿਚ ਆਉਣ ਵਾਲੇ ਤੇ ਪੰਜਾਬ ਤੋਂ ਹਰਿਆਣੇ ਵਿਚ ਜਾਣ ਵਾਲੇ ਕੰਪਨੀਆਂ ਦੇ ਏਜੰਟਾਂ, ਡੀਲਰਾਂ, ਵੱਡੇ ਸਿਖ ਵਿਉਪਾਰੀਆਂ, ਆਮ ਸਾਧਾਰਣ ਲੋਕਾਂ ਵਿਚ ਜੋ ਪੰਜਾਬੀ ਵੀ ਬੋਲਦੇ ਹਨ, ਭਾਵੇਂ ਹਿੰਦੂ ਹੀ ਹਨ, ਨੂੰ ਇਸ ਬੈਰੀਅਰ ਦੇ ਨਾਲ ਤਾਇਨਾਤ ਫੌਜ, ਹਰਿਆਣਾਂ ਪੁਲਸ ਤੇ ਸੀ. ਆਰ. ਪੀ. ਕਾਫੀ ਤੰਗ ਤੇ ਪਰੇਸ਼ਾਨ ਕਰਦੀ ਹੈ। ਉਹਨਾਂ ਦਾ ਸਾਰਾ ਸਮਾਨ ਇਕੱਲਾ ਇਕੱਲਾ ਚੈਕ ਕੀਤਾ ਜਾਂਦਾ ਹੈ ਅਤੇ ਮੁਲਾਜ਼ਮਾਂ ਵਾਂਗ ਤਲਾਸ਼ੀਆਂ ਲਈਆਂ ਜਾਂਦੀਆਂ ਹਨ। ਜਿਹਨਾਂ ਕੋਲ ਬਾਹਰਲੇ ਮੁਲਕ ਦਾ ਸਮਾਨ ਵੀ ਹੁੰਦਾ ਹੈ ਉਸਦੀਆਂ ਕਸਟਮ ਦੀਆਂ ਰਸੀਦਾਂ ਮੰਗਦੇ ਹਨ ਚਾਹੇ ਉਹ ਖੁਲ੍ਹੀ ਮਾਰਕੀਟ ਵਿਚੋਂ ਹੀ ਕਿਉਂ ਨਾ ਖਰੀਦਿਆ ਹੋਵੇ। ਇਹ ਦੋਸ਼ ਜ਼ਿਲਾ ਅਕਾਲੀ ਜਥਾ ਰੋਪੜ ਦੇ ਜਨਰਲ ਸੈਕਟਰੀ ਅਮਰੀਕ ਸਿੰਘ ਮੁਹਾਲੀ, ਦੀ ਰੋਪੜ ਮਿਲਕ ਯੂਨੀਅਨ ਦੇ ਪ੍ਰਧਾਨ ਮਲਕੀਤ ਸਿੰਘ ਮਾਵੀ ਅਤੇ ਯੂਥ ਵਿੰਗ ਅਕਾਲੀ ਦਲ ਜ਼ਿਲਾ ਰੋਪੜ ਦੇ ਪਰਚਾਰਕ ਸਕੱਤਰ ਚਰਨ ਸਿੰਘ ਦੂਲਚੀਮਾਜਰਾ ਨੇ ਲਾਇਆ ਹੈ, ਜਿਹਨਾਂ ਨਾਲ ਇਹ ਸਭ ਕੁਝ ਵਾਪਰਿਆ ਜੋ ਜਗਾਧਰੀ ਤੇ ਸਹਾਰਨਪੁਰ ਤੋਂ ਆਪਣੀਆਂ ਜ਼ਮੀਨਾਂ ਤੋਂ ਅਨਾਜ ਵਗੈਰਾ ਵੇਚ ਕੇ ਆਏ ਸਨ। ਉਕਤ ਨੇਤਾਵਾਂ ਨੇ ਕਿਹਾ ਕਿ ਉਹ ਯਾਤਰੂਆਂ ਨੂੰ ਜੋ ਪੰਜਾਬ ਤੋਂ ਬਾਹਰ ਅੰਦਰ ਜਾਂਦੇ ਹਨ ਤੇ ਨਗਦੀ ਵੀ ਹੁੰਦੀ ਹੈ ਅਤੇ ਕਈ ਏਜੰਟ ਡੀਲਰ ਉਗਰਾਹੀ ਕਰਕੇ ਤੇ ਹੋਰ ਮਾਲ ਵੇਚਕੇ ਨਗਦੀ ਲਿਆਉਂਦੇ ਹਨ ਉਹਨਾਂ ਦੀਆਂ ਰਕਮਾਂ ਤੇ ਕਈ ਤਰ੍ਹਾਂ ਦੇ ਇਤਰਾਜ਼ ਲਗਾਏ ਜਾਂਦੇ ਹਨ। ਪੁਲਸ ਅਧਿਕਾਰੀਆਂ ਵਲੋਂ ਇਸ ਚੈਕਿੰਗ ਦੌਰਾਨ ਇਹ ਗੱਲ ਸਪਸ਼ਟ ਕੀਤੀ ਜਾਂਦੀ ਹੈ ਕਿ 2500 ਰੁਪੈ ਤੋਂ ਵੱਧ ਤੁਸੀਂ ਨਹੀਂ ਲਿਆ ਸਕਦੇ। ਇਸ ਤੋਂ ਵੱਧ ਨੂੰ ਬਲੈਕ ਮਨੀ ਸਮਝਿਆ ਜਾਵੇਗਾ। ਜਿਹਨਾਂ ਯਾਤਰੂਆਂ ਪਾਸ ਭਾਰੀ ਨਗਦੀ ਹੁੰਦੀ ਹੈ, ਉਹਨਾਂ ਕੋਲੋਂ ਫੌਜ ਤੇ ਹਰਿਆਣਾ ਪੁਲਸ ਹਿਸਾਬ ਕਿਤਾਬ ਪੁਛਦੀ ਹੈ। ਜਦੋਂ ਉਹਨਾਂ ਦੀਆਂ ਰਸੀਦਾਂ ਤੇ ਵਾਊਚਰ ਦੇਖ ਕੇ ਤਸੱਲੀ ਹੁੰਦੀ ਹੈ ਤਾਂ ਉਹਨਾਂ ਨੂੰ ਫਿਰ ਕਾਫੀ ਦੇਰ ਪਿਛੋਂ ਛੱਡ ਦਿਤਾ ਜਾਂਦਾ ਹੈ, ਦਰਅਸਲ ਪੁਲਸ ਉਹਨਾਂ ਪੰਜਾਬੀਆਂ ਜਿਹਨਾਂ ਦੇ ਕੇਸਰੀ ਪੱਗਾਂ ਬੰਨ੍ਹੀਆਂ ਹੁੰਦੀਆਂ ਹਨ ਤੇ ਜਿਹਨਾਂ ਕੋਲ ਨਗਦੀ ਤੇ ਹੋਰ ਸਮਾਨ ਹੁੰਦਾ ਹੈ, ਤੇ ਸ਼ੱਕ ਕਰਦੀ ਹੈ, ਉਹ ਸਮਝਦੀ ਹੈ ਕਿ ਉਹਨਾਂ ਦੇ ਅਤਿਵਾਦੀਆਂ ਨਾਲ ਸਬੰਧ ਹਨ ਤੇ ਇਹ ਅਤਿਵਾਦੀਆਂ ਨੂੰ ਮਾਲੀ ਮਦਦ ਦੇਣ ਲਈ ਰਕਮਾਂ ਲਿਜਾ ਰਹੇ ਹਨ। ਇਸ ਬਹਾਨੇ ਨਾਲ ਪੁਲਸ ਤੇ ਫੌਜ ਯਾਤਰੂਆਂ ਨੂੰ ਭਾਰੀ ਪਰੇਸ਼ਾਨ ਕਰਦੀ ਹੈ ਤੇ ਕਈ ਘੰਟੇ ਖੜਾ ਕਰਕੇ ਪੁਛਗਿਛ ਕਰਦੀ ਰਹਿੰਦੀ ਹੈ। ਇਹ ਵਰਨਣਯੋਗ ਹੈ ਕਿ ਇਸੇ ਤਰ੍ਹਾਂ ਸੀ. ਆਰ. ਪੀ. ਮੁਹਾਲੀ ਅਤੇ ਲਾਲੜੂ ਬੈਰੀਅਰ ਤੇ ਵੀ ਸਿਖ ਯਾਤਰੂਆਂ ਨੂੰ ਹੈਰਾਨ ਪਰੇਸ਼ਾਨ ਕਰਦੀ ਹੈ। ਉਕਤ ਯੂਥਵਿੰਗ ਦੇ ਨੇਤਾਵਾਂ ਨੇ ਹਰਿਆਣਾ ਪੁਲਸ, ਫੌਜ ਤੇ ਸੀ. ਆਰ. ਪੀ. ਦੇ ਇਸ ਕਥਿਤ ਸਿਖ ਯਾਤਰੂਆਂ ਨਾਲ ਗਲਤ ਵਤੀਰੇ ਵਿਰੁੱਧ ਭਾਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਨੂੰ ਵੱਖ ਵੱਖ ਪੱਤਰ ਲਿਖ ਕੇ ਯਾਤਰੂਆਂ ਨੂੰ ਇਸ ਤਰ੍ਹਾਂ ਪਰੇਸ਼ਾਨ ਕਰਨ ਦੀ ਕਾਰਵਾਈ ਨੂੰ ਤੁਰੰਤ ਬੰਦ ਕਰਾਉਣ ਦੀ ਮੰਗ ਕੀਤੀ ਹੈ ਤਾਂ ਜੋ ਇਕ ਫਿਰਕੇ ਵਿਚ ਰੋਹ ਅਤੇ ਗੁਸੇ ਦੀ ਭਾਵਨਾ ਵਧਕੇ ਮਾਹੌਲ ਖਰਾਬ ਨਾ ਹੋ ਸਕੇ।


ਬਦੇਸ਼ ਮੰਤਰੀ ਸ਼ਿਵ ਦੇ ਲੰਡਨ ਦੌਰੇ ਤੋਂ ਭਾਰਤ-ਬ੍ਰਿਟੇਨ ਸਬੰਧ ਵਿਗੜੇ

ਲੰਡਨ — ਭਾਰਤ ਦੇ ਬਦੇਸ਼ ਮੰਤਰੀ ਸ੍ਰੀ ਪੀ ਸ਼ਿਵ ਸ਼ੰਕਰ ਦੇ ਲੰਡਨ ਦੌਰੇ ਨਾਲ ਭਾਰਤ ਅਤੇ ਬਰਤਾਨੀਆ ਵਿਚਾਲੇ ਸਬੰਧ ਹੇਠਲੇ ਤਲੇ ਤਕ ਬਹੁਤ ਵਿਗੜ ਗਏ ਹਨ। 'ਸੰਡੇ ਵੀਕਲੀ' ਅਖਬਾਰ ਅਨੁਸਾਰ ਸ੍ਰੀ ਸ਼ਿਵ ਸ਼ੰਕਰ ਅਤੇ ਬਦੇਸ਼ ਮੰਤਰੀ ਜਾਰਜ ' ਵਿਚਾਲੇ ਹੋਈ ਮੀਟਿੰਗ ਸਦਭਾਵਨਾ ਨਾਲੋਂ ਹੋਰ ਕੁਝ ਵੀ ਨਹੀਂ ਸੀ। ਸ੍ਰੀਲੰਕਾ ਵਿਚ ਭਾੜੇ ਦੇ ਬਰਤਾਨਵੀ ਆਦਮੀਆਂ ਦੀ ਮੌਜੂਦਗੀ ਬਾਰੇ ਭਾਰਤੀ ਇਤਰਾਜ਼, ਦਖਣੀ ਅਫਰੀਕਾ ਵਿਰੁਧ ਪਾਬੰਦੀਆਂ ਬਾਰੇ ਅਸਹਿਮਤੀ, ਵਰਤਮਾਨ ਪਰਸਪਰ ਸਬੰਧ ਦੀ ਉਲਟੀ ਰੁਚੀ ਏਨਫ ਨਾਲ ਬਰਤਾਨੀਆ ਵਿਚ ਸਿੱਖ ਦਹਿਸ਼ਤਗਰਦਾਂ ਦੇ ਮਾਮਲੇ ਨੇ ਵੀ ਇਸ ਨੂੰ ਹਵਾ ਦਿਤੀ। ਅਖਬਾਰ ਨੇ ਕਿਹਾ ਹੈ ਕਿ ਸ੍ਰੀ ਸ਼ਿਵ ਸ਼ੰਕਰ ਨੇ ਸਰ ਜਾਫਰੀ ਹੋਵੇ ਨਾਲ ਆਪਣੀ ਪਹਿਲੀ ਮੀਟਿੰਗ ਵਿਚ ਸ੍ਰੀਲੰਕਾ ਵਿਚ ਭਾੜੇ ਦੇ ਬਰਤਾਨਵੀ ਲੋਕਾਂ ਦੀ ਮੌਜੂਦਗੀ ਵਿਰੁਧ ਰੋਸ ਪ੍ਰਗਟ ਕੀਤਾ। ਇਹ ਲੋਕ ਕੀਨੀ ਮੀਨੀ ਸਰਵਿਸਜ਼ ਨਾਮੀ ਕੰਪਨੀ ਦੇ ਕਰਮਚਾਰੀ ਹਨ। ਸਰ ਜਾਫਰੀ ਨੇ ਦਲੀਲ ਦਿਤੀ ਕਿ ਇਹ ਇਕ ਪ੍ਰਾਈਵੇਟ ਕੰਪਨੀ ਜਿਸ ਤੇ ਬ੍ਰਿਟੇਨ ਸਰਕਾਰ ਦਾ ਮਾਮੂਲੀ ਜਿਹਾ ਕੰਟਰੋਲ ਹੈ ਜਿਸ ਦੇ ਜਵਾਬ ਵਿਚ ਭਾਰਤੀ ਬਦੇਸ਼ ਮੰਤਰੀ ਨੇ ਕਿਹਾ ਕਿ ਉਪਰੋਕਤ ਕੰਪਨੀ ਦੇ ਟਰੇਨਿੰਗ ਪ੍ਰਾਪਤ ਕਰਮਚਾਰੀ ਅਸਲ ਵਿਚ ਬਰਤਾਨਵੀ ਦੂਤਘਰ ਦੀ ਰਖਿਆ ਕਰਦੇ ਹਨ। ਕੰਪਨੀ ਦੇ ਕਰਮਚਾਰੀਆਂ ਦੇ ਮਾਮਲੇ ਤੇ ਪਹਿਲੀ ਵਾਰ ਬਦੇਸ਼ ਮੰਤਰੀ ਦੀ ਪੱਧਰ ਤੱਕ ਵਿਚਾਰਿਆ ਗਿਆ। ਭਾਰਤ ਜੋ ਕੋਲੰਬੋ ਅਤੇ ਤਾਮਿਲ ਜੁਝਾਰੂਆਂ ਵਿਚਾਲੇ ਵਿਚੋਲਗੀ ਕਰ ਰਿਹਾ ਹੈ, ਸਮਝਦਾ ਹੈ ਕਿ ਭਾੜੇ ਦੇ ਆਦਮੀਆਂ ਦਾ ਮਾਮਲਾ ਦੋਵਾਂ ਧਿਰਾਂ ਵਿਚਾਲੇ ਸੁਲਹ ਸਫਾਈ ਦੇ ਯਤਨਾਂ ਵਿਚ ਰੁਕਾਵਟ ਹੈ। ਅਖਬਾਰ ਅਨੁਸਾਰ ਭਾਰਤ ਨੇ ਬਰਤਾਨੀਆ ਪਾਸੋਂ 40 ਤੋਂ ਵੱਧ ਸਿੱਖਾਂ ਦੀ ਹਵਾਲਗੀ ਲਈ ਅਸਫਲ ਯਤਨ ਕੀਤਾ ਹੈ। ਕੰਨਜ਼ਰਵੇਟਿਵ ਸਰਕਾਰ ਵੱਲੋਂ ਇਹਨਾਂ ਦੀ ਹਵਾਲਗੀ ਵਿਚ ਝਿਜਕ ਦਾ ਇਕ ਕਾਰਨ ਅਗਲੀਆਂ ਆਮ ਚੋਣਾਂ ਵਿਚ ਬਰਤਾਨੀਆ ਵਿਚ ਰਹਿ ਰਹੇ ਸਿੱਖਾਂ ਦੀਆਂ ਵੋਟਾਂ ਦੀ ਪ੍ਰਾਪਤੀ ਵਾਸਤੇ ਉਨ੍ਹਾਂ ਦੀ ਹਮਦਰਦੀ ਜਿਤਣਾ ਹੈ। ਇਕ ਸਾਬਕ ਕੰਨਜ਼ਰਵੇਟਿਵ ਉਮੀਦਵਾਰ ਤੇ ਵਪਾਰੀ ਨਰਿੰਦਰ ਸਰੂਪ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਸਾਰੇ ਫਿਰਕਿਆਂ ਤੋਂ ਵੋਟ ਲੈਣਾ ਚਾਹੁੰਦੀ ਹੈ।

ਉਹ ਜਦੋਂ ਅੱਥਰੂ ਵਹਾ ਕੇ ਮੁਸਕਰਾਇਆ ਕਰਨਗੇ।
ਪੀਂਘ ਸਤਰੰਗੀ ਜਿਹੀ ਬਣ ਬਣ ਕੇ ਛਾਇਆ ਕਰਨਗੇ।

ਜਾ ਰਹੇ ਨੇ ਜਾਣ ਦੇਵੋ ਅੱਥਰੂ ਰੁਕਦੇ ਨਹੀਂ,
ਉਹ ਮਿਰੀ ਦਿਲ ਦੀ ਗਲੀ ਵਿਚ ਰੋਜ਼ ਆਇਆ ਕਰਨਗੇ।

ਪੰਜਾਬ ਸਮਝੌਤੇ ਦਾ ਅੰਗ "ਚੰਡੀਗੜ੍ਹ"



'ਸੂਫ਼ੀ' ਅਮਰਜੀਤ

ਸੰਤ ਲੌਂਗੋਵਾਲ ਦੇ ਸਿਖ-ਅਤਿਵਾਦੀਆਂ ਹੱਥੋਂ ਕਤਲ ਹੋਣ ਤੋਂ ਪਹਿਲਾਂ ਜੋ ਰਾਜੀਵ-ਲੌਂਗੋਵਾਲ ਨਾਂ ਦਾ ਪੰਜਾਬ ਸਮਝੌਤਾ ਹੋਇਆ ਸੀ ਉਸ ਉਪਰ ਸਾਰੇ ਭਾਰਤਵਾਸੀਆਂ ਅਤੇ ਵਿਸ਼ੇਸ਼ ਕਰਕੇ ਆਮ ਪੰਜਾਬ ਦੇ ਲੋਕਾਂ ਨੇ ਸੁਖ ਦਾ ਸਾਹ ਲਿਆ ਸੀ, ਜੋ ਕਿ ਮਾਰੂ-ਭੈ ਦੀ ਛਾਂ ਹੇਠ ਜੀਵਨ ਬਤੀਤ ਕਰ ਰਹੇ ਸਨ।

ਸਭ ਨੂੰ ਪਤਾ ਹੈ ਕਿ ਇਸ ਸਮਝੌਤੇ ਵਿਚ ਪਾਣੀਆਂ ਦਾ ਸਵਾਲ ਅਤੇ ਹਿੰਦੀ-ਪੰਜਾਬੀ ਬੋਲਦੇ ਇਲਾਕਿਆਂ ਦੀ ਪਛਾਣ ਲਈ ਕਮਿਸ਼ਨ ਨਿਯੁਕਤ ਕੀਤੇ ਜਾਣੇ ਸਨ, ਜਿੰਨ੍ਹਾਂ 'ਛੇਤੀ' ਹੀ ਆਪਣੀਆਂ ਰਿਪੋਰਟਾਂ ਦੇਣੀਆਂ ਸਨ, ਪ੍ਰੰਤੂ ਚੰਡੀਗੜ੍ਹ ਨੂੰ 26 ਜਨਵਰੀ ਨੂੰ ਪੰਜਾਬ ਦੇ ਪ੍ਰਬੰਧ ਹੇਠ ਰਾਜਧਾਨੀ ਵਜੋਂ ਸ਼ਾਮਲ ਕੀਤਾ ਜਾਣਾ ਸੀ ਅਤੇ ਜਮਨਾ ਲਿੰਕ ਨਹਿਰ 15 ਅਗਸਤ ਤੱਕ ਸਿਰੇ ਚਾੜ੍ਹੀ ਜਾਣੀ ਸੀ।

ਜਦੋਂ ਕਿਸੇ ਕੰਮ ਨੂੰ ਸਿਰੇ ਚਾੜ੍ਹਨ ਲਈ ਕੋਈ ਪੱਕੀ ਤਾਰੀਖ ਮਿਥ ਲਈ ਜਾਂਦੀ ਹੈ ਤਾਂ ਉਸਦਾ ਅਰਥ ਉਸ ਮਿਥੀ ਤਾਰੀਖ ਨੂੰ ਉਸ ਵਿਸ਼ੇਸ਼ ਕੰਮ ਨੂੰ ਅਮਲ ਵਿਚ ਲਿਆਉਣਾ ਹੁੰਦਾ ਹੈ। ਜਾਂ ਫਿਰ ਜੇ ਕੋਈ ਅਜਿਹੀ ਅਚਾਨਕ ਨਵੀਂ ਸਥਿਤੀ ਪੈਦਾ ਹੋ ਜਾਵੇ ਜਾਂ ਕੋਈ ਬਾਦਲੀਲ ਮੁਸ਼ਕਲ ਬਣ ਜਾਵੇ ਤਾਂ ਉਸ ਮਿਥੀ ਤਾਰੀਖ ਨੂੰ ਅੱਗੇ ਪਿਛੇ ਕਰ ਲਿਆ ਜਾ ਸਕਦਾ ਹੈ, ਪ੍ਰੰਤੂ ਅਜਿਹੇ ਕਰਨ ਵਿਚ ਲੋਕ-ਹਿਤਾਂ ਨੂੰ ਹੀ ਧਿਆਨ ਵਿਚ ਰਖਿਆ ਜਾਂਦਾ ਹੈ ਅਤੇ ਜਾਣਾ ਚਾਹੀਦਾ ਹੈ

ਪੰਜਾਬ ਸਮਝੌਤਾ ਬਾਕੀ ਤਾਂ ਹਾਲੇ ਅਮਲ ਵਿਚ ਲਿਆਉਣ ਲਈ ਛੋਹਿਆ ਤੱਕ ਨਹੀਂ, ਸਿਰਫ ਚੰਡੀਗੜ੍ਹ ਦੀ ਪੰਜਾਬ ਵਿਚ ਸ਼ਮੂਲੀਅਤ ਨੂੰ ਵਾਰ ਵਾਰ ਅੱਗੇ ਪਾਉਣ ਨੇ ਸਾਰੇ ਪੰਜਾਬ-ਸਮਝੌਤੇ ਨੂੰ ਜਿਵੇਂ 'ਚੰਡੀਗੜ੍ਹ' ਤੱਕ ਹੀ ਸੁੰਗੇੜ ਦਿਤਾ ਹੈ

ਵਾਰ ਵਾਰ ਤਾਰੀਖਾਂ ਨੂੰ ਅਗੇ ਪਾਉਣ ਨਾਲ, ਪੰਜਾਬ ਦੇ ਲੋਕਾਂ ਦੀ, ਕੇਂਦਰੀ ਸਰਕਾਰ ਦੀ ਇਸ ਚਲਾਏਮਾਨ ਨੀਤੀ ਤੋਂ ਤਾਂ ਭਰੋਸਾ ਉਠਣਾ ਹੀ ਸੀ, ਬਲਕਿ ਰਾਜੀਵ ਗਾਂਧੀ ਦੀ ਲੀਡਰਸ਼ਿਪ ਦਾ ਵਕਾਰ ਵੀ ਬੁਰੀ ਤਰ੍ਹਾਂ ਨਜ਼ਰਾਂ 'ਚੋਂ ਡਿਗਿਆ ਹੈ।

ਹਰਿਆਣਾ ਵੀ ਸਾਡੇ ਦੇਸ਼ ਦਾ ਹਿੱਸਾ ਹੀ ਹੈ, ਜਿਥੇ ਕੇਂਦਰ ਦੀ ਹਾਕਮ ਪਾਰਟੀ ਦਾ ਰਾਜ ਹੈ। ਪਹਿਲਾਂ ਭਜਨ ਲਾਲ ਨੇ ਹਰਿਆਣੇ ਦੇ ਲੋਕਾਂ ਨੂੰ ਚੰਡੀਗੜ੍ਹ ਦੇ ਸਵਾਲ ਉਪਰ ਅਤੇ ਪੰਜਾਬ ਨਾਲ ਸੰਬੰਧਿਤ ਹੋਰ ਝਗੜੇ ਵਾਲੇ ਸਵਾਲਾਂ ਉਪਰ ਇਸ ਕਦਰ ਭਟਕਾਇਆ ਸੀ ਕਿ ਉਨ੍ਹਾਂ ਦੇ ਮਨਾਂ ਵਿਚ ਪੰਜਾਬ ਪ੍ਰਤੀ ਵੈਰ-ਭਾਵ ਦੇ ਬੀਜ ਬੀਜ ਦਿੱਤੇ ਸਨ। ਭਾਵੇਂ ਹੁਣ ਬੰਸੀ ਲਾਲ ਨੇ ਕੁਝ ਚੰਗੀ ਸੁਰ ਕੱਢੀ ਹੈ, ਪ੍ਰੰਤੂ ਹੁਣ ਕੇਂਦਰ ਦੀ ਸਰਕਾਰ ਪਤਾ ਨਹੀਂ ਚੰਡੀਗੜ੍ਹ ਨਾਲ ਕਿਉਂ ਇਨਾ ਚੁੰਬੜ ਕੇ ਬੈਠੀ ਹੈ ਕਿ ਉਹ ਆਪਣੇ ਅਤੇ ਆਪਣੀ ਪਾਰਟੀ ਦੇ ਹਿੱਤ ਇਸ ਮਸਲੇ ਨੂੰ ਲਮਕਾਉਣ ਵਿਚ ਹੀ ਦੇਖ ਰਹੀ ਹੈ।

ਗੱਲ ਪੰਜਾਬ ਜਾਂ ਹਰਿਆਣੇ ਨੂੰ ਸੰਤੁਸ਼ਟ ਕਰਨ ਦੀ ਨਹੀਂ, ਸਗੋਂ ਸਵਾਲ ਇਨਸਾਫ ਦੇਣ ਹੈ। ਜਦੋਂ ਆਜ਼ਾਦੀ ਤੋਂ ਪਹਿਲਾਂ ਹੀ ਇਹ ਸਿਧਾਂਤ ਮੰਨ ਲਿਆ ਗਿਆ ਸੀ ਕਿ ਦੇਸ਼ ਦੇ ਸੂਬਿਆਂ ਦੀ ਬਣਤਰ ਭਾਸ਼ਾਈ ਆਧਾਰ ਉਪਰ ਕੀਤੀ ਜਾਵੇਗੀ ਕਿਉਂਕਿ ਭਾਰਤ ਬਹੁ ਸਭਿਅਕ ਅਤੇ ਬਹੁ ਭਾਸ਼ੀ ਦੇਸ਼ ਹੈ। ਕੋਈ ਵਿਸ਼ੇਸ਼ ਸਭਿਆਚਾਰ ਆਪਣੀ ਬੋਲੀ ਦੇ ਵਿਕਾਸ ਨਾਲ ਹੀ ਵਿਕਸਤ ਹੁੰਦਾ ਹੈ। ਜਦੋਂ ਸੂਬੇ ਬੋਲੀ ਦੇ ਆਧਾਰ ਉਪਰ ਹੋਣਗੇ ਤਾਂ ਉਸ ਸੂਬੇ ਵਿਸ਼ੇਸ਼ ਦੇ ਲੋਕਾਂ ਦਾ ਜੀਵਨ ਭਰਪੂਰ ਉਨਤੀ ਕਰੇਗਾ। ਜਦੋਂ 1957 ਵਿਚ ਸਾਰੇ ਭਾਰਤ ਨੂੰ ਭਾਸ਼ਾਈ ਸੂਬਿਆਂ ਦੇ ਆਧਾਰ ਉਪਰ ਮੁੜ ਕੇ ਉਲੀਕਿਆ ਗਿਆ ਤਾਂ ਆਂਧਰਾ ਅਤੇ ਪੰਜਾਬ ਨੂੰ ਦੋ ਭਾਸ਼ਾਈ ਰਹਿਣ ਦਿਤਾ। ਆਂਧਰਾ ਨੂੰ ਵੱਖਰੇ ਭਾਸ਼ਾਈ ਸੂਬੇ ਦੇ ਆਧਾਰ ਉਪਰ ਬਣਾਉਣ ਲਈ ਆਂਧਰਾ ਦੇ ਲੋਕਾਂ ਨੇ ਸੰਘਰਸ਼ ਕੀਤਾ ਅਤੇ ਜਿਤ ਜਿਤੀ। ਪ੍ਰੰਤੂ ਪੰਜਾਬ ਵਿਚ ਵੱਡੀ ਵਸੋਂ ਸਿਖ ਧਰਮ ਨਾਲ ਸੰਬੰਧਿਤ ਹੋਣ ਕਾਰਨ ਇਸ ਮੰਗ ਨੂੰ ਮਾ: ਤਾਰਾ ਸਿੰਘ ਨੇ ਫਿਰਕੂ ਰੂਪ ਦੇ ਕੇ ਉਠਾਇਆ। ਵੱਡੀਆਂ ਐਜੀਟੇਸ਼ਨਾਂ ਚੱਲੀਆਂ। ਹਜ਼ਾਰਾਂ ਲੋਕ ਜੇਲ੍ਹੀਂ ਗਏ। ਪ੍ਰੰਤੂ ਜਦੋਂ 1966 ਵਿਚ ਸੰਤ ਫਤਹਿ ਸਿੰਘ ਦੀ ਅਗਵਾਈ ਵਿਚ ਅਕਾਲੀ ਦਲ ਨੇ ਇਸ ਮੰਗ ਨੂੰ ਫਿਰਕੂ ਦਲਦਲ ਵਿਚੋਂ ਕੱਢ ਕੇ ਜਮਹੂਰੀ ਮੰਗ ਬਣਾ ਕੇ ਪੇਸ਼ ਕੀਤੀ ਤਾਂ ਇਸ ਮੰਗ ਨੂੰ ਪੰਜਾਬ ਦੀਆਂ ਜਮਹੂਰੀ ਪਾਰਟੀਆਂ ਨੇ ਵੀ ਪੂਰਾ ਸਮਰਥਨ ਦਿਤਾ ਤਾਂ ਬੋਲੀ ਦੇ ਆਧਾਰ ਉਪਰ ਪੰਜਾਬ ਦੀ ਮੰਗ ਪਰਵਾਨ ਹੋਈ।

ਬੋਲੀ ਦੇ ਆਧਾਰ ਉਪਰ ਪੰਜਾਬ ਦੀ ਬਣਤਰ ਤਾਂ ਪਰਵਾਨ ਹੋ ਕੇ ਅਮਲ ਵਿਚ ਆ ਗਈ ਪ੍ਰੰਤੂ ਚੰਡੀਗੜ੍ਹ ਸਮੇਤ ਅਨੇਕਾਂ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਰਖੇ ਗਏ। ਇਨ੍ਹਾਂ ਬਾਹਰ ਰਹੇ ਇਲਾਕਿਆਂ ਵਿਚੋਂ ਸਿਖ ਵਸੋਂ ਵਾਲੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕਰਨ ਲਈ ਅਕਾਲੀ ਦਲ ਨੇ ਆਪਣੀ ਮੰਗ ਹਮੇਸ਼ਾਂ ਹੀ ਉਠਾਈ, ਪ੍ਰੰਤੂ ਹਿੰਦੂ ਵਸੋਂ ਵਾਲੇ ਪੰਜਾਬੀ ਇਲਾਕੇ ਪੰਜਾਬ ਵਿਚ ਸ਼ਾਮਲ ਕਰਨ ਲਈ ਇਨ੍ਹਾਂ ਬੁਲ੍ਹ ਸੀਅ ਲਏ। ਇਨ੍ਹਾਂ ਇਲਾਕਿਆਂ ਵਿਚ ਕੁਲੂ, ਮਨਾਲੀ, ਕਾਂਗੜਾ, ਹਿਮਾਚਲ ਵਿਚ ਹਨ ਅਤੇ ਜੰਮੂ-ਪਠਾਨਕੋਟ, ਜੰਮੂ-ਕਸ਼ਮੀਰ ਰਾਜ ਵਿਚ ਹਨ। ਅਜਿਹਾ ਤਦ ਹੀ ਹੁੰਦਾ ਹੈ ਜੇਕਰ ਅਕਾਲੀ ਪਾਰਟੀ ਜਮਹੂਰੀ ਲੀਹਾਂ ਉਪਰ ਆਪਣੀਆਂ ਨੀਤੀਆਂ ਅਪਣਾਉਂਦੀ। ਅਕਾਲੀ ਦਲ ਨੇ ਕਦੀ ਵੀ ਆਪਣੀ ਰਾਜਨੀਤੀ ਦਾ ਫਿਰਕੂ ਆਧਾਰ ਨਹੀਂ ਤਿਆਗਿਆ ਇਸ ਫਿਰਕੂ ਆਧਾਰ ਨੂੰ ਅਕਾਲੀ ਦਲ ਵਿਚ ਭਾਰੂ ਜਾਗੀਰਦਾਰ ਲੀਡਰਸ਼ਿਪ ਆਪਣੇ ਹਿੱਤਾਂ ਲਈ ਸਦਾ ਹੀ ਵਰਤਦੀ ਰਹੀ ਹੈ। ਇਹੋ ਕਾਰਨ ਹੈ ਕਿ ਆਪਣੀ ਸਿਆਸਤ ਦੇ ਫਿਰਕੂ ਆਧਾਰ ਨੂੰ ਕਾਇਮ ਰੱਖਣ ਲਈ ਅਕਾਲੀ ਪਾਰਟੀ 'ਧਰਮ ਅਤੇ ਰਾਜਨੀਤੀ' ਦੇ ਇਕ ਹੋਣ ਦਾ ਗੈਰਜਮਹੂਰੀ ਅਤੇ ਗੈਰ ਵਿਗਿਆਨਕ ਰਾਗ ਸਦਾ ਹੀ ਅਲਾਪਦੀ ਰਹਿੰਦੀ ਹੈ।

ਅਕਾਲੀਆਂ ਦੀ ਫਿਰਕੂ ਰਾਜਨੀਤੀ ਦਾ ਰੁਖ ਹੀ, ਹਾਕਮ ਜਮਾਤ ਦੀਆਂ ਪਾਰਟੀਆਂ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਨੂੰ, ਆਮ ਲੋਕਾਂ ਨੂੰ ਪੰਜਾਬ ਵਿਚ ਫਿਰਕੂ ਲੀਹਾਂ ਉਪਰ ਵੰਡਣ ਦੀ ਖੇਡ ਖੇਡਣ ਦਾ ਸੁਨਹਿਰੀ ਮੌਕਾ ਪ੍ਰਦਾਨ ਕਰਦਾ ਹੈ।

ਹਾਕਮ ਜਮਾਤਾਂ ਅਤੇ ਫਿਰਕੂ ਪਾਰਟੀਆਂ ਦੀ ਇਹੋ ਰਾਜਨੀਤੀ ਲੋਕਾਂ ਨੂੰ ਵੰਡ ਦੀ ਹੈ, ਉਨ੍ਹਾਂ ਦੀ ਏਕਤਾ ਤੋੜਦੀ ਹੈ, ਅਤੇ ਲੁਟੇਰੇ ਹਾਕਮਾਂ ਨੂੰ ਆਪਣਾ ਰਾਜ ਪੱਕਾ ਰਖਣ ਅਤੇ ਕਾਇਮ ਰੱਖਣ ਵਿਚ ਸਹਾਈ ਹੁੰਦੀ ਹੈ।

ਇਥੇ ਅਸੀਂ ਚੰਡੀਗੜ੍ਹ ਦੀ ਗੱਲ ਕਰ ਰਹੇ ਸੀ, ਕਿ ਉਸ ਨੂੰ ਪੰਜਾਬ ਹਵਾਲੇ ਕਰਨ ਦੇ ਅਮਲ ਨੂੰ ਲਮਕਾਉਣ ਲਈ, ਜਿਸ ਨਵੇਂ ਡਿਸਾਈ ਕਮਿਸ਼ਨ ਨੂੰ ਬੈਠਾਇਆ ਹੈ, ਉਹ ਬੇਅਰਥ ਅਤੇ ਕਿਸੇ ਦਲੀਲ ਤੋਂ ਰਹਿਤ ਹੈ। ਇਸ ਵਿਚ ਪੰਜਾਬ ਸਰਕਾਰ ਨੇ ਜੋ ਬਾਜਵ ਸਟੈਂਡ ਲਿਆ ਹੈ ਉਹ ਸ਼ਲਾਘਾਯੋਗ ਹੈ। ਪੰਜਾਬ ਅਸੰਬਲੀ 70,000 ਏਕੜ ਰਕਬਾ ਹਰਿਆਣੇ ਨੂੰ ਦੇਣਾ ਪਰਵਾਨ ਕਰ ਚੁੱਕੀ ਹੈ। ਜਿਸ ਵਿਚੋਂ 45 ਹਜ਼ਾਰ ਏਕੜ ਨਿਰਧਾਰਤ ਕੀਤਾ ਜਾ ਚੁਕਾ ਹੈ ਅਤੇ ਬਾਕੀ 25 ਹਜ਼ਾਰ ਏਕੜ ਜਿਸ ਭਾਸ਼ਾਈ ਕਮਿਸ਼ਨ ਨੇ ਇਲਾਕਿਆਂ ਦੀ ਬੋਲੀ ਦੇ ਆਧਾਰ ਤੇ ਪਛਾਣ ਕਰਨੀ ਹੈ, ਉਸਦੇ ਹਵਾਲੇ ਕਰ ਦਿਤਾ ਜਾਵੇ ਅਤੇ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰ ਦਿਤਾ ਜਾਵੇ। ਪ੍ਰੰਤੂ ਕੇਂਦਰ ਦੀ ਰਾਜੀਵ ਸਰਕਾਰ ਅਤੇ ਹਰਿਆਣਾ ਕਹਿ ਰਹੇ ਹਨ ਕਿ ਚੰਡੀਗੜ੍ਹ ਅਤੇ ਸੱਤਰ ਹਜ਼ਾਰ ਏਕੜ ਇਕੋ ਵੇਲੇ ਤਬਦੀਲ ਕਰਨਾ ਹੈ। ਇਹ ਕਿਹਾ ਇਨਸਾਫ ਹੈ ? ਜਿਸ ਦੇ ਹੱਥ ਵਿਚ ਤੱਕੜੀ ਹੈ ਉਹ ਹੀ 'ਬਾਂਦਰ ਵਾਂਗ ਰੋਟੀ ਵੰਡਣ ਦੀ' ਗੈਰ ਮੁਨਾਸਬ ਖੇਲ ਖੇਲ ਰਿਹਾ ਹੈ।

ਪੰਜਾਬ ਵਿਚ ਅਮਨ ਚਾਹੁਣ ਵਾਲੀਆਂ ਭਾਰਤ ਦੀਆਂ ਜਮਹੂਰੀ ਸ਼ਕਤੀਆਂ ਅਤੇ ਪੰਜਾਬ ਦੇ ਆਮ ਲੋਕ ਕੇਂਦਰੀ ਸਰਕਾਰ ਦੀ ਲਮਕਾ ਵਾਲੀ ਪਾਲਸੀ ਤੋਂ ਅਤਿਅੰਤ ਮਾਯੂਸ ਹਨ। ਇਹੋ ਹੀ ਨਹੀਂ ਪੰਜਾਬ ਤੋਂ ਬਾਹਰ ਵਸਦੇ ਪੰਜਾਬੀ ਸਿੱਖ ਮਸਲੇ ਦੇ ਨਾ ਮੁਕਣ ਕਾਰਨ ਡਾਢੇ ਬੇਜ਼ਾਰ ਹਨ।

ਇਸ ਲਮਕਾ ਦੀ ਪਾਲਸੀ ਦੇ ਕਾਰਨ, ਜਿਹੜੇ ਲੋਕ ਪੰਜਾਬ ਵਿਚ ਅਮਨ ਨਹੀਂ ਚਾਹੁੰਦੇ ਅਤੇ ਅਤਿਵਾਦ ਦੇ ਰਾਹ ਤੁਰੇ ਹੋਏ ਹਨ, ਉਨ੍ਹਾਂ ਨੂੰ ਆਪਣੀਆਂ ਦੇਸ਼ ਧਰੋਹੀ ਵਾਲੀਆਂ ਕਾਰਵਾਈਆਂ ਚਲਾਉਣ ਲਈ ਮੌਕਾ ਮਿਲਦਾ ਹੈ।

ਕੇਂਦਰੀ ਸਰਕਾਰ ਦੀ ਅਜਿਹੀ ਗਲਤ ਨੀਤੀ ਦੇ ਸਬੰਧ ਵਿਚ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੀ ਸੂਬਾ ਕਮੇਟੀ ਦੇ ਸਕੱਤਰ ਸਾਥੀ ਸਤਵੰਤ ਸਿੰਘ ਨੇ ਜੋ ਬਿਆਨ ਜਾਰੀ ਕੀਤਾ ਹੈ, ਉਸ ਵਿਚ ਸਾਫ ਕਿਹਾ ਗਿਆ ਹੈ ਕਿ "ਸੀ. ਪੀ. ਆਈ(ਮ) ਦਾ ਸਕੱਤਰੇਤ ਸਮਝਦਾ ਹੈ ਕਿ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵਲੋਂ ਵਾਰ ਵਾਰ ਦਿਤੇ ਗਏ ਭਰੋਸਿਆਂ ਦੇ ਬਾਵਜੂਦ 21 ਜੂਨ ਨੂੰ ਚੰਡੀਗੜ੍ਹ ਦੇ ਪੰਜਾਬ ਨੂੰ ਤਬਦੀਲ ਨਾ ਕੀਤੇ ਜਾਣ ਨੇ ਉਨ੍ਹਾਂ ਸਾਰਿਆਂ ਨੂੰ ਨਿਰਾਸ਼ ਕੀਤਾ ਹੈ ਜਿਹੜੇ ਉਤਸੁਕਤਾ ਨਾਲ ਆਸ ਕਰ ਰਹੇ ਸਨ ਕਿ ਪੰਜਾਬ ਸਮਝੌਤੇ ਦਾ ਇਹ ਹਿੱਸਾ ਲਾਗੂ ਹੋ ਜਾਵੇਗਾ।" ਬਿਆਨ ਵਿਚ ਅਗੇ ਜਾ ਕੇ ਕੇਂਦਰੀ ਸਰਕਾਰ ਦੀ ਇਸ ਗਲਤ ਨੀਤੀ ਦੀ ਟੀਕਾ ਟਿਪਣੀ ਕਰਦਿਆਂ ਕਿਹਾ ਗਿਆ ਹੈ, ".... ਨਵਾਂ ਡਿਸਾਈ ਕਮਿਸ਼ਨ ਨਿਯੁਕਤ ਕਰਨਾ ਦਸਦਾ ਹੈ ਕਿ ਕੇਂਦਰ ਸਰਕਾਰ ਪੰਜਾਬ ਸਮਝੌਤੇ ਨੂੰ ਲਾਗੂ ਕਰਨ ਸੰਬੰਧੀ ਆਪਣੀ ਢਿੱਲ ਮੱਠ ਦੀ ਨੀਤੀ, ਇਸ ਤੱਥ ਨੂੰ ਮੁਕੰਮਲ ਤੌਰ ਤੇ ਨਜ਼ਰ ਅੰਦਾਜ਼ ਕਰਦਿਆਂ ਜਾਰੀ ਰਖ ਰਹੀ ਹੈ ਕਿ ਇਸ ਨੀਤੀ ਦੇ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਖਤਰਨਾਕ ਸਿੱਟੇ ਨਿਕਲਦੇ ਹਨ। ਕੇਂਦਰ ਸਰਕਾਰ ਦੇ ਇਸ ਫੈਸਲੇ ਨਾਲ ਸਮਝੌਤਾ ਪੱਖੀ ਸ਼ਕਤੀਆਂ ਨੂੰ ਸੱਟ ਵੱਜੀ ਹੈ ਅਤੇ ਸਮਝੌਤਾ ਵਿਰੋਧੀ ਸ਼ਕਤੀਆਂ ਨੂੰ ਬਲ ਮਿਲਿਆ ਹੈ। ਜਿਹੜੀਆਂ ਕਿ ਪਹਿਲਾਂ ਹੀ ਇਹ ਪਰਚਾਰ ਕਰਦੀਆਂ ਆ ਰਹੀਆਂ ਸਨ ਕਿ ਕੇਂਦਰ ਸਮਝੌਤੇ ਨੂੰ ਲਾਗੂ ਕਰਨ ਲਈ ਈਮਾਨਦਾਰ ਨਹੀਂ ਹੈ। ਇਸ ਨੇ ਸਾਮਰਾਜੀ ਸ਼ਹਿਰ ਪ੍ਰਾਪਤ ਸਿੱਖ ਵੱਖਵਾਦੀ ਅਤਿਵਾਦੀਆਂ ਨੂੰ ਵੀ ਆਪਣੇ ਰਾਸ਼ਟਰ ਵਿਰੋਧੀ ਮਨਸੂਬਿਆਂ ਲਈ ਸਿੱਖ ਜਨਸਮੂਹ ਨੂੰ ਭਟਕਾਉਣ ਲਈ ਇਕ ਹੋਰ ਆਧਾਰ ਮੁਹੱਈਆ ਕਰ ਦਿੱਤਾ ਹੈ।

ਸਕੱਤਰੇਤ ਨੇ ਇਸ ਦੇ ਨਾਲ ਹੀ ਅਕਾਲੀ ਲੀਡਰਸ਼ਿਪ ਨੂੰ ਵੀ ਅਪੀਲ ਕਰਦਿਆਂ ਕਿਹਾ ਹੈ, "ਸਕੱਤਰੇਤ ਅਕਾਲੀ ਲੀਡਰਸ਼ਿਪ ਨੂੰ ਅਪੀਲ ਕਰਦਾ ਹੈ ਕਿ ਉਹ ਰਾਸ਼ਟਰੀ ਹਿਤਾਂ ਨੂੰ ਮੁਖ ਰਖਦਿਆਂ ਲੈਣ ਦੇਣ ਦੀ ਭਾਵਨਾ 'ਚ ਇਲਾਕਾਈ ਝਗੜੇ ਦਾ ਨਿਪਟਾਰਾ ਕਰਨ ਲਈ ਯਤਨ ਕਰੇ।"

ਅਸੀਂ ਏਥੇ ਬਾਹਰ ਬਦੇਸ਼ਾਂ ਵਿਚ ਬੈਠੇ ਲੱਖਾਂ ਦੀ ਗਿਣਤੀ ਵਿਚ ਭਾਰਤੀ ਲੋਕ ਇਹ ਆਸ ਰਖਦੇ ਹਾਂ ਕਿ ਕੇਂਦਰ ਆਪਣੀ ਤੰਗ ਨਜ਼ਰੀ ਦੀ ਪਾਲਸੀ ਨੂੰ ਤਿਆਗ ਕੇ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰੇ, ਪੰਜਾਬ ਅਤੇ ਹਰਿਆਣੇ ਵਿਚ ਲੋਕਾਂ ਵਿਚ ਸਦਭਾਵਨਾ ਪੈਦਾ ਕਰਨ ਲਈ ਆਪਣੀ 'ਪਾੜੋ ਤੇ ਰਾਜ ਕਰੋ' ਦੀ ਅੰਗਰੇਜ਼ਾਂ ਵਾਲੀ ਨੀਤੀ ਤਿਆਗੇ, ਕਿਉਂਕਿ ਇਹ ਨੀਤੀ ਭਾਰਤ ਦੇ ਵਿਆਪਕ ਹਿਤਾਂ ਵਿਚ ਨਹੀਂ ਹੈ।

ਮੰਤਰੀ ਨੇ ਵੀ ਅਸ਼ਟਾਮ ਬਲੈਕ 'ਚ ਲਏ

ਫਰੀਦਕੋਟ — ਸ: ਦਲੀਪ ਸਿੰਘ ਪਾਂਧੀ ਰਾਜ ਮੰਤਰੀ ਭਲਾਈ ਵਿਭਾਗ ਪੰਜਾਬ ਨੇ ਪੱਤਰਕਾਰਾਂ ਨੂੰ ਇਸ ਗਲ ਦਾ ਪ੍ਰਗਟਾਵਾ ਕੀਤਾ ਕਿ ਕਚਹਿਰੀਆਂ ਵਿਚ ਬੈਠਣ ਵਾਲੇ ਅਸ਼ਟਾਮ ਫਰੋਸ਼ ਨੇ ਉਨ੍ਹਾਂ ਨੂੰ ਵੀ ਮੁਆਫ ਨਹੀਂ ਕੀਤਾ। ਉਨ੍ਹਾਂ ਨੂੰ ਵੀ ਤਿੰਨ ਰੁਪਏ ਵਾਲਾ ਅਸ਼ਟਾਮ ਤੇ ਦਸ ਪੈਸੇ ਵਾਲੇ ਪੱਕੇ ਕਾਗਜ਼ ਸਮਰਾਲਾ ਕਚਹਿਰੀ ਵਿਚ ਬੈਠਣ ਵਾਲੇ ਅਸ਼ਟਾਮ ਫਰੋਸ਼ਾਂ ਨੇ ਬਲੈਕ ਵਿਚ ਦਿਤੇ। ਉਹਨਾਂ ਕਿਹਾ ਕਿ ਇਹਨਾਂ ਗੱਲਾਂ ਨੂੰ ਮੁਖ ਰਖਦਿਆਂ ਹੋਇਆਂ ਪੰਜਾਬ ਸਰਕਾਰ ਨੇ ਇਸ ਗੱਲ ਦਾ ਫੈਸਲਾ ਕੀਤਾ ਕਿ ਅੱਗੇ ਤੋਂ ਲੋੜਵੰਦ ਵਿਅਕਤੀ ਨੂੰ ਤਿੰਨ ਰੁਪਏ ਵਾਲਾ ਅਸ਼ਟਾਮ ਜ਼ਿਲਾ ਖਜ਼ਾਨਾ ਦਫਤਰ ਵਿਚੋਂ ਮੌਕੇ ਤੇ ਹੀ ਤਿੰਨ ਰੁਪਏ ਦੇ ਕੇ ਮਿਲ ਜਾਇਆ ਕਰੇਗਾ। ਬਾਅਦ ਵਿਚ ਉਨ੍ਹਾਂ ਨੇ ਪਛੜੀ ਸ਼ਰੇਣੀ ਅਤੇ ਸ਼ਡੂਲਡ ਕਾਸਟ ਦੇ ਵਰਕਰਾਂ ਦੀਆਂ ਸ਼ਕਾਇਤਾ ਇਕ ਖੁਲ੍ਹੇ ਦਰਬਾਰ ਲਾਗੇ ਸੁਣੀਆਂ ਉਸ ਵੇਲੇ ਜ਼ਿਲਾ ਅਧਿਕਾਰੀ ਦੇ ਨਾਲ ਨਾਲ ਸਮਾਜ ਭਲਾਈ ਵਿਭਾਗ ਦੇ ਅਫਸਰ ਵੀ ਹਾਜ਼ਰ ਸਨ ਤੇ ਉਨ੍ਹਾਂ ਨੇ ਇਸ ਗੱਲ ਦੀ ਹਦਾਇਤ ਕੀਤੀ ਗਈ ਕਿ ਉਹ ਇਨ੍ਹਾਂ ਵਰਗਾਂ ਦੀਆਂ ਸ਼ਕਾਇਤਾਂ ਦਾ ਮੌਕੇ ਤੇ ਹੀ ਨਿਪਟਾਰਾ ਕਰਨ ਉਹਨਾਂ ਕਿਹਾ ਕਿ ਹੁਣ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਹਰੀਜਨ ਨਵ ਧਰਮਸ਼ਾਲਾ ਦੀ ਉਸਾਰੀ ਲਈ ਜ਼ਿਲੇ ਦੇ ਡਿਪਟੀ ਕਮਿਸ਼ਨਰ ਤੇ ਉਪਰ ਮੰਡਲ ਅਫਸਰ ਨੂੰ ਇਕ ਲਖ ਰੁਪਏ ਦੀ ਗਰਾਂਟ ਮਨਜ਼ੂਰ ਕਰਨ ਦਾ ਅਧਿਕਾਰ ਹੋਵੇਗਾ।

ਪਾਕਿ ਡਿਪਲੋਮੇਟ ਤੇ ਹਮਲੇ ਦੀ ਜਾਂਚ ਅਰੰਭ — ਸਥਿਤੀ 'ਚ ਸੁਧਾਰ — ਬੁਲਾਰਾ

ਇਸਲਾਮਾਬਾਦ — ਲਾਹੌਰ ਵਿਚ ਅਮਰੀਕਾ ਦੇ ਕੌਂਸਲ ਜਨਰਲ ਸ਼ੇਫਰ ਡੇਨਾਰ ਨੇ ਕਿਹਾ ਹੈ ਕਿ ਜੇ ਭਾਰਤ ਜਾਂ ਈਰਾਨ ਨੇ ਹਮਲਾ ਕੀਤਾ ਤਾਂ ਉਨ੍ਹਾਂ ਦਾ ਦੇਸ਼ (ਅਮਰੀਕਾ) ਪਾਕਿਸਤਾਨ ਦੀ ਸਹਾਇਤਾ ਨਹੀਂ ਕਰੇਗਾ। ਉਰਦੂ ਦੇ ਰੋਜ਼ਾਨਾ ਸਮਾਚਾਰ ਪੱਤਰ 'ਜੰਗ' ਨਾਲ ਇਕ ਇੰਟਰਵਿਊ ਵਿਚ ਅਮਰੀਕੀ ਸਫੀਰ ਨੇ ਕਿਹਾ ਕਿ ਜੇ ਰੂਸ ਜਾਂ ਚੀਨ ਨੇ ਹਮਲਾ ਕੀਤਾ ਤਾਂ ਅਮਰੀਕਾ ਪਾਕਿਸਤਾਨ ਦੀ ਸਹਾਇਤਾ ਕਰੇਗਾ। ਅਜਿਹਾ ਹਮਲਾ ਹੋਣ ਦੀ ਸੂਰਤ ਵਿਚ ਉਨ੍ਹਾਂ ਦਾ ਦੇਸ਼ ਦੋਵਾਂ ਦੇਸ਼ਾਂ ਵਿਚਾਲੇ ਹੋਏ ਫੌਜੀ ਸਮਝੌਤੇ ਤੇ ਪੂਰੀ ਤਰ੍ਹਾਂ ਅਮਲ ਕਰੇਗਾ। ਇਕ ਪ੍ਰਸ਼ਨ ਦੇ ਉਤਰ ਵਿਚ ਅਮਰੀਕਾ ਦੇ ਕੌਂਸਲ ਜਨਰਲ ਨੇ ਕਿਹਾ ਕਿ ਅਮਰੀਕਾ ਪਾਕਿਸਤਾਨ ਨੂੰ ਆਪਣੀਆਂ ਊਰਜਾ-ਲੋੜਾਂ ਲਈ ਤੇਲ ਤੇ ਕੁਦਰਤੀ ਗੈਸ ਦੀ ਖੋਜ ਲਈ ਵਿਤੀ ਸਹਾਇਤਾ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਪ੍ਰਮਾਣੂ ਊਰਜਾ ਲਈ ਪਾਕਿਸਤਾਨ ਨੂੰ ਕੋਈ ਸਹਾਇਤਾ ਨਹੀਂ ਦੇ ਸਕਦਾ। ਅਮਰੀਕੀ ਸਫੀਰ ਨੇ ਇਸ ਗੱਲ ਤੇ ਜ਼ੋਰ ਦਿਤਾ ਕਿ ਭਾਰਤ ਅਤੇ ਪਾਕਿਸਤਾਨ ਦੋਵਾਂ ਨੂੰ ਪ੍ਰਮਾਣੂ ਹਥਿਆਰਾਂ ਦਾ ਵਿਸਤਾਰ ਰੋਕਣ ਲਈ ਇਕ ਸਮਝੌਤੇ ਤੇ ਦਸਖਤ ਕਰਨੇ ਚਾਹੀਦੇ ਹਨ ਅਤੇ ਪ੍ਰਮਾਣੂ ਠਿਕਾਣਿਆਂ ਦੇ ਪਰਸਪਰ ਮੁਆਇਨੇ ਲਈ ਖੁਲ੍ਹ ਹੋਣੀ ਚਾਹੀਦੀ ਹੈ।

ਪੁਲਿਸ ਮੁਠਭੇੜ ਵਿਚ ਤਿੰਨ ਆਤੰਕਵਾਦੀ ਤੇ ਸੱਤ ਹੋਰ ਮਾਰੇ ਗਏ

23 ਅਤਿਵਾਦੀ ਗ੍ਰਿਫਤਾਰ

ਚੰਡੀਗੜ੍ਹ — ਲਗਭਗ 2 ਜੁਲਾਈ ਨੂੰ ਪੁਲਸ ਨਾਲ ਹੋਈ ਇਕ ਮੁਠਭੇੜ ਵਿਚ ਕੁਲ ਦਸ ਵਿਅਕਤੀ ਮਾਰੇ ਗਏ ਜਿਨ੍ਹਾਂ ਵਿਚੋਂ ਤਿੰਨ ਖਤਰਨਾਕ ਆਤੰਕਵਾਦੀ ਸਨ ਤੇ ਕੁਲ 23 ਵਿਅਕਤੀ ਗ੍ਰਿਫਤਾਰ ਕੀਤੇ ਗਏ ਇਹਨਾਂ ਵਿਚ ਤਿੰਨ ਅਤਿਵਾਦੀ ਜੋ ਪਾਕਿਸਤਾਨ ਦੁਆਰਾ ਟਰੇਨਿੰਗ ਲੈ ਕੇ ਆਏ ਸਨ ਨੂੰ ਗ੍ਰਿਫਤਾਰ ਕੀਤਾ ਗਿਆ।

ਇਕ ਸਰਕਾਰੀ ਬੁਲਾਰੇ ਅਨੁਸਾਰ ਤਿੰਨ ਆਤੰਕਵਾਦੀ ਜੋ ਜੀਪ ਤੇ ਸਵਾਰ ਸਨ ਪੁਲਿਸ ਮੁਠਭੇੜ ਵਿਚ ਮਾਰੇ ਗਏ ਫਿਰੋਜ਼ਪੁਰ ਜ਼ਿਲੇ ਦੇ ਚਕਸੋਨੀਆ ਪਿੰਡ ਦੇ ਨਜ਼ਦੀਕ ਪੰਜ ਕਾਰ ਸਵਾਰਾਂ ਨੂੰ ਆਤੰਕਵਾਦੀਆਂ ਮਾਰ ਦਿਤਾ ਤੇ ਇਹਨਾਂ ਦੀਆਂ ਲਾਸ਼ਾਂ ਨੂੰ ਕਾਰ ਵਿਚੋਂ ਜੀਪ ਵਿਚ ਸੁੱਟ ਰਹੇ ਸਨ ਤਾਂ ਇਕ ਸਾਈਕਲ ਸਵਾਰ ਉਥੋਂ ਦੀ ਗੁਜ਼ਰ ਰਿਹਾ ਸੀ ਸੋ ਇਹਨਾਂ ਉਸਨੂੰ ਵੀ ਮਾਰ ਦਿਤਾ ਤੇ ਫਿਰ ਲਾਸ਼ਾਂ ਨੂੰ ਉਥੇ ਸੁੱਟ ਕਾਰ ਤੇ ਜੀਪ ਵਿਚ ਸਵਾਰ ਹੋ ਕੇ ਨੱਸ ਗਏ।

ਤਿੰਨ ਆਤੰਕਵਾਦੀ ਜਿਹਨਾਂ ਵਿਚ ਬਲਵੀਰ ਸਿੰਘ ਜੋ ਇਸ਼ਤਿਹਾਰੀ ਮੁਜ਼ਰਮ ਹੈ ਤੇ ਜਿਸਨੂੰ ਫੜਨ ਲਈ 50000 ਰੁਪਏ ਦਾ ਇਨਾਮ ਰੱਖਿਆ ਹੈ ਤੇ ਉਸਦਾ ਸਾਥੀ ਅਜੀਤਪਾਲ ਸਿੰਘ ਮਾਰੇ ਗਏ ਤੇ ਤਿੰਨ ਜ਼ਖਮੀ ਹੋਏ ਇਹ ਘਟਨਾ ਉਦੋਂ ਹੋਈ ਜਦੋਂ ਕਿ ਉਹਨਾਂ ਕੌਮੀ ਏਕਤਾ ਕਮੇਟੀ ਦੇ ਤੇ ਕਾਂਗਰਸ ਆਈ ਦੇ ਲੀਡਰ ਸ੍ਰੀ ਖੁੱਲਰ ਤੇ ਹਮਲਾ ਕੀਤਾ ਤੇ ਉਹਨਾਂ ਨੂੰ ਜ਼ਖਮੀ ਕੀਤਾ ਇਹ ਘਟਨਾ ਮਾਡਲ ਟਾਊਨ ਜਲੰਧਰ ਵਿਚ ਹੋਈ।

ਸਰਕਾਰੀ ਰਿਪੋਰਟ ਅਨੁਸਾਰ ਇਹ ਘਟਨਾ ਉਦੋਂ ਹੋਈ ਜਦੋਂ ਖੁੱਲਰ ਆਪਣੇ ਬਾਡੀ ਗਾਰਡਾਂ ਸਮੇਤ ਆਪਣੀ ਦੁਕਾਨ ਤੇ ਜਾ ਰਹੇ ਸਨ ਤਾਂ ਸਕੂਟਰ ਸਵਾਰ ਆਤੰਕਵਾਦੀਆਂ ਨੇ ਖੁੱਲਰ ਤੇ ਗੋਲੀ ਚਲਾਈ ਤੇ ਖੁੱਲਰ ਦੇ ਬਾਡੀਗਾਰਡਾਂ ਨੇ ਜਵਾਬ ਵਿਚ ਗੋਲੀ ਚਲਾਈ ਤਾਂ ਆਤੰਕਵਾਦੀ ਘਬਰਾ ਕੇ ਸਕੂਟਰ ਤੋਂ ਡਿੱਗ ਪਏ ਇਸ ਤਰ੍ਹਾਂ ਗੋਲੀਆਂ ਦੇ ਤਬਦਾਲੇ ਵਿਚ ਆਤੰਕਵਾਦੀ ਬਲਵੀਰ ਸਿੰਘ ਮਾਰਿਆ ਗਿਆ ਤੇ ਇਕ ਰਾਹਗੀਰ ਵੀ ਮਾਰਿਆ ਗਿਆ। ਦੋ ਆਤੰਕਵਾਦੀ ਜੋ ਭੱਜਣ ਵਿਚ ਲੱਗੇ ਸਨ ਨੂੰ ਪੁਲੀਸ ਨੇ ਆ ਘੇਰਿਆ ਤੇ ਅਜੀਤਪਾਲ ਸਿੰਘ ਬੁਰੀ ਤਰ੍ਹਾਂ ਜ਼ਖਮੀ ਹੋਇਆ ਤੇ ਦਮਤੋੜ ਗਿਆ। ਤੀਜਾ ਆਤੰਕਵਾਦੀ ਭੱਜਣ ਵਿਚ ਸਫਲ ਹੋ ਗਿਆ। ਸ੍ਰੀ ਖੁੱਲਰ ਦੇ ਅੰਗ ਰਖਿਅਕਾਂ ਦੀ ਹਾਲਤ ਹੁਣ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।

ਅੰਮ੍ਰਿਤਸਰ ਜ਼ਿਲੇ ਵਿਚ ਵਾਪਰੀ ਇਕ ਘਟਨਾ ਵਿਚ ਸੁਖਾ ਨਾਮੀ ਆਤੰਕਵਾਦੀ ਸੀ. ਆਰ. ਪੀ. ਐਫ. ਨਾਲ ਹੋਈ ਮੁਠਭੇੜ ਵਿਚ ਮਾਰਿਆ ਗਿਆ ਸੁਖਾ ਜਿਸਨੂੰ ਰਈਆ ਤੋਂ ਫੜਿਆ ਸੀ ਸੀ. ਆਰ. ਪੀ. ਵਾਲੇ ਜੀਪ ਵਿਚ ਬਿਠਾਕੇ ਬਿਆਸ ਪੁਲਸ ਸਟੇਸ਼ਨ ਲਿਜਾ ਰਹੇ ਸਨ ਤੇ ਜੀਪ ਵਿਚੋਂ ਛਾਲ ਮਾਰੀ ਤੇ ਨੱਸਣ ਲੱਗੇ ਦੇ ਸੀ. ਆਰ. ਪੀ. ਦੇ ਜਵਾਨ ਨੇ ਗੋਲੀ ਚਲਾਈ ਤੇ ਸੁਖਾ ਮੌਕੇ ਤੇ ਹੀ ਮਾਰਿਆ ਗਿਆ। ਇਹ ਸੁੱਖਾ ਬੱਬਰ ਖਾਲਸਾ ਅਵਤਾਰ ਸਿੰਘ ਦਾ ਸਾਥੀ ਸੀ ਜਿਸਨੂੰ ਕਿ ਪਿਛਲੇ ਹਫਤੇ ਗ੍ਰਿਫਤਾਰ ਕਰ ਲਿਆ ਗਿਆ।

ਇਕ ਹੋਰ ਮੁਠਭੇੜ ਵਿਚ ਇਕ ਆਤੰਕਵਾਦੀ ਜ਼ਖਮੀ ਹੋਇਆ ਤੇ ਇਸਦਾ ਸਾਥੀ ਭੱਜਣ ਵਿਚ ਸਫਲ ਹੋਇਆ ਇਹ ਘਟਨਾ ਫਿਰੋਜ਼ਪੁਰ ਜ਼ਿਲੇ ਵਿਚ ਸੋਮਵਾਰ ਦੀ ਰਾਤ ਨੂੰ ਹੋਈ ਦੱਸੀ ਜਾਂਦੀ ਹੈ। ਦਸਿਆ ਜਾਂਦਾ ਹੈ ਕਿ ਦੋ ਆਤੰਕਵਾਦੀ ਸੰਦੇਹ ਜਨਕ ਹਾਲਤ ਵਿਚ ਘੁੰਮ ਰਹੇ ਸਨ ਤੇ ਜਦੋਂ ਪੁਲੀਸ ਨੇ ਉਹਨਾਂ ਨੂੰ ਲਲਕਾਰਿਆ ਤਾਂ ਉਹਨਾਂ ਨੱਸਣ ਦੀ ਕੋਸ਼ਿਸ਼ ਕੀਤੀ ਪੁਲਿਸ ਨੇ ਗੋਲੀ ਚਲਾਈ ਤੇ ਇਕ ਆਤੰਕਵਾਦੀ ਜ਼ਖਮੀ ਹੋਇਆ ਜਦੋਂ ਕਿ ਦੂਜਾ ਹਨੇਰੇ ਵਿਚ ਭੱਜਣ ਵਿਚ ਸਫਲ ਹੋਇਆ।

ਜ਼ਖਮੀ ਹੋਏ ਆਤੰਕਵਾਦੀ ਜਗਦੀਸ਼ ਸਿੰਘ ਦੇ ਘਰੋਂ ਅਸਲਾ ਤੇ ਹਥਿਆਰ ਬਰਾਮਦ ਕੀਤੇ ਗਏ। ਜਗਦੀਸ਼ ਸਿੰਘ ਸੁਖਦੇਵ ਸਿੰਘ ਸਖੀਰਾ ਦਾ ਸਾਥੀ ਹੈ ਜੋ ਕਿ ਮਈ ਮਹੀਨੇ ਵਿਚ ਆਤੰਕਵਾਦੀ ਗਰੁਪਾਂ ਵਿਚ ਹੋਈ ਆਪਸੀ ਮੁਠਭੇੜ ਵਿਚ ਮਾਰਿਆ ਗਿਆ ਸੀ।

ਤਿੰਨ ਅਤਿਵਾਦੀ ਜਿਹਨਾਂ ਨੇ ਇਹ ਸਵੀਕਾਰ ਕੀਤਾ ਹੈ ਕਿ ਉਹਨਾਂ ਨੂੰ ਪਾਕਿਸਤਾਨ ਵਿਚ ਸਿਖਲਾਈ ਦਿਤੀ ਗਈ ਹੈ ਜਿਹਨਾਂ ਨੇ ਬੀ. ਐਸ. ਐਫ. ਨੂੰ ਆਤਮਸਮਰਪਣ ਕੀਤਾ ਇਹਨਾਂ ਦੇ ਨਾਂ ਹਨ ਬਿਹਾਰਾ, ਜਸਵਿੰਦਰ ਸਿੰਘ ਤੇ ਬਲਵੀਰ ਸਿੰਘ। ਇਹਨਾਂ ਡੇਰਾ ਬਾਬਾ ਨਾਨਕ ਵਿਖੇ ਗੁਰਦਾਸਪੁਰ ਜ਼ਿਲੇ ਵਿਚ ਆਪਣੇ ਆਪ ਨੂੰ ਬਾਰਡਰ ਸਕਿਉਰਿਟੀ ਫੋਰਸ ਦੇ ਹਵਾਲੇ ਕੀਤਾ।

ਸ਼ੋਕ ਸਮਾਚਾਰ

ਇਹ ਸੂਚਨਾ ਬੜੇ ਦੁਖ ਨਾਲ ਦਿਤੀ ਜਾਂਦੀ ਹੈ ਕਿ ਮਾਤਾ ਮਾਲਨ ਕੌਰ ਜੌਹਲ ਪਿੰਡ ਜੰਡਿਆਲਾ ਜ਼ਿਲਾ ਜਲੰਧਰ 28 ਜੂਨ 86 ਨੂੰ ਅਚਾਨਕ ਦਿਲ ਦੀ ਧੜਕਣ ਬੰਦ ਹੋਣ ਕਾਰਨ ਇਸ ਦੁਨੀਆਂ ਤੋਂ ਅਕਾਲ ਚਲਾਣਾ ਕਰ ਗਏ ਸਨ। ਮਾਤਾ ਜੀ ਦੇ ਸਪੁੱਤਰ ਸਵਰਗਵਾਸੀ ਭਾਈ ਚੈਨ ਸਿੰਘ ਜੌਹਲ, ਤਾਰਾ ਸਿੰਘ ਜੋਹਲੰਘ ਜੌਹਲ, ਸੋਹਣ ਸਿੰਘ ਜੌਹਲ ਦੇ ਪਰਿਵਾਰਾਂ ਵਲੋਂ ਮਾਤਾ ਜੀ ਦੀ ਯਾਦ ਵਿਚ ਗੁਰੂ ਨਾਨਕ ਸਿਖ ਟੈਂਪਲ ਸਰੀ ਵਿਖੇ 18 ਜੁਲਾਈ 1986 ਨੂੰ ਸਵੇਰੇ ਦਸ ਵਜੇ ਸ੍ਰੀ: ਅਖੰਡ ਪਾਠ ਸਾਹਿਬ ਰਖਾਏ ਜਾਣਗੇ। ਜਿਸਦਾ ਭੋਗ 20 ਜੁਲਾਈ 86 ਸਵੇਰ ਦਸ ਵਜੇ ਮਾਤਾ ਜੀ ਦੇ ਨਮਿਤ ਪਾਇਆ ਜਾਵੇਗਾ।

ਫੋਨ : 591-9249

ਹਿਦੂਆਂ ਦੀ ਹਿਜਰਤ ਬਾਰੇ ਖਬਰਾਂ ਗਲਤ

ਸੂਚੀ ਵੀ ਗਲਤ ਛਾਪੀ — ਸਰਕਾਰ ਕਾਰਵਾਈ ਕਰੇਗੀ — ਕਾਹਲੋਂ

ਗੁਰਦਾਸਪੁਰ — ਪੰਜਾਬ ਦੇ ਰਾਜ ਮੰਤਰੀ ਸ: ਨਿਰਮਲ ਸਿੰਘ ਕਾਹਲੋਂ ਅਤੇ ਅਕਾਲੀ ਦਲ ਦੇ ਮੀਤ ਪ੍ਰਧਾਨ ਸ: ਹਰਬੰਸ ਸਿੰਘ ਘੁੰਮਣ ਨੇ ਕੁਝ ਅਖਬਾਰਾਂ ਵਿਚ ਜ਼ਿਲਾ ਗੁਰਦਾਸਪੁਰ ਤੋਂ ਘਰਾਂ ਨੂੰ ਛੱਡਕੇ ਜਾਣ ਵਾਲਿਆਂ ਸਬੰਧੀ ਪ੍ਰਕਾਸ਼ਿਤ ਕੀਤੀ ਲਿਸਟ ਨੂੰ ਗਲਤ ਕਰਾਰ ਦੇਂਦੇ ਹੋਏ ਕਿਹਾ ਹੈ ਕਿ ਇਸ ਵਿਚ ਗਲਤ ਅੰਕੜੇ ਦਿਤੇ ਗਏ ਹਨ ਜਿਸ ਕਾਰਨ ਜ਼ਿਲੇ ਦੇ ਅਮਨ-ਕਾਨੂੰਨ ਤੇ ਡੂੰਘਾ ਪ੍ਰਭਾਵ ਪਿਆ ਹੈ। ਪਤਾ ਲੱਗਾ ਹੈ ਕਿ ਜ਼ਿਲਾ ਅਧਿਕਾਰੀਆਂ ਨੇ ਵੀ ਇਸ ਲਿਸਟ ਸੰਬੰਧੀ ਜਾਂਚ ਆਰੰਭ ਕਰ ਦਿੱਤੀ ਹੈ। ਸ: ਘੁੰਮਣ ਨੇ ਇਥੇ ਪੱਤਰਕਾਰਾਂ ਨੂੰ ਦੱਸਿਆ ਕਿ ਘੁੰਮਣ ਕਲਾਂ ਜੋ ਉਨ੍ਹਾਂ ਦੀ ਨਿੱਜੀ ਪਿੰਡ ਹੈ, ਉਸ ਵਿਚੋਂ ਘਰਾਂ ਛੱਡ ਕੇ ਜਾਣ ਵਾਲਿਆਂ ਰਾਜਿੰਦਰ ਪ੍ਰਸ਼ਾਦ, ਰਾਜ ਕੁਮਾਰ, ਪੰਨਾ ਲਾਲ, ਹਰੀ ਦਾਸ, ਕ੍ਰਿਸ਼ਨ ਅਰੋੜਾ ਅਤੇ ਬਨਾਰਸੀ ਦਾਸ ਆਦਿ ਦੇ ਜੋ ਨਾਂਅ ਛਾਪੇ ਹਨ ਉਹ ਸਾਰੇ ਦੇ ਸਾਰੇ ਇਸ ਪਿੰਡ ਵਿਚ ਰਹਿ ਰਹੇ ਹਨ। ਇਨ੍ਹਾਂ ਦੀ ਆਟਾ ਚੱਕੀ ਵੀ ਚੱਲ ਰਹੀ ਹੈ। ਸੇਖਵਾਂ ਪਿੰਡ ਤੋਂ ਜਾਣ ਵਾਲਿਆਂ ਸੰਬੰਧੀ ਉਘੇ ਅਕਾਲੀ ਨੇਤਾ ਜਥੇਦਾਰ ਉਜਾਗਰ ਸਿੰਘ ਸੇਖਵਾਂ ਨੇ ਕਿਹਾ ਹੈ ਕਿ ਇਹ ਰਿਪੋਰਟ ਗਲਤ ਪ੍ਰਕਾਸ਼ਿਤ ਕੀਤੀ ਗਈ ਹੈ। ਸ: ਨਿਰਮਲ ਸਿੰਘ ਕਾਹਲੋਂ ਰਾਜ ਮੰਤਰੀ ਪੰਜਾਬ ਨੇ ਇਥੇ ਸਥਾਨਕ ਰੈਸਟ ਹਾਊਸ ਵਿਚ ਜ਼ਿਲੇ ਗੁਰਦਾਸਪੁਰ ਤੋਂ ਆਪਣੇ ਘਰਾਂ ਨੂੰ ਛੱਡਕੇ ਜਾਣ ਵਾਲਿਆਂ ਸਬੰਧੀ ਖਬਰ ਤੇ ਟਿੱਪਣੀ ਕਰਦੇ ਹੋਏ ਕਿਹਾ ਕਿ ਇਹ ਖਬਰ ਉਨ੍ਹਾਂ ਨੂੰ ਨਿੱਜੀ ਤੌਰ ਤੇ ਸਰਕਾਰ ਨੂੰ ਬਦਨਾਮ ਕਰਨ ਲਈ ਛਾਪੀ ਗਈ ਹੈ ਜਿਸ ਸਬੰਧੀ ਉਹ ਕਾਨੂੰਨੀ ਕਾਰਵਾਈ ਕਰਨਗੇ। ਉਨ੍ਹਾਂ ਨੇ ਸਪੱਸ਼ਟੀਕਰਨ ਕਰਦੇ ਹੋਏ ਕਿਹਾ ਕਿ ਫਤਹਿਗੜ੍ਹ ਚੂੜੀਆਂ ਵਿਚ ਸ੍ਰੀ ਰਾਮ ਲੁਭਾਇਆ ਅਤੇ ਬਨਾਰਸੀ ਲਾਲ ਦੇ ਹੋਏ ਕਤਲ ਕੇਸਾਂ ਵਿਚ ਕਦਾਚਿਤ ਕੋਈ ਦਖਲਅੰਦਾਜ਼ੀ ਨਹੀਂ ਕੀਤੀ ਅਤੇ ਨਾ ਹੀ ਇਕ ਫਿਰਕੇ ਦੇ ਲੋਕਾਂ ਤੋਂ ਬੰਦੂਕਾਂ ਜਮ੍ਹਾਂ ਕਰਵਾਉਣ ਲਈ ਪੁਲਸ ਨੂੰ ਕਿਹਾ ਹੈ ਜੇਕਰ ਕੋਈ ਅਜਿਹੀ ਗੱਲ ਸਿੱਧ ਕਰ ਦੇਵੇ ਤਾਂ ਉਹ ਸਿਆਸੀ ਜੀਵਨ ਤੋਂ ਵੱਖਰੇ ਹੋ ਜਾਣਗੇ ਪਰ ਮੈਂ ਅਜਿਹੇ ਸ਼ਰਾਰਤੀ ਤੱਤਾਂ ਜਿਨ੍ਹਾਂ ਨੇ ਮੈਨੂੰ ਬਦਨਾਮ ਕਰਨ ਦਾ ਯਤਨ ਕੀਤਾ ਹੈ, ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਾਂਗਾ। ਮੈਂ ਫਤਹਿਗੜ੍ਹ ਚੂੜੀਆਂ ਦੇ ਸਾਰੇ ਅਸੰਬਲੀ ਹਲਕੇ ਦੀ ਪ੍ਰਤੀਨਿਧਤਾ ਕਰਦਾ ਹਾਂ ਜਿਸ ਵਿਚ ਹਰ ਫਿਰਕੇ ਦੇ ਲੋਕ ਵਸਦੇ ਹਨ। ਉਨ੍ਹਾਂ ਦੀ ਰਾਖੀ ਕਰਨਾ ਮੇਰਾ ਪਹਿਲਾ ਫਰਜ਼ ਹੈ। ਆਪ ਨੇ ਇਹ ਵੀ ਕਿਹਾ ਕਿ ਸਰਕਾਰ ਚੰਡੀਗੜ੍ਹ ਹੈਡਕੁਆਰਟਰ ਤੋਂ ਵੀ ਅਜਿਹੀ ਗਲਤ ਅਤੇ ਭੜਕਾਊ ਖਬਰ ਸਬੰਧੀ ਕਾਰਵਾਈ ਕਰ ਰਹੀ ਹੈ। ਲੋਕ ਸੰਪਰਕ ਵਿਭਾਗ ਦੇ ਮੰਤਰੀ ਸ: ਨੱਥਾ ਸਿੰਘ ਦਾਲਮ ਨੇ ਵੀ ਇਸ ਖਬਰ ਦੇ ਤੱਤਾਂ ਨੂੰ ਗਲਤ ਦਸਦੇ ਹੋਏ ਸਪਸ਼ਟ ਕੀਤਾ ਹੈ ਕਿ ਜ਼ਿਲੇ ਵਿਚੋਂ ਗਏ ਬਹੁਤ ਲੋਕ ਵਾਪਸ ਮੁੜ ਆਏ ਹਨ ਕਿਉਂਕਿ ਜ਼ਿਲੇ ਵਿਚ ਅਤਿਵਾਦੀਆਂ ਵਿਰੁੱਧ ਕੀਤੀ ਨਿੱਗਰ ਕਾਰਵਾਈ ਕਾਰਨ ਲੋਕਾਂ ਵਿਚ ਵਿਸ਼ਵਾਸ਼ ਪੈਦਾ ਹੋਇਆ ਹੈ।

ਸਿੰਘਪੁਰੀਏ ਗੁਰਦੀਪ ਸਿੰਘ ਗਿੱਲ ਦੇ ਲੜਕੇ ਦੀ ਸ਼ਾਦੀ ਧੂੰਮਧਾਮ ਨਾਲ



ਗੁਰਦੀਪ ਸਿੰਘ ਗਿੱਲ ਜੋੜੀ ਨੂੰ ਅਸ਼ੀਰਵਾਦ ਦਿੰਦੇ ਹੋਏ



ਲੜਕੀ ਦੇ ਪਿਤਾ ਬ੍ਰਗੇਡੀਅਰ ਦਰਸ਼ਨ ਸਿੰਘ ਔਜਲਾ ਸੰਗਤਾਂ ਵਿਚ

ਵੈਨਕੂਵਰ — ਪਿਛਲੇ ਦਿਨੀਂ ਕਮਿਊਨਿਟੀ ਵਿਚ ਜਾਣੇ ਪਛਾਣੇ ਸੱਜਣ ਸ. ਗੁਰਦੀਪ ਸਿੰਘ ਗਿੱਲ ਦੇ ਲੜਕੇ ਕੁਲਵੰਤ ਸਿੰਘ ਗਿੱਲ ਦੀ ਸ਼ਾਦੀ ਬੀਬੀ ਹਰਪ੍ਰਵੀਨ ਕੌਰ ਨਾਲ ਗੁਰੂ ਘਰ ਨਾਨਕਸਰ ਰਿਚਮੰਡ ਵਿਚ ਹੋਈ। ਬੀਬੀ ਹਰਪ੍ਰਵੀਨ ਕੌਰ ਰਿਟਾਇਰਡ ਬਰਗੇਡੀਅਰ ਦਰਸ਼ਨ ਸਿੰਘ ਔਜਲਾ ਦੀ ਸਪੁੱਤਰੀ ਹਨ ਜਿਨ੍ਹਾਂ ਦਾ ਪਿਛੋਕੜ ਪਿੰਡ ਔਜਲਾ ਜ਼ਿਲਾ ਕਪੂਰਥਲਾ ਵਿਚ ਹੈ। ਜੋੜੀ ਨੂੰ ਅਸ਼ੀਰਵਾਦ ਦੇਣ ਵਾਲਿਆਂ ਵਿਚ ਕਮਿਊਨਿਟੀ ਦੇ ਜਾਣੇ ਪਹਿਚਾਣੇ ਵਿਅਕਤੀ ਸ਼ਾਮਲ ਸਨ। ਜਰਨੈਲ ਸਿੰਘ ਭੰਡਾਲ ਹੋਰਾਂ ਦੋਹਾਂ ਪ੍ਰਵਾਰਾਂ ਬਾਰੇ ਜਾਣਕਾਰੀ ਦਿਤੀ। ਵਰਲਡ ਸਿਖ ਔਰਗੇਨਾਈਜ਼ੇਸ਼ਨ ਦੇ ਪ੍ਰਧਾਨ ਦੀਦਾਰ ਸਿੰਘ ਬੈਂਸ ਨੇ ਦੋਵਾਂ ਪ੍ਰਵਾਰਾਂ ਨੂੰ ਵਧਾਈ ਦਿਤੀ। 'ਕੈਨੇਡਾ ਦਰਪਣ' ਦੋਹਾਂ ਪ੍ਰਵਾਰਾਂ ਦੀ ਖੁਸ਼ੀ ਵਿਚ ਸ਼ਾਮਲ ਹੈ।

ਬੇਨਜ਼ੀਰ ਨੂੰ ਭਾਰਤ ਨਹੀਂ, ਰੂਸ ਪੈਸਾ ਦੇ ਰਿਹੈ — ਜ਼ਿਆ

ਨਿਊਯਾਰਕ — ਪਾਕਿਸਤਾਨੀ ਸਦਰ ਜ਼ਿਆ-ਉਲ-ਹੱਕ ਨੇ ਕਿਹਾ ਹੈ ਕਿ ਉਨ੍ਹਾਂ ਨੇ ਕਦੇ ਵੀ ਇਹ ਦਾਅਵਾ ਨਹੀਂ ਕੀਤਾ ਕਿ ਭਾਰਤ, ਪਾਕਿਸਤਾਨ ਪੀਪਲਜ਼ ਪਾਰਟੀ ਦੀ ਆਗੂ ਮਿਸ ਬੇਨਜ਼ੀਰ ਭੁੱਟੋ ਦੀ ਪ੍ਰਚਾਰ ਮੁਹਿੰਮ ਲਈ ਪੈਸਾ ਦੇ ਰਿਹਾ ਹੈ ਪਰ ਏਨਾ ਜ਼ਰੂਰ ਹੈ ਕਿ ਭਾਰਤ ਤੇ ਸੋਵੀਅਤ ਯੂਨੀਅਨ ਪਾਕਿਸਤਾਨ ਵਿਚ ਅਸਥਿਰਤਾ ਪੈਦਾ ਕਰਨਾ ਚਾਹੁੰਦੇ ਹਨ। ਅਮਰੀਕੀ ਰਸਾਲੇ "ਨਿਊਯਾਰਕ" ਵਿਚ ਪ੍ਰਕਾਸ਼ਿਤ ਇਕ ਇੰਟਰਵਿਊ ਵਿਚ ਪਾਕਿਸਤਾਨੀ ਸਦਰ ਨੇ ਦੋਸ਼ ਲਾਇਆ ਹੈ ਕਿ ਮਿਸ ਭੁੱਟੋ ਨੂੰ ਆਪਣੀ ਮੁਹਿੰਮ ਲਈ ਸੋਵੀਅਤ ਯੂਨੀਅਨ ਤੇ ਲਿਬੀਆ ਤੋਂ ਪੈਸਾ ਮਿਲ ਰਿਹਾ ਹੈ।

ਰਸਾਲੇ ਵਿਚ ਹੀ ਪ੍ਰਕਾਸ਼ਿਤ ਇਕ ਵੱਖਰੀ ਇੰਟਰਵਿਊ ਵਿਚ ਮਿਸ ਬੇਨਜ਼ੀਰ ਭੁੱਟੋ ਨੇ ਸਦਰ ਜ਼ਿਆ ਦੇ ਦੋਸ਼ਾਂ ਦਾ ਖੰਡਨ ਕਰਦਿਆਂ ਕਿਹਾ ਹੈ ਕਿ ਜ਼ਿਆ ਹੁਣ 'ਕੁੜਿੱਕੀ' 'ਚ ਫਸ ਗਏ ਹਨ। ਇਸੇ ਕਰਕੇ ਉਹ ਊਲ-ਜਲੂਲ ਬਕ ਰਹੇ ਹਨ।" ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਲੋਕਾਂ ਨੂੰ ਕਿਹਾ ਹੈ ਕਿ ਜੇਕਰ ਜ਼ਿਆ "ਅਗਲੇ ਦਰਵਾਜ਼ੇ ਰਾਹੀਂ ਬਾਹਰ ਜਾਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਜਾਣ ਦਿਉ ਪਰ ਜੇਕਰ ਜ਼ਿਆ ਅਜਿਹਾ ਨਹੀਂ ਕਰਦੇ ਤਾਂ ਸਥਿਤੀ ਬਹੁਤ ਵਿਗੜ ਸਕਦੀ ਹੈ ਅਤੇ ਇਹ ਕਿਸੇ ਵੀ ਤਰ੍ਹਾਂ ਜ਼ਿਆ ਲਈ ਸੁਖਾਵੀਂ ਨਹੀਂ ਹੋਵੇਗੀ।

ਦੂਜੇ ਪਾਸੇ ਸਦਰ ਜ਼ਿਆ ਨੇ ਆਪਣੇ ਇੰਟਰਵਿਊ ਵਿਚ ਦਾਅਵਾ ਕੀਤਾ ਹੈ ਕਿ ਉਹ ਮਿਸ ਭੁੱਟੋ ਤੋਂ ਡਰਦੇ ਨਹੀਂ। ਨਾਲ ਹੀ ਉਨ੍ਹਾਂ ਨੇ ਚਿਤਾਵਨੀ ਦਿਤੀ ਕਿ ਜੇਕਰ ਬੇਨਜ਼ੀਰ ਭੁੱਟੋ ਵਲੋਂ ਸ਼ੁਰੂ ਕੀਤੇ ਅੰਦੋਲਨ ਨੇ ਹਿੰਸਕ ਰੂਪ ਧਾਰਿਆ ਤਾਂ ਉਨ੍ਹਾਂ (ਬੇਨਜ਼ੀਰ) ਵਿਰੁਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਇਹ ਸਥਿਤੀ ਬੇਨਜ਼ੀਰ ਭੁੱਟੋ ਲਈ ਕਿਸੇ ਵੀ ਤਰ੍ਹਾਂ ਸੁਖਾਵੀਂ ਨਹੀਂ ਹੋਵੇਗੀ। ਉਂਜ ਸਦਰ ਜ਼ਿਆ ਨੇ ਮੰਨਿਆ ਕਿ ਬੇਨਜ਼ੀਰ ਪਾਕਿਸਤਾਨ ਦੇ ਲੋਕਾਂ ਵਿਚ ਕਾਫੀ ਲੋਕਪ੍ਰਿਯ ਹੈ ਅਤੇ ਚਾਰ ਸਾਲ ਬਾਅਦ ਹੋਣ ਵਾਲੀਆਂ ਚੋਣਾਂ ਜਿੱਤ ਸਕਦੀ ਹੈ। ਉਨ੍ਹਾਂ ਕਿਹਾ ਕਿ ਬੇਨਜ਼ੀਰ ਦੀ ਸਭ ਤੋਂ ਵੱਧ ਲੋਕਪ੍ਰਿਯਤਾ ਯੁਵਾ ਪੀੜ੍ਹੀ ਵਿਚ ਹੈ। "ਉਂਜ ਵੀ, ਜਵਾਨੀ ਦੀ ਅਵਸਥਾ ਹੀ ਅਜਿਹੀ ਹੈ ਕਿ ਹਰ ਪੀੜਤ ਨਾਲ ਤੁਹਾਨੂੰ ਹਮਦਰਦੀ ਹੁੰਦੀ ਹੈ। ਬੇਨਜ਼ੀਰ ਚੰਗੀ ਚੁਸਤ ਹੈ। ਉਹ ਆਪਣੇ ਆਪ ਨੂੰ ਸ਼ਹੀਦ ਦੀ ਬੇਟੀ ਦੱਸਦੀ ਹੈ ਅਤੇ ਇਸ ਤਰ੍ਹਾਂ ਆਪਣੇ ਪਿਤਾ ਦੀ ਅਖੌਤੀ ਸ਼ਹਾਦਤ ਦਾ ਖੱਟਿਆ ਖਾ ਰਹੀ ਹੈ। ਇਸ ਤੋਂ ਇਲਾਵਾ ਉਸਨੂੰ ਵਿਦੇਸ਼ਾਂ ਤੋਂ ਭਰਵੀਂ ਮਾਇਕ ਮਦਦ ਮਿਲ ਰਹੀ ਹੈ।"

ਪਾਕਿਸਤਾਨੀ ਸਦਰ ਦੀ ਰਾਏ ਸੀ ਕਿ ਸੋਵੀਅਤ ਰੂਸ, ਪਾਕਿਸਤਾਨ ਦੀ ਵਰਤਮਾਨ ਸਰਕਾਰ ਦੇ ਹੱਕ ਵਿਚ ਨਹੀਂ। ਉਹ ਚਾਹੁੰਦਾ ਹੈ ਕਿ ਉਹ ਅਫਗਾਨਿਸਤਾਨ ਦੀ ਤਰ੍ਹਾਂ ਪਾਕਿਸਤਾਨ ਨੂੰ ਵੀ ਆਪਣੀ ਕਠਪੁਤਲੀ ਬਣਾ ਲਵੇ। ਭਾਰਤ ਸੋਵੀਅਤ ਰੂਸ ਦਾ ਮਿੱਤਰ ਹੈ ਅਤੇ ਕੁਝ ਜ਼ਾਤੀ ਕਾਰਨਾਂ ਕਰਕੇ ਵੀ ਉਹ ਪਾਕਿਸਤਾਨ ਨੂੰ ਸਥਿਰ ਤੇ ਮਜ਼ਬੂਤ ਨਹੀਂ ਵੇਖਣਾ ਚਾਹੁੰਦਾ। ਸਦਰ ਜ਼ਿਆ ਦੇ ਕਹਿਣ ਅਨੁਸਾਰ ਬੇਨਜ਼ੀਰ ਭੁਟੋ ਭਾਰਤ ਤੇ ਸੋਵੀਅਤ ਯੂਨੀਅਨ ਦੇ ਹਿਤਾਂ ਦੀ ਪੂਰਤੀ ਦਾ ਇਕ ਵਧੀਆ ਵਸੀਲਾ ਹੈ। ਇਸੇ ਕਾਰਨ ਦੋਵੇਂ ਦੇਸ਼ ਉਸ ਦੀ ਪਿੱਠ ਠੋਕ ਰਹੇ ਹਨ। ਬੇਨਜ਼ੀਰ ਆਪ ਵੀ ਹੋਰਨਾਂ ਸਿਆਸਤਦਾਨਾਂ ਤੋਂ ਵੱਖਰੀ ਨਹੀਂ। ਉਹ ਹਕੂਮਤ ਚਾਹੁੰਦੀ ਹੈ ਭਾਵੇਂ ਇਹ ਕਿਸੇ ਵੀ ਤਰ੍ਹਾਂ ਮਿਲੇ।

ਪਾਕਿਸਤਾਨੀ ਸਦਰ ਨੇ ਸਪੱਸ਼ਟ ਕੀਤਾ ਕਿ ਉਹ ਖੁਦ 1990 ਤੋਂ ਪਹਿਲਾਂ ਆਪਣਾ ਅਹੁਦਾ ਕਿਸੇ ਵੀ ਸੂਰਤ ਵਿਚ ਨਹੀਂ ਤਿਆਗਣਗੇ। ਖ਼ਬਰ ਏਜੰਸੀ "ਯੂ. ਐਨ. ਆਈ." ਅਨੁਸਾਰ ਜ਼ਿਆ ਨੇ ਕਿਹਾ ਕਿ ਲੋਕ ਬੇਨਜ਼ੀਰ ਦੀਆਂ ਮੀਟਿੰਗਾਂ ਵਿਚ ਮਿਸ ਭੁਟੋ ਦੇ ਭਾਸ਼ਨ ਸੁਣਨ ਨਹੀਂ ਆਉਂਦੇ। ਉਹ ਤਾਂ ਪੈਸੇ ਕਮਾਉਣ ਆਉਂਦੇ ਹਨ। ਉਨ੍ਹਾਂ ਨੂੰ ਮੀਟਿੰਗਾਂ ਵਿਚ ਹਾਜ਼ਰੀ ਭਰਨ ਲਈ ਵਾਜਬ ਭਾੜਾ ਮਿਲਦਾ ਹੈ।

ਪੰਜਾਬ ਵਿਚ ਅਮਨ ਕਾਨੂੰਨ ਦੀ ਹਾਲਤ ਵਿਚ ਸੁਧਾਰ — ਬਰਨਾਲਾ

ਨਵੀਂ ਦਿੱਲੀ — ਸ: ਬਰਨਾਲਾ ਨੇ ਇਥੇ ਸਿਆਸੀ ਮੰਤਰੀਆਂ ਦੀ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪੰਜਾਬ ਦੀ ਅਮਨ ਕਾਨੂੰਨ ਦੀ ਹਾਲਤ ਅਗੇ ਨਾਲੋਂ ਦਿਨ ਪ੍ਰਤੀ ਦਿਨ ਸੁਧਰ ਰਹੀ ਹੈ। ਕਾਨਫਰੰਸ ਤੋਂ ਪਿਛੋਂ ਬਰਨਾਲਾ ਰਾਜੀਵ ਨੂੰ ਮਿਲੇ ਤੇ ਉਹਨਾਂ ਪੰਜਾਬ ਦੇ ਮਸਲਿਆਂ ਬਾਰੇ ਗਲਬਾਤ ਕੀਤੀ। ਜਦੋਂ ਬਰਨਾਲਾ ਨੂੰ ਇਹ ਪੁੱਛਿਆ ਗਿਆ ਕਿ ਕੀ ਉਹਨਾਂ ਰਾਜੀਵ ਨਾਲ ਡਿਸਾਈ ਕਮਿਸ਼ਨ ਦੀ ਅਪ੍ਰਵਾਨਗੀ ਬਾਰੇ ਗਲ ਕੀਤੀ? ਤਾਂ ਉਹਨਾਂ ਨਾਂਹ ਵਿਚ ਉਤਰ ਦਿਤਾ। ਪਹਿਲਾਂ ਉਹਨਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਸੀ ਕਿ ਇਸ ਮੁੱਦੇ ਬਾਰੇ ਨਵੀਂ ਸੋਚ ਕੁਝ ਦਿਨਾਂ ਵਿਚ ਸਾਹਮਣੇ ਆਉਣ ਦੀ ਆਸ ਹੈ। ਪਰ ਪ੍ਰਧਾਨ ਮੰਤਰੀ ਨੇ ਕੋਈ ਨਵੇਂ ਸੁਝਾਅ ਨਹੀਂ ਮੰਗੇ।

ਅਮਨ ਕਾਨੂੰਨ ਵਾਰੇ ਉਹਨਾਂ ਕਿਹਾ ਕਿ ਸਾਨੂੰ ਸਫਲਤਾਵਾਂ ਹੋਈਆਂ ਹਨ ਕੁਝ ਆਤੰਕਵਾਦੀ ਪਿਛਲੇ ਕੁਝ ਦਿਨਾਂ ਵਿਚ ਮਾਰੇ ਗਏ ਹਨ ਕੁਝ ਫੜੇ ਗਏ ਹਨ ਅਤਿਵਾਦੀਆਂ ਦੇ ਲੁਕਣ ਦੇ ਟਿਕਾਣੇ ਖਤਮ ਹੋ ਰਹੇ ਹਨ ਤੇ ਇਹਨਾਂ ਦਾ ਬਾਹਰ ਨਿਕਾਸ ਘੱਟ ਰਿਹਾ ਹੈ। ਸੂਬੇ ਵਿਚੋਂ ਬਾਹਰ ਜਾਦ ਵਾਲੇ ਲੋਕਾਂ ਨੂੰ ਰਾਜ ਵਿਚ ਵਾਪਸ ਪਰਤ ਆਉਣ ਲਈ ਕਿਹਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਕੁਲ 750 ਪਰਿਵਾਰ ਗਏ ਹਨ ਜਦੋਂ ਕਿ ਪਰੈਸ ਦਾ ਕਹਿਣਾ ਹੈ ਕਿ ਗਿਣਤੀ 4000 ਹੈ।

ਰਾਜ ਸਭਾ ਦੀਆਂ ਚੋਣਾਂ ਬਾਰੇ ਉਹਨਾਂ ਨੇ ਟਿੱਪਣੀ ਕਰਨ ਲਈ ਕਿਹਾ ਗਿਆ ਤਾਂ ਉਹਨਾਂ ਕਿਹਾ ਕਿ ਬਗਾਵਤੀਆਂ ਦੀਆਂ ਕੋਸ਼ਿਸ਼ਾਂ ਸਫਲ ਨਹੀਂ ਹੋਈਆਂ। ਸ: ਬਰਨਾਲਾ ਅਨੁਸਾਰ ਬਗਾਵਤੀਆਂ ਨੇ ਉਮੀਦਵਾਰ ਦੀ ਚੋਣ ਵਿਚ ਮੇਰੀ ਕੋਈ ਸਲਾਹ ਨਹੀਂ ਲਈ ਨਾ ਹੀ ਵੋਟਾਂ ਲਈ ਮੈਨੂੰ ਪੁੱਛਿਆ।

ਕਮਿਊਨਿਸਟ ਪਾਰਟੀਆਂ ਵਲੋਂ ਕੇਂਦਰ ਵਿਰੁੱਧ ਰੋਸ

ਚੰਡੀਗੜ੍ਹ — ਪੰਜਾਬ ਦੀਆਂ ਦੋਵੇਂ ਕਮਿਊਨਿਸਟ ਪਾਰਟੀਆਂ ਨੇ ਦੋਸ਼ ਲਾਇਆ ਹੈ ਕਿ ਕੇਂਦਰ ਪੰਜਾਬ ਸਮਝੌਤੇ ਦੀ ਪਹਿਲੀ ਮੱਦ ਨੂੰ ਹੀ ਲਾਗੂ ਕਰਨ ਲਈ ਹੇਰਾਫੇਰੀ ਕਰ ਰਿਹਾ ਹੈ। ਇਸ ਕਾਰਨ ਕੇਂਦਰ ਵੱਲੋਂ ਪੰਜਾਬ ਸਮਝੌਤੇ ਨੂੰ ਲਾਗੂ ਕਰਨ ਬਾਰੇ ਗੰਭੀਰ ਸ਼ੰਕੇ ਖੜ੍ਹੇ ਹੋ ਗਏ ਹਨ। ਇਥੇ ਸੀ. ਪੀ. ਆਈ. ਅਤੇ ਸੀ. ਪੀ. ਐਮ. ਦੇ ਪ੍ਰਤੀਨਿਧਾਂ ਦੀ ਸਾਂਝੀ ਬੈਠਕ ਹੋਈ ਜਿਸ ਵਿਚ ਪੰਜਾਬ ਦੀ ਸਥਿਤੀ ਉਤੇ ਵਿਚਾਰ-ਵਟਾਂਦਰਾ ਕੀਤਾ ਗਿਆ।

ਮੀਟਿੰਗ ਪਿਛੋਂ ਪ੍ਰੈਸ ਦੇ ਨਾਂ ਜਾਰੀ ਬਿਆਨ ਵਿਚ ਕਮਿਊਨਿਸਟ ਪਾਰਟੀਆਂ ਨੇ ਦੋਸ਼ ਲਾਇਆ ਹੈ ਕਿ ਅਕਾਲੀ ਦਲ ਦੇ ਬਾਗੀ ਧੜੇ ਦੀਆਂ ਸਰਗਰਮੀਆਂ ਅਤੇ "ਗੈਰ ਜ਼ਿੰਮੇਵਾਰੀ ਵਾਲੇ ਬਿਆਨ" ਕਾਰਨ ਅਤਿਵਾਦੀ ਤੱਤਾਂ ਨੂੰ ਹੱਲਾਸ਼ੇਰੀ ਮਿਲੀ ਹੈ। ਦੋਹਾਂ ਪਾਰਟੀਆਂ ਨੇ ਰਾਜ ਸਰਕਾਰਾਂ ਤੋਂ ਮੰਗ ਕੀਤੀ ਹੈ ਕਿ ਸਰਹੱਦੀ ਜ਼ਿਲਿਆਂ ਵਿਚ ਪੁਲੀਸ ਦੇ ਢਾਂਚੇ ਵਿਚ ਸੋਧ ਕੀਤੀ ਜਾਵੇ ਅਤੇ ਅਮਨ-ਕਾਨੂੰਨ ਦੀ ਮਸ਼ੀਨਰੀ ਨੂੰ ਠੀਕ ਕੀਤਾ ਜਾਵੇ। ਜਿਹੜੇ ਅਧਿਕਾਰੀ ਡਿਊਟੀ ਵਿਚ ਕੁਤਾਹੀ ਕਰਦੇ ਹਨ ਉਨ੍ਹਾਂ ਨੂੰ ਸਜ਼ਾ ਦਿਤੀ ਜਾਵੇ।

ਅਮਨ-ਕਾਨੂੰਨ ਦੀ ਸਥਿਤੀ ਵਿਚ ਰਾਜਸੀ ਦਖਲਅੰਦਾਜ਼ੀ ਬੰਦ ਕੀਤੀ ਜਾਵੇ ਅਤੇ ਅਤਿਵਾਦੀਆਂ ਦੇ ਠਿਕਾਣਿਆਂ ਦਾ ਸਫਾਇਆ ਕੀਤਾ ਜਾਵੇ। ਕਮਿਊਨਿਸਟਾਂ ਨੇ ਹਰ ਪੱਧਰ ਉਤੇ ਸਰਬ ਪਾਰਟੀ ਰਾਜਸੀ ਕਮੇਟੀਆਂ ਬਣਾਉਣ ਲਈ ਕਿਹਾ ਹੈ।

ਰਾਗੀ ਦੀ ਮੌਤ ਬਾਰੇ ਪੜਤਾਲ ਦੇ ਹੁਕਮ

ਚੰਡੀਗੜ੍ਹ — ਮੁੱਖ ਮੰਤਰੀ ਸ: ਬਰਨਾਲਾ ਨੇ ਡਾਇਰੈਕਟਰ ਜਨਰਲ ਪੁਲਸ ਜੇ. ਐਫ. ਰਿਬੇਰੋ ਨੂੰ ਹਦਾਇਤ ਕੀਤੀ ਹੈ ਕਿ ਉਹ ਤੁਰੰਤ ਤਰਨਤਾਰਨ ਜਾ ਕੇ ਜੌੜਾ ਪਿੰਡ ਵਿਚ ਸੀ. ਆਰ. ਪੀ. ਨਾਲ ਕਥਿਤ ਤੌਰ 'ਤੇ ਮੁਕਾਬਲੇ ਵਿਚ 'ਰਾਗੀ' ਹਰਭਜਨ ਸਿੰਘ ਦੇ ਮਾਰੇ ਜਾਣ ਬਾਰੇ ਪੜਤਾਲ ਕਰਨ।

ਪੰਜਾਬ ਵਿਚ ਇਨਕਲਾਬੀ- ਜਮਹੂਰੀ ਲਹਿਰ ਦੇ ਸਮਰਥਕ ਕਾਰਕੁਨਾਂ -ਪੱਤਰਕਾਰਾਂ ਦੇ ਕਤਲਾਂ ਅਤੇ ਅਜੇ ਵੀ ਹੋ ਰਹੇ ਕਾਤਲਾਨਾ ਹਮਲਿਆਂ/ ਧਮਕੀਆਂ ਦੀ ਨਿਖੇਧੀ

ਅਸੀਂ ਲੋਕ ਸਭਿਆਚਾਰਕ ਮੰਚ ਕੈਲਗਰੀ ਵਲੋਂ ਹਾਲ ਵਿਚ ਹੀ ਹੋਏ ਇਨਕਲਾਬੀ-ਜਮਹੂਰੀ ਪਰਚੇ 'ਸੁਰਖ ਰੇਖਾ' ਦੇ ਸਰਗਰਮ ਕਾਰਕੁਨ ਕਾਮਰੇਡ ਰਤਨ ਸਿੰਘ ਪਟਵਾਰੀ ਦੇ ਅਤਿ ਘਿਨਾਉਣੇ ਅਤੇ ਵਹਿਸ਼ੀ ਕਤਲ ਦੀ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕਰਦੇ ਹਾਂ। ਫਿਰਕੂ ਜਨੂੰਨੀਆਂ ਹੱਥੋਂ ਸਾਥੀ ਰਤਨ ਦਾ ਕਤਲ ਆਜ਼ਾਦ ਅਤੇ ਜੁਝਾਰੂ ਪੱਤਰਕਾਰੀ ਨੂੰ ਇਕ ਚੈਲਿੰਜ ਅਤੇ ਲੋਕ-ਜਮਹੂਰੀ ਹੱਕਾਂ ਉਤੇ ਇਕ ਛਾਪਾ ਹੈ। ਇਸ ਤੋਂ ਪਹਿਲਾਂ ਵੀ ਪੰਜਾਬ ਵਿਚਲੀ ਲੋਕ ਜਮਹੂਰੀ ਤੇ ਇਨਕਲਾਬੀ ਲਹਿਰ ਦੇ ਵੱਡਮੁੱਲੇ ਸਾਹਿਤਕਾਰ ਤੇ ਪੱਤਰਕਾਰ ਸੁਮੀਤ ਪ੍ਰੀਤਲੜੀ ਅਤੇ ਸੁਖਰਾਜ ਖੱਦਰ ਨੂੰ ਬੁਜ਼ਦਿਲ ਫਿਰਕੂ-ਜਰਵਾਣੇ ਨਿਗਲ ਗਏ ਹਨ ਅਸੀਂ ਹੋਰ ਸਾਰੇ ਜਮਹੂਰੀਅਤ-ਪਸੰਦ ਅਵਾਮ ਵਾਂਗ ਉਪਰੋਕਤ ਸਾਰੇ ਕਤਲਾਂ ਦੇ ਜ਼ਿੰਮੇਂਵਾਰ ਫਿਰਕੂ ਜਨੂੰਨੀਆਂ ਦੀ ਬੁਜ਼ਦਿਲੀ ਅਤੇ ਪੰਜਾਬ ਅਤੇ ਭਾਰਤ ਦੀਆਂ ਸਰਕਾਰਾਂ ਦੇ ਢੱਲੇਪੁਣੇ ਉਤੇ ਦੁਰ-ਲਾਹਨਤ ਪਾਉਂਦੇ ਹਾਂ। ਫਿਟਕਾਰ ਪਾਉਂਦੇ ਹਾਂ।

ਸਾਮਰਾਜੀ ਇਸ਼ਾਰਿਆਂ ਤੇ ਨੱਚ ਰਹੀ ਭਾਰਤੀ ਸਰਕਾਰ ਜਿਥੇ ਇਕ ਪਾਸੇ ਫਿਰਕੂ ਜਨੂੰਨੀਆਂ ਦੇ ਵਿਰੋਧ ਕਰਨ ਦਾ ਖੇਖਣ ਕਰਦੀ ਹੈ ਉਥੇ ਉਹ ਇਨਾਂ ਹੀ ਜਨੂੰਨੀਆਂ ਦਾ ਅਮਲੀ ਤੌਰ ਤੇ ਵਿਰੋਧ ਕਰ ਰਹੇ ਇਨਕਲਾਬੀ-ਜਮਹੂਰੀ ਕਾਰਕੁਨਾਂ ਨੂੰ ਕਤਲ ਕਰਨ ਲਈ ਜਨੂੰਨੀਆਂ ਨੂੰ ਹਰੀ ਝੰਡੀ ਦੇ ਰਹੀ ਹੈ। ਉਹ ਅਜਿਹਾ ਕਰੇ ਵੀ ਕਿਉਂ ਨਾ - ਜਿਸ ਕੰਮ ਨੂੰ ਕਰਨ ਲਈ ਇਹ ਸਰਕਾਰ ਤੇ ਇਸ ਦੀ ਮਸ਼ੀਨਰੀ (ਪੁਲੀਸ ਖਾਸ ਕਰਕੇ) ਪਿਛਲੇ ਤਿੰਨ ਦਹਾਕਿਆਂ ਤੋਂ ਬੁਰੀ ਤਰ੍ਹਾਂ ਬਦਨਾਮ (ਇਨਕਲਾਬੀ ਨੌਜਵਾਨਾਂ ਨੂੰ ਫੜਕੇ, ਝੂਠੇ ਪੁਲਸ ਮੁਕਾਬਲੇ ਬਣਾ ਕੇ ਮਾਰਨ ਤੋਂ) ਹੋ ਰਹੀ ਹੈ ਜੇ ਉਹੀ ਕੰਮ ਇਹ ਖੁੰਢ-ਦਿਮਾਗ ਜਨੂੰਨੀ ਕਰ ਦੇਣ ਤਾਂ ਸਰਕਾਰ ਖੁਸ਼ ਕਿਉਂ ਨਾ ਹੋਵੇ। ਨਾ ਤਾਂ ਪਹਿਲਾਂ ਹੋਏ (ਸੁਮੀਤ ਤੇ ਸੁਖਰਾਜ ਦੇ) ਕਤਲਾਂ ਬਾਰੇ ਹੀ ਕੋਈ ਠੋਸ ਕਾਰਵਾਈ ਹੋਈ ਹੈ ਤੇ ਨਾ ਹੀ ਇਹਨਾਂ ਹਾਕਮਾਂ ਤੋਂ ਅਗਾਂਹ ਕੋਈ ਅਜਿਹੀ ਆਸ ਰੱਖੀ ਜਾ ਸਕਦੀ ਹੈ। ਇਨਕਲਾਬੀ ਜਮਹੂਰੀ ਲਹਿਰ ਦੇ ਸਮਰਥਕ ਪਤਰਕਾਰਾਂ/ਸਾਹਿਤਕਾਰਾਂ ਤੇ ਲੋਕ ਆਗੂਆਂ ਨੂੰ ਧਮਕੀਆਂ ਤੇ ਕਾਤਲਾਨਾ ਹਮਲਿਆਂ ਦਾ ਸਿਲਸਿਲਾ ਅੱਜ ਵੀ ਨਿਰੰਤਰ ਚਲ ਰਿਹਾ ਹੈ ਫਿਰਕੂ ਜਨੂੰਨੀਆਂ ਵਲੋਂ ਵੀ ਤੇ ਸਰਕਾਰ ਵੱਲੋਂ ਵੀ।

ਅੱਜ ਦੇ ਪੰਜਾਬ ਵਿਚ ਇਸ ਕਾਤਲਾਨਾ ਅਤੇ ਭਿਅੰਕਰਤਾ ਦੇ ਮਾਹੌਲ ਦਾ ਪੈਦਾ ਹੋਣਾ ਦੋ ਸਾਮਰਾਜੀ ਤੇ ਸਮਾਜੀ-ਸਾਮਰਾਜੀ ਅਤਿ ਮਹਾਂ ਸ਼ਕਤੀਆਂ ਦੇ ਆਪਸੀ ਚੌਧਰ-ਭੇੜ ਅਤੇ ਖਹਿ ਦਾ ਸਿੱਟਾ ਹੈ ਜਿਸਦਾ ਅਸਲ ਮਕਸਦ ਦੁਨੀਆਂ ਨੂੰ ਮੁੜ ਵੰਡਣ ਅਤੇ ਲੁੱਟਣ ਦਾ ਹੈ। ਪਿਛਲੇ ਚਾਰ ਸਾਲਾਂ ਤੋਂ ਪੰਜਾਬ ਵਿਚ ਧਰਮ ਬੋਲੀ ਦੀ ਆੜ ਹੇਠ ਵਖਵਾਦ ਨੂੰ ਉਭਾਰਨ ਦੇ ਮਨਸ਼ਿਆਂ ਨਾਲ ਅਮਰੀਕੀ ਸਾਮਰਾਜੀਆਂ ਵਲੋਂ ਯੋਜਨਾ-ਬੱਧ ਢੰਗ ਨਾਲ ਨਿਰਦੋਸ਼ ਲੋਕਾਂ ਦਾ ਕਤਲੇਆਮ ਕਰਵਾਇਆ ਜਾ ਰਿਹਾ ਹੈ। ਅਸੀਂ ਪੰਜਾਬ ਦੇ ਸਮੂਹ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਅਜਿਹੇ ਸ਼ੈਤਾਨਾਂ ਦੀਆਂ ਚਾਲਾਂ ਨੂੰ ਸਮਝਦਿਆਂ ਹੋਇਆਂ ਅਤੇ ਹਰ ਤਰ੍ਹਾਂ ਦੇ ਫਿਰਕੂ ਜਨੂੰਨੀਆਂ (ਚਾਹੇ ਉਹ ਹਿੰਦੂ ਜਨੂੰਨੀ ਹੋਣ ਚਾਹੇ ਸਿੱਖ) ਨੂੰ ਦੁਰਕਾਰਦਿਆਂ ਹੋਇਆਂ ਆਪਸੀ ਏਕਤਾ ਬਣਾਈ ਰੱਖਣ ਤਾਂਕਿ ਅੰਗਰੇਜ਼ ਸਾਮਰਾਜੀਆਂ ਵਲੋਂ ਸਾਡੇ ਤੇ ਮੜ੍ਹੀ ਗਈ '1947' ਸਾਡੇ ਦੇਸ਼ ਅਤੇ ਕੌਮ ਦੇ ਕੁਝ ਕੁ ਗਦਾਰ ਅੱਜ ਫਿਰ ਅਮਰੀਕੀ ਸਾਮਰਾਜੀਆਂ ਦੀ ਸ਼ਹਿ ਤੇ ਮੁੜ ਦੁਹਰਾਉਣ ਵਿਚ ਕਾਮਯਾਬ ਨਾ ਹੋ ਜਾਣ।

ਪੰਜਾਬ ਦੇ ਬਹਾਦਰ ਲੋਕੋ ਸਮਾਂ ਹੁਣ ਚੁਪ ਬੈਠਣ/ਦੜ ਵੱਟਣ ਦਾ ਨਹੀਂ। ਆਪਸੀ ਏਕਤਾ ਬਣਾਈ ਰੱਖਣ ਦੇ ਨਾਲ ਨਾਲ ਇਨ੍ਹਾਂ ਫਿਰਕੂ ਨਫਰਤ ਦੇ ਵਣਜਾਰਿਆਂ (ਜਿੰਨ੍ਹਾਂ ਦੀਆਂ ਜੇਬਾਂ 'ਚ ਅਮਰੀਕੀ ਡਾਲਰ ਟੁਣਕਦੇ ਹਨ) ਵਿਰੁੱਧ ਜਥੇਬੰਦ ਹੋ ਕੇ ਤੂਫਾਨ ਬਣ ਉਠਣ ਦਾ ਹੈ। ਆਪਸੀ ਏਕਤਾ ਦੀ ਲੋਹ-ਤਾਕਤ ਤੇ ਟੇਕ ਰਖਦਿਆਂ ਹੋਇਆਂ ਆਪਣੀ ਰੱਖਿਆ ਆਪ ਕਰਨ ਦੇ ਉਪਰਾਲੇ ਕਰਨ ਅਤੇ ਇਨ੍ਹਾਂ ਨਫਰਤ ਵਿਚ ਪਾਗਲ, ਬੇਦਿਲ ਅਤੇ ਅਹਿਸਾਸਹੀਣ ਕਾਤਲਾਂ ਨੂੰ ਸੱਥ 'ਚ ਖੜਾ ਕਰ ਸਜਾਵਾਂ ਦੇਣ ਦਾ ਹੈ।


ਬੁਜ਼ਦਿਲ ਫਿਰਕੂ ਕਾਤਲ ਮੁਰਦਾਬਾਦ !
ਸ਼ਹੀਦ ਸਾਥੀ ਰਤਨ ਸਿੰਘ ਪਟਵਾਰੀ ਜ਼ਿੰਦਾਬਾਦ !
ਭਾਰਤੀ ਲੋਕ ਜਮਹੂਰੀ ਇਨਕਲਾਬ ਜਿੰਦਾਬਾਦ !!

ਇਨਕਲਾਬੀ ਸ਼ੁਭ ਇਛਾਵਾਂ ਨਾਲ
ਲੋਕ ਸਭਿਆਚਾਰਕ ਮੰਚ - ਕੈਲਗਰੀ (ਅਲਬਰਟਾ) ਕੈਨੇਡਾ।

ਅਖਬਾਰੀ ਸਨਅਤ 'ਚ ਹੜਤਾਲ

ਨਵੀਂ ਦਿੱਲੀ — ਦੇਸ਼ ਭਰ ਦੇ ਅਖਬਾਰੀ ਮਾਲਕਾਂ ਨੇ "ਸਨਅਤ ਪ੍ਰਤੀ ਸਰਕਾਰ ਦੀ ਇਕਪਾਸੜ ਅਤੇ ਅਨਿਆਪੂਰਨ ਨੀਤੀ" ਵਿਰੁਧ ਰੋਸ ਪ੍ਰਗਟ ਕਰਨ ਲਈ ਹੜਤਾਲ ਕੀਤੀ। ਮਾਲਕਾਂ ਵਲੋਂ ਏਨੀ ਵੱਡੀ ਪੱਧਰ 'ਤੇ ਪਹਿਲੀ ਵਾਰੀ ਹੜਤਾਲ ਕੀਤੀ ਗਈ ਹੈ। ਆਈ. ਈ. ਐਨ. ਐਸ. ਦੇ ਪ੍ਰਧਾਨ ਬਾਸੁਦੇਵ ਰੋਅ ਨੇ ਕਿਹਾ ਹੈ ਕਿ ਸੁਸਾਇਟੀ ਨਾਲ ਸਬੰਧਤ 234 ਅਖਬਾਰ 2 ਜੁਲਾਈ ਨੂੰ ਮਾਰਕੀਟ ਵਿਚ ਨਹੀਂ ਆਏ। ਹੜਤਾਲ ਦਾ ਫੈਸਲਾ ਸਰਕਾਰੀ ਨੀਤੀਆਂ ਕਾਰਨ ਸਨਅਤ ਦੀ ਮੰਦੀ ਹਾਲਤ ਵੱਲ ਸਰਕਾਰ ਦਾ ਧਿਆਨ ਦਿਵਾਉਣ ਲਈ ਕੀਤਾ ਗਿਆ।

ਸ਼ਮਸ਼ੇਰ ਸਿੰਘ ਜੋਸ਼ ਚਲ ਵਸੇ



ਖਰੜ — ਸੀ. ਪੀ. ਆਈ. ਨੇਤਾ ਅਤੇ ਸਾਬਕਾ ਐਮ. ਐਲ. ਏ. ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਦਾ ਦਿਲ ਦਾ ਦੌਰਾ ਪੈਣ ਨਾਲ ਦੇਹਾਂਤ ਹੋ ਗਿਆ। ਉਹ ਕਰੀਬ ਸੱਠ ਸਾਲਾਂ ਦੇ ਸਨ।

ਕਾਮਰੇਡ ਜੋਸ਼ 1962 ਵਿਚ ਰੋਪੜ ਹਲਕੇ ਤੋਂ ਅਤੇ 1972 ਵਿਚ ਖਰੜ ਹਲਕੇ ਤੋਂ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ ਸਨ। ਅੱਜ ਕੱਲ੍ਹ ਉਹ ਪੰਜਾਬ ਕਿਸਾਨ ਸਭਾ ਦੇ ਸੀਨੀਅਰ ਉਪਰ ਪ੍ਰਧਾਨ ਸਨ। ਉਹ ਕਈ ਸਾਲਾਂ ਤੋਂ ਹਫਤਾਵਾਰੀ ਅਖਬਾਰ 'ਸਚਿਤਰ ਪੰਜਾਬ ਪੱਤ੍ਰਿਕਾ' ਦਾ ਸੰਪਾਦਨ ਵੀ ਕਰਦੇ ਆ ਰਹੇ ਸਨ। ਉਹ ਸ਼ਹੀਦ ਕਾਂਸ਼ੀ ਰਾਮ ਮੈਮੋਰੀਅਲ ਕਾਲਜ ਟਰਸਟ ਭਾਗੋ ਮਾਜਰਾ ਦੇ ਚੇਅਰਮੈਨ ਵੀ ਸਨ। ਉਹ ਆਪਣੇ ਪਿਛੇ ਇਕ ਪੁੱਤਰ ਅਤੇ ਚਾਰ ਧੀਆਂ ਛੱਡ ਗਏ ਹਨ।

ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਉਨ੍ਹਾਂ ਦੀ ਮੌਤ ਉਤੇ ਗਹਿਰੇ ਦੁਖ ਦਾ ਇਜ਼ਹਾਰ ਕੀਤਾ ਹੈ। ਉਨ੍ਹਾਂ ਨੇ ਆਪਣੇ ਸੰਦੇਸ਼ ਵਿਚ ਕਿਹਾ ਹੈ ਕਿ ਸ਼ਮਸ਼ੇਰ ਸਿੰਘ ਜੋਸ਼ ਇਕ ਚੰਗੇ ਵਿਧਾਇਕ ਸਨ ਅਤੇ ਉਨ੍ਹਾਂ ਗਰੀਬਾਂ ਤੇ ਦਬੇ ਕੁਚਲੇ ਲੋਕਾਂ ਦੀ ਭਲਾਈ ਲਈ ਬਹੁਤ ਕੁਝ ਕੀਤਾ।

ਕਾਂਸ਼ੀ ਰਾਮ ਮੈਮੋਰੀਅਲ ਕਾਲਜ ਭਾਗੋ ਮਾਜਰਾ (ਖਰੜ) ਵਿਚ ਸ੍ਰੀ ਜੋਸ਼ ਦਾ ਅੰਤਮ ਸਸਕਾਰ ਕਰ ਦਿਤਾ ਗਿਆ। ਇਸ ਅਵਸਰ 'ਤੇ ਉਨ੍ਹਾਂ ਦੇ ਮਿੱਤਰਾਂ ਤੇ ਸੰਬੰਧੀਆਂ ਤੋਂ ਇਲਾਵਾ ਪੰਜਾਬ ਕਮਿਊਨਿਸਟ ਪਾਰਟੀ ਦੇ ਉਘੇ ਆਗੂ ਪਿਆਰਾ ਸਿੰਘ ਦਿਓਸੀ, ਗੁਰਬਖਸ਼ ਸਿੰਘ ਦੀਵਾਨ, ਮਦਨ ਲਾਲ ਦੀਦੀ, ਭੁਪਿੰਦਰ ਸਾਂਭਰ, ਜ਼ਿਲਾ ਕਾਂਗਰਸ ਦੇ ਪ੍ਰਧਾਨ ਸ੍ਰੀ ਕਾਂਸ਼ੀ ਰਾਮ, ਜ਼ਿਲਾ ਕਮਿਊਨਿਸਟ ਪਾਰਟੀ ਦੇ ਸਕੱਤਰ ਹੁਕਮ ਚੰਦ ਸ਼ਰਮਾ, ਕਿਸਾਨ ਸਭਾ ਦੇ ਸਕੱਤਰ, ਮਾਰਕਸੀ ਪਾਰਟੀ ਦੇ ਸਕੱਤਰ ਤੇ ਜ਼ਿਲੇ ਦੇ ਹੋਰ ਉਘੇ ਰਾਜਸੀ ਨੇਤਾ ਹਾਜ਼ਰ ਸਨ। ਪੰਜਾਬ ਦੇ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਸ੍ਰੀ ਜੋਸ਼ ਦੇ ਚਲਾਣੇ 'ਤੇ ਡੂੰਘੇ ਅਫਸੋਸ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਨੂੰ ਇਕ ਸੁਘੜ ਸਿਆਸੀ ਤੇ ਸਮਾਜਕ ਆਗੂ ਦੱਸਿਆ ਹੈ।

ਸ. ਮੇਵਾ ਸਿੰਘ ਗਿੱਲ ਐਮ. ਪੀ. ਲੁਧਿਆਣਾ - ਪਾਰਲੀਮੈਂਟ ਵਿਚ



ਚੇਅਰਮੈਨ ਸਾਹਿਬ, ਆਪ ਦੀ ਆਗਿਆ ਨਾਲ, ਵਿਰੋਧੀ ਪਾਰਟੀਆਂ, ਖਾਸ ਕਰ ਤੇਲਗੂ ਦੇਸ਼ਮ ਦੀ ਆਸ਼ੀਰਵਾਦ ਨਾਲ, (ਜਿਸ ਨੇ ਰਾਸ਼ਟਰਪਤੀ ਦੇ ਭਾਸ਼ਨ ਸਬੰਧੀ ਬਹਿਸ ਵਿਚ ਹਿਸਾ ਲੈਣ ਲਈ ਸ਼ਰੋਮਣੀ ਅਕਾਲੀ ਦਲ ਦੇ ਪ੍ਰਤੀਨਿਧ ਤੌਰ ਤੇ ਮੈਨੂੰ ਆਪਣਾ ਕੀਮਤੀ ਸਮਾਂ ਦਿਤਾ) ਮੈਂ ਆਪਣੇ ਵਿਚਾਰ ਰਖਣ ਲਈ ਖੜਾ ਹੋਇਆ ਹਾਂ।

ਸਾਡੇ ਵਿਚੋਂ ਬਹੁਤ ਸਾਰੇ ਇਸ ਸਦਨ ਵਿਚ ਅਤੇ ਬਹੁ ਗਿਣਤੀ ਇਸ ਸਦਨ ਤੋਂ ਬਾਹਰ ਸ਼ਰੋਮਣੀ ਅਕਾਲੀ ਦਲ ਨੂੰ ਇਕ ਸੂਬਾਈ ਪਾਰਟੀ ਮੰਨਦੀ ਹੈ। ਪ੍ਰੰਤੂ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਵੀ ਸਮੇਂ ਨੇ ਮੰਗ ਕੀਤੀ, ਘਟਨਾਵਾਂ ਨੇ ਪਰੇਰਿਆ ਅਤੇ ਐਮਰਜੈਂਸੀ ਨੇ ਚੇਲੰਜ ਕੀਤਾ ਤਾਂ ਇਸ ਪਾਰਟੀ ਨੇ ਇਕ ਕੌਮੀ (ਨੈਸ਼ਨਲ) ਪਾਰਟੀ ਬਣ ਕੇ ਦਿਖਾਇਆ। ਇਸ ਲਈ ਮੈਂ ਉਸ ਪਾਰਟੀ ਦੇ ਪ੍ਰਤੀਨਿਧ ਵਜੋਂ ਬੋਲ ਰਿਹਾ ਹਾਂ ਜਿਸ ਨੇ ਆਜ਼ਾਦੀ ਦੀ ਜਦੋ ਜਹਿਦ ਅਤੇ ਸੁਤੰਤਰਤਾ ਸੰਗਰਾਮ ਵਿਚ ਦੇਸ਼ ਭਗਤਾਂ ਅਤੇ ਸਾਰੀਆਂ ਰਾਜਨੀਤਕ ਪਾਰਟੀਆਂ ਜਿਸ ਵਿਚ ਕਾਂਗਰਸ ਵੀ ਸ਼ਾਮਲ ਹੈ, ਨਾਲ ਮੋਢੇ ਨਾਲ ਮੋਢਾ ਜੋੜ ਕੇ ਬਹਾਦਰੀ ਭਰਿਆ ਹਿਸਾ ਲਿਆ। ਉਹਨਾਂ ਨੇ ਆਜ਼ਾਦੀ ਲਈ ਆਪਣੀਆਂ ਜਾਨਾਂ ਵਾਰੀਆਂ ਅਤੇ ਬੇਸ਼ੁਮਾਰ ਕੁਰਬਾਨੀਆਂ ਦਿੱਤੀਆਂ।

ਆਪ ਦੀ ਆਗਿਆ ਨਾਲ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਅੰਗਰੇਜ਼ ਹਕੂਮਤ ਨੇ ਜਿਹਨਾਂ 121 ਸੁਤੰਤਰਤਾ ਸੰਗਰਾਮੀਆਂ ਨੂੰ ਫਾਂਸੀ ਦੇ ਤਖਤੇ ਤੇ ਲਟਕਾਇਆ ਉਹਨਾਂ ਵਿਚੋਂ 93 ਸੰਗਰਾਮੀ ਸਿੱਖ ਕੌਮ ਦੇ ਸਨ (ਉਸ ਸਿੱਖ ਕੌਮ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉਪਦੇਸ਼ਾਂ, ਸਿਧਾਂਤਾਂ ਅਤੇ ਸਿਖਿਆ ਉਤੇ ਚੱਲਣ ਵਾਲੀ ਹੈ) ਅੰਗਰੇਜ਼ ਹਕੂਮਤ ਨੇ ਸਭ ਤੋਂ ਸਖਤ ਸਜਾ ਕਾਲੇ ਪਾਣੀ ਦੀ, ਭਾਰਤ ਵਿਚ 2646 ਆਜ਼ਾਦੀ ਘੁਲਾਟੀਆਂ ਨੂੰ ਦਿਤੀ ਉਸ ਵਿਚੋਂ 2147 ਘੁਲਾਟੀਏ ਮੇਰੀ ਕੌਮ ਦੇ ਸਨ। ਉਹ ਸਿੱਖ ਸਨ ਅਤੇ ਉਹ ਆਪਣੀ ਮਾਤਰ-ਭੂਮੀ ਨੂੰ ਆਜ਼ਾਦ ਕਰਵਾਉਣ ਲਈ ਸਭ ਤੋਂ ਅੱਗੇ ਹੋ ਕੇ ਲੜੇ ਸਨ। ਜਨਰਲ ਡਾਇਰ ਨੇ ਆਪਣੀ ਗੋਲੀ ਦਾ ਨਿਸ਼ਾਨਾ ਬਣਾ ਕੇ ਜੋ 1300 ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰੇ ਉਹਨਾਂ ਵਿਚੋਂ 679 ਵਿਆਕਤੀ ਸਿਖ ਸਨ। ਅੰਗਰੇਜ਼ ਹਕੂਮਤ ਨੇ ਪੰਜਾਬ ਦੀਆਂ ਹੱਦਾਂ ਤੋਂ ਕਿਤੇ ਦੂਰ ਬੱਜ-ਬੱਜ ਘਾਟ ਤੇ ਜੋ 22 ਵਿਅਕਤੀ ਗੋਲੀਆਂ ਨਾਲ ਉਡਾਏ, ਉਹ ਸਾਰੇ ਦੇ ਸਾਰੇ ਮੇਰੀ ਕੌਮ ਦੇ ਸਨ। ਇਸ ਲਈ ਜਦੋਂ ਮੈਂ ਇਹ ਕਹਿਦਾ ਹਾਂ ਕਿ ਮੈਂ ਸ਼ਰੋਮਣੀ ਅਕਾਲੀ ਦਲ ਵਲੋਂ ਬੋਲ ਰਿਹਾ ਹਾਂ ਉਸ ਵਕਤ ਮੇਰਾ ਭਾਵ ਇਹ ਹੈ ਕਿ ਮੈਂ ਇਸ ਦੇਸ਼ ਭਗਤ ਨੈਸ਼ਨਲ ਪਾਰਟੀ ਵਲੋਂ ਬੋਲ ਰਿਹਾ ਹਾਂ।

ਸ੍ਰੀ ਰਾਮ ਪਿਆਰੇ ਪਨਿਕਾ : ਤੁਹਾਨੂੰ ਲਫ਼ਜ਼ "ਮੇਰੀ" ਵਰਤਣ ਦੀ ਵਜਾਏ ਸਾਡੀ ਕੌਮ ਕਹਿਣਾ ਚਾਹੀਦਾ ਹੈ।

ਸ. ਮੇਵਾ ਸਿੰਘ ਗਿੱਲ : ਇਹ ਹੀ ਉਹ ਪਾਰਟੀ ਹੈ ਜਿਹੜੀ ਐਮਰਜੈਂਸੀ ਦੇ ਖਿਲਾਫ ਵਕਤ ਦੀ ਲੋੜ ਅਨੁਸਾਰ ਅੱਗੇ ਵਧੀ ਅਤੇ ਭਾਰਤ ਵਰਸ਼ ਵਿਚ ਲੋਕ ਤੰਤਰ ਬਹਾਲ ਕਰਾਉਣ ਲਈ, ਤੇ ਉਹਨਾਂ ਲੋਕਾਂ ਦੇ ਹੱਕਾਂ ਲਈ ਲੜੀ ਜਿਹੜੇ ਐਮਰਜੈਂਸੀ ਦੇ ਕਾਲੇ ਕਾਨੂੰਨਾਂ ਥੱਲੇ ਲਿਤਾੜੇ ਜਾ ਰਹੇ ਸਨ। ਉਚੇਚੇ ਤੌਰ ਤੇ ਮੈਂ ਇਸ ਸਦਨ ਅਤੇ ਇਸ ਸਦਨ ਦੁਆਰਾ ਲੱਖਾਂ ਲੋਕਾਂ, ਜਿਹੜੇ ਕਿ ਭਾਰਤ ਦੇ ਦੂਰ ਦੁਰਾਡੇ ਕੰਢਿਆਂ ਅਤੇ ਹਿਮਾਲਾ ਪਰਬਤ ਦੀ ਗੋਦ ਵਿਚ ਰਹਿੰਦੇ ਹਨ ਜਿਸ ਤਰ੍ਹਾਂ ਮਛੇਰੇ, ਕਿਰਤੀ, ਮਜ਼ਦੂਰ, ਖੇਤਾਂ ਅਤੇ ਖਾਣਾਂ ਵਿਚ ਕੰਮ ਕਰਨ ਵਾਲੇ ਦੇ ਧਿਆਨ ਵਿਚ ਇਹ ਸਭ ਕੁਝ ਲਿਆਉਣਾ ਚਾਹੁੰਦੇ ਹਾਂ ਕਿ ਇਹ ਪਾਰਟੀ ਹੈ ਜੋ ਦੇਸ਼ ਦੀ ਅਜ਼ਾਦੀ ਲਈ ਲੜੀ। ਪਰੰਤੂ ਇਸ ਦੇ ਉਲਟ ਰਾਜ ਸੱਤਾ ਪਾਰਟੀ (Ruling Party) ਨੇ ਇਕ ਖਾਸ ਰਵੱਈਆ ਅਖਤਿਆਰ ਕਰਕੇ ਸਾਨੂੰ ਸਿੱਖਾਂ ਨੂੰ ਗਦਾਰ ਅਤੇ ਅਤਿਵਾਦੀ ਦਰਸਾਇਆ ਹੈ।

ਸ੍ਰੀ ਰਾਮ ਪਿਆਰੇ ਪਨਿਕਾ : ਬਿਲਕੁਲ ਨਹੀਂ ਜਨਾਬ, ਇਹ ਸਰਾਸਰ ਗਲਤ ਹੈ। ਅਸੀਂ ਸਦਾ ਹੀ ਸਿਖਾਂ ਦਾ ਮਾਣ ਕਰਦੇ ਹਾਂ।

ਸ੍ਰੀ ਬਾਲ ਕਵੀ ਬੈਰਾਗੀ : ਮਾਣਯੋਗ ਸਭਾਪਤੀ ਜੀ ਮੈਂ ਸਦਨ ਵਿਚ ਸਿਰਫ ਇਤਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਸਤਿਕਾਰ ਯੋਗ ਮੇਵਾ ਸਿੰਘ ਜੀ ਨੇ ਬਹੁਤ ਅੱਛੇ ਵਿਚਾਰ ਰੱਖੇ ਹਨ ਪਰੰਤੂ ਉਹ ਆਪਣੇ ਵਿਚਾਰਾਂ ਨਾਲ ਇਹ ਵੀ ਜੋੜ ਦੇਣ ਕਿ ਜਿਸ ਵਿਅਕਤੀ ਨੇ ਇਹ ਭਾਸ਼ਣ ਦਿਤਾ ਹੈ ਉਹ ਵੀ ਇਹਨਾਂ ਦੀ ਜਾਤ ਦਾ ਹੈ ਉਹ ਵੀ ਸਿੱਖ ਹੈ।

ਸ੍ਰੀ ਐਚ ਕੇ ਐਲ ਭਗਤ ਮਨਿਸਟਰ ਪਾਰਲੀਮੈਂਟਰੀ ਅਫ਼ੇਅਰਜ਼ ਐਂਡ ਟੂਰਇਜਮ : ਕੀ ਮੈਂ ਸਤਿਕਾਰਯੋਗ ਮੈਂਬਰ ਦੀ ਜਾਣਕਾਰੀ ਲਈ ਇਕ ਸ਼ਬਦ ਕਹਿ ਸਕਦਾ ਹਾਂ ? ਸਿੱਖ ਇਸ ਦੇਸ਼ ਦੇ ਮਹਾਨ ਦੇਸ਼ ਭਗਤਾਂ ਵਿਚੋਂ ਇਕ ਹਨ। ਰੂਲਿੰਗ ਪਾਰਟੀ ਵਿਚੋਂ ਅਸੀਂ ਕਿਸੇ ਨੇ ਕਦੇ ਵੀ ਉਹਨਾਂ ਨੂੰ ਦੇਸ਼ ਧਰੋਹੀ ਨਹੀਂ ਕਿਹਾ ਹੈ। ਅਸੀਂ ਹਮੇਸ਼ਾਂ ਕਿਹਾ ਹੈ ਕਿ ਉਹ ਦੇਸ਼ ਭਗਤ ਹਨ। ਇਕੱਲੇ ਦੁਕੱਲੇ ਕਾਤਲ, ਅਤਿਵਾਦੀ ਜਾਂ ਖੂਨੀ ਹੋਣਗੇ, ਪਰ ਸਮੁੱਚੀ ਸਿੱਖ ਕੌਮ ਕਦੇ ਵੀ ਨਹੀਂ। ਉਹ ਮਹਾਨ ਦੇਸ਼ ਭਗਤਾਂ ਵਿਚੋਂ ਹਨ।

ਸ੍ਰੀ ਰਾਮ ਪਿਆਰੇ ਪਨਿਕਾ : ਸਾਨੂੰ ਸਿੱਖ ਕੌਮ ਤੇ ਮਾਣ ਹੈ।

ਸ੍ਰੀ ਵਸੰਤ ਸਾਠੇ ਊਰਜਾ ਮੰਤਰੀ : ਅਸੀਂ ਹਮੇਸ਼ਾਂ ਹੀ ਇਸ ਤਰ੍ਹਾਂ ਕਿਹਾ ਹੈ। ਮੇਹਰਬਾਨੀ ਕਰਕੇ ਦਰੁਸਤ ਕਰੋ, ਇਸ ਨੂੰ ਫਿਰ ਨਾ ਦਹੁਰਾਣਾ।

ਸ੍ਰੀ ਐਚ. ਕੇ. ਐਲ. ਭਗਤ : ਸਿੱਖ ਕਾਂਗਰਸ ਦੇ ਨਾਲ ਹੀ ਲੜੇ, ਮਰੇ ਅਤੇ ਉਹਨਾਂ ਨੇ ਤਕਲੀਫਾਂ ਝੱਲੀਆਂ। ਅਕਾਲੀ ਪਾਰਟੀ ਨੇ ਵੀ ਦੇਸ਼ ਦੀ ਖਾਤਰ ਬਹੁਤ ਕੁਰਬਾਨੀਆਂ ਦਿੱਤੀਆਂ ਹਨ।

ਸ. ਮੇਵਾ ਸਿੰਘ ਗਿੱਲ : ਇਹੋ ਤਾਂ ਮੈਂ ਕਹਿ ਰਿਹਾ ਹਾਂ ਕਿ ਅਕਾਲੀ ਪਾਰਟੀ ਨੇ ਦੇਸ਼ ਦੇ ਲੋਕਾਂ ਲਈ ਬਹੁਤ ਕੁਰਬਾਨੀਆਂ ਦਿਤੀਆਂ ਹਨ।

ਸ੍ਰੀ ਵਸੰਤ ਸਾਠੇ ਊਰਜਾ ਮੰਤਰੀ : ਸ. ਮੇਵਾ ਸਿੰਘ ਗਿੱਲ ਜੀ ਮੈਂ ਆਪ ਜੀ ਨੂੰ ਕੇਵਲ ਇਤਨੀ ਬੇਨਤੀ ਕਰਦਾ ਹਾਂ ਕਿ ਆਪ ਬਹੁਤ ਹੀ ਅੱਛਾ ਭਾਸ਼ਣ ਦੇ ਰਹੇ ਹੋ ਕਿਰਪਾ ਕਰਕੇ ਆਪ ਇਹ ਨਾ ਕਹੋ ਕਿ ਰੂਲਿੰਗ ਪਾਰਟੀ ਨੇ ਸਿੱਖ ਕੌਮ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਸੱਚ ਨਹੀਂ ਹੈ। ਇਹ ਰਿਕਾਰਡ ਤੇ ਆ ਜਾਂਦਾ ਹੈ। ਰੂਲਿੰਗ ਪਾਰਟੀ ਦੇ ਕਿਸੇ ਵੀ ਵਿਅਕਤੀ ਨੇ ਅਜਿਹਾ ਕਦੇ ਨਹੀਂ ਕਿਹਾ ਹੈ।

ਸ. ਮੇਵਾ ਸਿੰਘ ਗਿੱਲ : ਇਸ ਪਾਰਟੀ ਨੇ ਕਦੇ ਅਜਿਹਾ ਮੱਤਾ ਪਾਸ ਨਹੀਂ ਕੀਤਾ ਹੈ ਪਰ ਕਈ ਮੈਂਬਰਾਂ ਨੇ ਮੌਕਾ ਪ੍ਰਾਪਤ ਕਰਕੇ ਇਹ ਜ਼ਰੂਰ ਕਿਹਾ ਹੈ।

ਇਕ ਮੈਂਬਰ : ਕਿਸੇ ਨੇ ਨਹੀਂ — (ਰੌਲੇ ਕਾਰਨ ਰੁਕਾਵਟ)

ਸ. ਮੇਵਾ ਸਿੰਘ ਗਿੱਲ : ਹੁਣ ਮੈਂ ਰਾਸ਼ਟਰਪਤੀ ਦੇ ਭਾਸ਼ਣ ਤੇ ਵਿਚਾਰ ਪ੍ਰਗਟ ਕਰਾਂਗਾ। ਸ਼ੁਰੂ 'ਚ ਮੈਂ ਕਹਿਣਾ ਚਾਹਾਂਗਾ ਕਿ ਇਹ ਭਾਸ਼ਣ ਇਕ ਸੋਚੀ ਸਮਝੀ ਚੁੱਪ ਹੈ ਅਤੇ ਇਸ ਵਿਚ ਬਹੁਤ ਕੁਝ ਲੋਕਾਂ ਪਾਸੋਂ ਲਕੋਇਆ ਗਿਆ ਹੈ। ਇਹ ਭੁਲਾਏ ਜਾ ਚੁਕੇ ਅਤੇ ਅਧੂਰੇ ਛੱਡੇ ਵਾਇਦੇ, ਯਕੀਨ ਅਤੇ ਕਸਮਾਂ ਨਾਲ ਕੀਤੇ ਧੋਖਿਆਂ ਦਾ ਭਾਸ਼ਣ ਹੈ। ਇਸ ਵਿਚ ਦੇਸ਼ ਦੀ ਕਾਨੂੰਨੀ ਵਿਵਸਥਾ ਅਤੇ ਅਮੀਰੀ ਤੇ ਗਰੀਬੀ ਵਿਚ ਵੱਧ ਰਹੀ ਵਿੱਥ ਦਾ ਖਾਸ ਕਰਕੇ ਜਿਕਰ ਨਹੀਂ ਕੀਤਾ ਗਿਆ ਹੈ। ਲੋਕਾਂ ਦੀ ਤਰਸਯੋਗ ਮੰਦੀ ਹਾਲਤ ਉਚੇਚੇ ਤੌਰ ਤੇ ਇਸ ਵਿਚ ਦਰਸਾਈ ਨਹੀਂ ਗਈ ਹੈ। ਇਹ ਸਭ ਕੁਝ ਨੂੰ, ਜਾਣ ਬੁਝ ਕੇ ਇਸ ਖਾਸ ਸ਼ਬਦਾਵਲੀ ਮੈਨੂੰ ਕਹਿਣਾ ਚਾਹੀਦਾ ਹੈ ਕਿ ਘੁਮੰਡ ਭਰੀ ਸ਼ਬਦਾਵਲੀ ਵਰਤ ਕੇ ਲੋਕਾਂ ਪਾਸੋਂ ਛੁਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਸੱਚ ਨੂੰ ਲੋਕਾਂ ਸਾਹਮਣੇ ਆਉਣ ਨਹੀਂ ਦਿਤਾ ਗਿਆ ਹੈ। ਹਰ ਰੋਜ਼ ਅਸੀਂ ਉਠਦੇ ਸਾਰ ਹੀ ਪੜ੍ਹਦੇ ਹਾਂ ਕਿ ਕਿਤਨੇ ਲੋਕ ਕਿਸ ਤਰ੍ਹਾਂ ਫਿਰਕੂਪੁਣੇ ਦੀ ਅੱਗ ਵਿਚ ਸਾੜ, ਭੁੰਨ ਅਤੇ ਕਤਲ ਕਰ ਦਿੱਤੇ ਗਏ ਹਨ। ਅੱਜ ਅਸੀਂ ਸਵੇਰੇ ਉਹਨਾਂ ਔਰਤਾਂ ਤੇ ਨਵ ਵਿਆਹੀਆਂ ਦੀਆਂ ਸਿਸਕੀਆਂ ਤੇ ਹੌਕੇ ਸੁਨਣ ਲਈ ਉਠਦੇ ਹਾਂ ਜਿਹਨਾਂ ਨੂੰ ਦਾਜ਼ ਦੀ ਲਾਚਾਰ ਭੁੱਖ ਵਿਚ ਸਾੜ ਦਿਤਾ ਜਾਂਦਾ ਹੈ। ਲੋਕਾਂ ਦੇ ਦਰਵਾਜ਼ਿਆਂ ਤੇ ਹਰ ਦਸਤਕ ਅੱਜ ਮੌਤ ਦੀ ਦਸਤਕ ਹੈ। ਅਸੀਂ ਦੇਖਦੇ ਹਾਂ ਕਿ ਮੂੰਹ-ਹਨੇਰੇ ਤੇ ਪਹੁ-ਫੁਟਾਲੇ ਦਾ ਸਨਾਟਾ ਉਦਾਸੀ ਤੇ ਮੌਤ ਦਾ ਸਨਾਟਾ ਹੈ। ਅੱਜ ਘਰ ਦੀ ਚਾਰ-ਦਿਵਾਰੀ ਦੇ ਅੰਦਰ ਕਾਨੂੰਨੀ ਵਿਵਸਥਾ ਦੀ ਕਹਾਣੀ ਸਹੁਰਿਆਂ ਵਲੋਂ ਨੂੰਹਾਂ ਨੂੰ ਫਾਂਸੀ ਲਾਉਣ ਦੀ ਕਹਾਣੀ ਹੈ ਅਤੇ ਘਰ ਤੋਂ ਬਾਹਰ ਕਾਨੂੰਨੀ ਵਿਵਸਥਾ ਦੀ ਕਹਾਣੀ ਗੁੰਡਾਗਰਦੀ ਅਤੇ ਲੁੱਟਮਾਰ ਦੀ ਕਹਾਣੀ ਹੈ। ਅੱਜ ਜਗ੍ਹਾ-ਜਗ੍ਹਾ ਕਰਫਿਊ, ਦਫਾ ਇਕ ਸੌ ਚੁਤਾਲੀ ਲਗਾਉਣ ਦੀ ਅਤੇ ਥਾਂ-ਥਾਂ ਫਾਇਰਿੰਗ ਹੋਣ ਦੀ ਕਹਾਣੀ ਹੈ।

ਅਜ ਰਾਤ ਪੈਣ ਤੇ ਉਹਨਾਂ ਸਤੇ ਸਤਾਏ ਲੋਕਾਂ ਦੀ ਹਨੇਰੇ ਦੀਆਂ ਕੋਠੜੀਆਂ ਵਿਚ ਕੈਦ ਦੀ ਤਰ੍ਹਾਂ ਬਿਤਾਈ ਕੱਲ ਬਾਰੇ ਸੋਚਾਂ ਦੀ ਕਹਾਣੀ ਹੈ ਕਿਉਂਕਿ ਅਸੀਂ ਦੇਖਦੇ ਹਾਂ ਕਿ ਇਹਨਾਂ ਪਾਸ ਕੋਈ ਮਕਾਨ ਨਹੀਂ, ਇਹ ਸਿਰੋਂ ਪੈਰੋਂ ਨੰਗੇ ਅਤੇ ਢਿੱਡੋਂ ਭੁੱਖੇ ਹਨ ਅਤੇ ਉਹਨਾਂ ਪਾਸ ਖਾਣ ਲਈ ਵੀ ਕੱਖ ਨਹੀਂ ਹੈ। ਤੁਸੀਂ ਇਹਨਾਂ ਨੂੰ ਸ਼ਹਿਰਾਂ ਅਤੇ ਵੱਡੇ ਵੱਡੇ ਸ਼ਹਿਰਾਂ ਵਿਚ ਪਟੜੀਆਂ ਤੇ ਬੈਠੇ ਜਾਂ ਪਏ ਦੇਖਦੇ ਹੋ ਅਤੇ ਇਹਨਾਂ ਦੀ ਗਿਣਤੀ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਇਹ ਹੈ ਕਹਾਣੀ ਜੋ ਸਾਡੇ ਸਾਹਮਣੇ ਹੈ ਅਤੇ ਰਾਸ਼ਟਰਪਤੀ ਦੇ ਭਾਸ਼ਣ ਵਿਚ ਲੋਕਾਂ ਪਾਸੋਂ ਇਹ ਜਾਣ ਬੁਝ ਕੇ ਅਖੋਂ ਪਰੋਖੇ ਕੀਤੀ ਗਈ ਹੈ।

ਮੈਂ ਦਸਣਾ ਚਾਹੁੰਦਾ ਹਾਂ ਕਿ ਬਹੁਤੀ ਦੇਰ ਦੀ ਗੱਲ ਨਹੀਂ ਜਦੋਂ ਕਿ ਇਥੇ, ਇਸ ਰਾਜਧਾਨੀ ਵਿਚ, ਉਤਰੀ ਭਾਰਤ ਦੇ ਸ਼ਹਿਰਾਂ - ਬਕਾਰੋ ਤੇ ਕਾਨ੍ਹਪੁਰ ਵਿਚ ਅਸੀਂ ਐਸਾ ਭਿਆਨਕ ਨਾਟਕ ਦੇਖਿਆ ਜਿਸ ਦੀ ਸਭਿਅਤਾ ਦੇ ਇਤਿਹਾਸ ਵਿਚ ਮਿਸਾਲ ਤੇ ਨਫਰਤ ਦੇ ਇਤਿਹਾਸ ਵਿਚ ਬਰਾਬਰਤਾ ਨਹੀਂ ਮਿਲਾਈ। ਇਹ ਨਾਟਕ ਗ੍ਰਹਿ ਮੰਤਰਾਲੇ ਦੀਆਂ ਨਜ਼ਰਾਂ ਥੱਲੇ, ਬਿਲਕੁਲ ਉਸ ਦੇ ਨਜ਼ਦੀਕ ਜਮਨਾਂ ਦੇ ਕੰਢਿਆਂ ਤੇ ਖੇਡਿਆ ਗਿਆ। ਇਨ੍ਹਾਂ ਥਾਵਾਂ ਤੇ ਭਾਰਤ ਦੀ ਏਕਤਾ ਦੇ ਨਾਹਰੇ ਹੇਠ ਨੰਨੇ ਤੇ ਮਸੂਮ ਬੱਚੇ ਉਹਨਾਂ ਦੀਆਂ ਮਾਵਾਂ ਦੀਆਂ ਬਾਹਵਾਂ ਵਿਚੋਂ ਖੋਹ ਕੇ ਟੁਕੜੇ ਟੁਕੜੇ ਕਰ ਦਿਤੇ ਗਏ। ਇਨ੍ਹਾਂ ਹੀ ਜਗ੍ਹਾ ਤੇ ਅਖੰਡ ਭਾਰਤ ਮਾਤਾ ਦੇ ਨਾਹਰੇ ਹੇਠ ਮਾਵਾਂ ਤੇ ਭੈਣਾਂ ਦੀ ਉਹਨ੍ਹਾਂ ਦੇ ਪੁਤਰਾਂ ਤੇ ਭਰਾਵਾਂ ਦੀਆਂ ਅੱਖਾਂ ਸਾਹਮਣੇ ਟੋਲਿਆਂ ਦੇ ਟੋਲਿਆਂ ਨੇ ਪੱਤ ਲੁੱਟੀ। ਇਥੇ ਹੀ ਲੋਕਾਂ ਨੂੰ ਫੜ ਕੇ ਉਹਨਾਂ ਦੇ ਗਲਾਂ ਵਿਚ ਜਲਦੇ ਟਾਇਰ ਪਾ ਕੇ ਉਹਨਾਂ ਪਾਸੋਂ ਮੌਤ ਦਾ ਨਾਚ ਕਰਾਇਆ ਗਿਆ। ਇਥੇ ਹੀ ਦੇਸ਼ ਦੀ ਅਖੰਡਤਾ ਦੇ ਨਾਹਰੇ ਹੇਠ ਬਹੁਤ ਸਾਰੇ ਲੋਕਾਂ ਨੂੰ ਫੜ ਕੇ ਕੁਟ ਮਾਰ ਕੇ, ਉਹਨਾਂ ਦੀ ਬੇ-ਇਜ਼ਤੀ ਕਰਕੇ, ਉਹਨਾਂ ਦੇ ਟੋਟੇ ਟੋਟੇ ਕੀਤੇ ਗਏ। ਇਥੇ ਹੀ ਅਣਗਿਣਤ ਮਕਾਨ, ਝੁੱਗੀਆਂ, ਝੌਂਪੜੀਆਂ ਸਾੜ ਕੇ ਸੁਆਹ ਕੀਤੀਆਂ ਗਈਆਂ। ਇਹ ਸੀ ਅਜਿਹਾ ਮਹਾਨ ਜੱਗ ਜੋ ਇਥੇ ਕੀਤਾ ਗਿਆ। ਇਹ ਸਭ ਕੁਝ ਗ੍ਰਹਿ ਮੰਤਰਾਲੇ ਦੀਆਂ ਨਜ਼ਰਾਂ ਹੇਠ ਵਾਪਰਿਆ। ਇਹਨਾਂ ਸਾਰੇ ਵਾਕਿਆਤ ਦਾ ਰਾਸ਼ਟਰਪਤੀ ਦੇ ਭਾਸ਼ਣ ਵਿਚ ਜਿਕਰ ਤਕ ਨਹੀਂ ਕੀਤਾ ਗਿਆ ਹੈ।

ਪੰਜਾਬ ਇਸ ਸ਼ਾਨਦਾਰ ਸਦਨ, ਤਾਕਤ ਦੀ ਸਭ ਤੋਂ ਉਚੀ ਬੁਲੰਦੀ ਦੇਖ ਰਿਹਾ ਸੀ, ਪਰ ਅਫਸੋਸ ਕਿ ਇਥੋਂ ਇਸ ਭਿਆਨਕ ਤਬਾਹੀ ਤੇ ਜ਼ੁਲਮ ਦੇ ਖਿਲਾਫ ਇਕ ਵੀ ਉਂਗਲ ਨਾ ਉਠਾਈ ਗਈ, ਇਕ ਵੀ ਆਵਾਜ਼ ਨਾ ਸੁਣਾਈ ਦਿਤੀ। ਇਹਨਾਂ ਪੱਖਾਂ ਦਾ ਵੀ ਰਾਸ਼ਟਰਪਤੀ ਦੇ ਭਾਸ਼ਣ ਵਿਚ ਜ਼ਿਕਰ ਤੱਕ ਨਹੀਂ ਹੈ।

ਲੱਖਾਂ ਲੋਕਾਂ ਦੇ ਚਿਹਰਿਆਂ ਤੇ ਇਕ ਸਵਾਲ ਹੈ, ਉਹ ਇਹ 'ਕਿ ਕੌਣ ਭਾਰਤ ਤੇ ਰਾਜ ਕਰਦਾ ਹੈ ?' ਕਾਂਗਰਸ(ਆਈ) ਦਾ ਰਾਜੀਵ ਦੇਵਤਾ ਜਾਂ ਕਿ ਮੌਤ, ਨਿਰਾਸਾ ਅਤੇ ਬਰਬਾਦੀ ਦਾ ਸ਼ਿਵ ਦੇਵਤਾ। ਇਸ ਸਵਾਲ ਸਬੰਧੀ ਰਾਸ਼ਟਰਪਤੀ ਦੇ ਭਾਸ਼ਣ ਵਿਚ ਜ਼ਿਕਰ ਆਉਣਾ ਚਾਹੀਦਾ ਸੀ ਜੋ ਕਿ ਜਾਣ ਬੁਝ ਕੇ ਛੱਡਿਆ ਗਿਆ ਹੈ।

ਅੱਜ ਹਾਲਤ ਇਹ ਹੈ ਕਿ ਇਕ ਪਾਸੇ ਅਮੀਰ ਤੇ ਗਰੀਬ ਵਿਚ ਦਿਨ-ਬ-ਦਿਨ ਫਰਕ ਵੱਧ ਰਿਹਾ ਹੈ ਅਤੇ ਦੂਸਰੇ ਪਾਸੇ ਝੁੱਗੀਆਂ ਝੌਂਪੜੀਆਂ ਦੇ ਕਈ ਗੁਣਾਂ ਵੱਧ ਰਹੇ ਇਲਾਕੇ ਦੇਖ ਰਹੇ ਹਾਂ। ਇਕ ਪਾਸੇ ਅਮੀਰ ਹੋਰ ਅਮੀਰ ਹੋਈ ਜਾ ਰਹੇ ਹਨ ਦੂਸਰੇ ਪਾਸੇ ਗਰੀਬ ਵੱਧ ਰਹੀ ਗਰੀਬੀ ਦੇ ਥੱਲੇ ਲਿਤਾੜੇ ਜਾ ਰਹੇ ਹਨ ਅਤੇ ਲੱਖਾਂ ਆਪਣਾ ਗੁਜ਼ਾਰਾ ਵੀ ਨਹੀਂ ਕਰ ਸਕਦੇ ਹਨ ਗਰੀਬੀ ਦੀ ਰੇਖਾ ਥੱਲੇ ਲੋਕਾਂ ਦੀ ਦਿਨ-ਬ-ਦਿਨ ਗਿਣਤੀ ਵੱਧ ਰਹੀ ਹੈ। ਮੈਂ ਇਸ ਗੱਲ ਦਾ ਦਾਹਵਾ ਕਰਦਾ ਹਾਂ ਕਿ ਪਿਛਲੇ ਸਾਲਾਂ ਵਿਚ ਇਹਨਾਂ ਗਰੀਬ ਲੋਕਾਂ ਦੀ ਗਿਣਤੀ ਘਟੀ ਨਹੀਂ ਸਗੋਂ ਵਧੀ ਹੈ। 36 ਹਜ਼ਾਰ ਕਰੋੜ ਦੇ ਕਾਲੇ ਧੰਨ ਦਾ ਇਸ ਦੇਸ਼ ਵਿਚ ਸੰਚਾਰ ਹੈ ਜੋ ਕਿ ਤਬਾਹੀ ਮਚਾ ਰਿਹਾ ਹੈ। ਇਹੀ ਕਾਰਨ ਹੈ ਕਿ ਕੀਮਤਾਂ ਵੱਧ ਰਹੀਆਂ ਹਨ ਅਤੇ ਲੋਕ ਹੋਰ ਗਰੀਬ ਹੋ ਰਹੇ ਹਨ। ਦੂਸਰੇ ਪਾਸੇ ਅਸੀਂ ਪ੍ਰਾਪਤੀਆਂ ਦੀਆਂ ਗੱਲਾਂ ਕਰਦੇ ਹਾਂ। ਸਾਡੀਆਂ ਪ੍ਰਾਪਤੀਆਂ ਇਸ ਸਰਕਾਰ ਦੀਆਂ ਪ੍ਰਾਪਤੀਆਂ ਨਹੀਂ।

ਸਾਡੇ ਦੇਸ਼ ਵਿਚ ਹਰੀ ਕਰਾਂਤੀ ਇਸ ਸਰਕਾਰ ਨੇ ਨਹੀਂ ਸਗੋਂ ਪੰਜਾਬੀ ਕਿਸਾਨ ਅਤੇ ਕਿਰਤੀ ਦੀ ਸਖਤ ਮਿਹਨਤ ਕਾਰਨ ਆਈ ਹੈ। ਇਹ ਇਹਨਾਂ ਲੋਕਾਂ ਦੀ ਖੇਤਾਂ ਵਿਚ ਕੀਤੀ ਮਿਹਨਤ ਦਾ ਫਲ ਹੈ ਜਿਹਨਾਂ ਨੂੰ ਉਹਨਾਂ ਦੀ ਮਿਹਨਤ ਦੀ ਪੂਰੀ ਕੀਮਤ ਵੀ ਨਹੀਂ ਦਿਤੀ ਜਾਂਦੀ ਹੈ। ਇਸ ਦਾ ਰਾਸ਼ਟਰਪਤੀ ਦੇ ਭਾਸ਼ਣ ਵਿਚ ਕੋਈ ਜ਼ਿਕਰ ਨਹੀਂ ਇਹ ਸਰਕਾਰ ਦੀ ਕੋਸ਼ਿਸ਼ ਦਾ ਫਲ ਸਰੂਪ ਨਹੀਂ ਹੈ।

ਇਕ ਮਾਣਯੋਗ ਮੈਂਬਰ : ਮਜ਼ਦੂਰ ਬਿਹਾਰ, ਉੜੀਸਾ ਅਤੇ ਹੋਰ ਜਗ੍ਹਾ ਤੋਂ ਵੀ ਆਉਂਦੇ ਹਨ।

ਸ. ਮੇਵਾ ਸਿੰਘ ਗਿੱਲ : ਅਸੀਂ ਇਸ ਲਈ ਸ਼ੁਕਰਗੁਜ਼ਾਰ ਹਾਂ। ਪਰ ਇਥੇ ਗੱਲ ਸਰਕਾਰ ਦੀਆਂ ਕੋਸ਼ਿਸ਼ਾਂ ਦੀ ਹੋ ਰਹੀ ਹੈ। ਦਰਅਸਲ ਜ਼ਿਆਦਾ ਕੋਸ਼ਿਸ਼ ਕਿਸਾਨ ਤੇ ਕਾਮੇ ਦੀ ਹੈ ਜਿਸ ਸਦਕੇ ਇਹ ਹਰੀ ਕਰਾਂਤੀ ਆਈ।

ਇਹ ਗੱਲ ਨਹੀਂ ਕਿ ਅਸੀਂ ਇਹ ਸਿਰਫ ਸਰਕਾਰ ਦੀਆਂ ਕੋਸ਼ਿਸ਼ਾਂ ਕਰਕੇ ਲਿਆਏ ਹਾਂ।

ਇਹਨਾਂ ਸ਼ਬਦਾਂ ਨਾਲ ਮੈਂ ਰਾਸ਼ਟਰਪਤੀ ਦੇ ਭਾਸ਼ਣ ਤੇ ਪੇਸ਼ ਕੀਤੇ ਗਏ ਧੰਨਵਾਦ ਦੇ ਮਤੇ ਦੀ ਵਿਰੋਧਤਾ ਕਰਦਾ ਹਾਂ।

ਕਦੇ ਰਜਿਆਂ ਦੀ ਗੱਲ, ਕਦੇ ਰਾਣੀਆਂ ਦੀ ਗੱਲ,
ਅੱਜ ਢਾਣੀਆਂ 'ਚ ਤੁਰੀ, ਪੰਜੇ ਪਾਣੀਆਂ ਦੀ ਗੱਲ,


ਦੱਸੋ ਫੁੱਲਾਂ ਦੀ ਸੁਗੰਧ ਤੁਸੀਂ ਵੰਡੋਗੇ ਕਿਵੇਂ ?
ਐਵੇਂ ਪੌਣਾਂ ਕੋਲ ਕਰੋ ਵੰਡਾਂ ਕਾਣੀਆਂ ਦੀ ਗੱਲ।

ਫਿਰੇ ਪਿੰਡਾਂ ਦੀਆਂ ਸੱਥਾਂ 'ਚ ਸੰਗੀਨ ਪੁੱਛਦੀ
ਜਿਹੜੇ ਛੱਡ ਗਏ ਪਿੰਡ, ਉਨ੍ਹਾਂ ਹਾਣੀਆਂ ਦੀ ਗੱਲ।

ਟੁੱਟੇ ਚਰਖੇ ਦੀ ਮਾਲ੍ਹ ਪਵੇ ਤਕਲੇ ਨਾ ਤੰਦ,
ਨਹੀਂ ਭੁੱਲਦੀ ਭੁਲਾਈ, ਰਾਤਾਂ ਮਾਣੀਆਂ ਦੀ ਗੱਲ,

ਅਕਾਲੀ ਦਲ ਆਤਮਘਾਤ ਦੇ ਰਾਹ 'ਤੇ

ਜਦੋਂ ਵੀ ਪੰਜਾਬ 'ਚ ਅਕਾਲੀ ਦਲ ਦੀ ਸਰਕਾਰ ਬਣਦੀ ਹੈ, ਅਕਾਲੀ ਦਲ ਫੁਟ ਦਾ ਸ਼ਿਕਾਰ ਹੋ ਜਾਂਦਾ ਹੈ। ਅਕਾਲੀਆਂ ਬਾਰੇ ਇਹ ਧਾਰਨਾ ਬਣ ਗਈ ਹੈ ਕਿ ਇਹ ਰਾਜ ਲੈ ਸਕਦੇ ਹਨ ਪਰ ਚਲਾ ਨਹੀਂ ਸਕਦੇ। ਪਿਛਲੀਆਂ ਚੋਣਾਂ 'ਚ ਲੋਕਾਂ ਨੇ ਅਕਾਲੀ ਦਲ ਨੂੰ ਭਾਰੀ ਬਹੁਮਤ ਨਾਲ ਜਿਤਾਇਆ ਪਰ ਹੁਣ ਅਕਾਲੀ ਲੀਡਰਸ਼ਿਪ ਫਿਰ ਲੋਕਾਂ ਦੀਆਂ ਆਸਾਂ ਤੇ ਪੂਰਾ ਉਤਰਨ ਦੀ ਥਾਂ ਆਪਸ ਵਿਚ ਉਲਝ ਕੇ ਆਤਮਘਾਤ ਦੇ ਰਾਹ ਤੁਰ ਪਈ ਹੈ। ਅਕਾਲੀ ਦਲ ਦੀ ਫੁਟ ਦੇ ਅਤੀਤ ਤੇ ਵਰਤਮਾਨ ਸਬੰਧੀ ਆਪਣਾ ਜਾਇਜ਼ਾ ਪੇਸ਼ ਕਰ ਰਹੇ ਹਨ — ਹਰਬੀਰ ਸਿੰਘ ਭੰਵਰ



ਅਕਾਲੀ ਦਲ ਆਤਮਘਾਤ ਕਰਨ ਤੇ ਤੁਲਿਆ ਹੋਇਆ ਹੈ। ਦੋਵੇਂ ਧੜੇ ਆਪਣੇ ਆਪਣੇ ਸਟੈਂਡ ਤੇ ਅੜੇ ਹੋਏ ਹਨ, ਕਿਸੇ ਆਪਸੀ ਸਹਿਮਤੀ ਵਾਲੇ ਸਮਝੌਤੇ ਤੇ ਪਹੁੰਚਣ ਲਈ ਤਿਆਰ ਨਹੀਂ ਹਨ। ਸੱਚੀ ਗੱਲ ਤਾਂ ਇਹ ਹੈ ਕਿ ਇਹਨਾਂ ਸਭਨਾਂ ਨੂੰ ਸਿੱਖਾਂ ਦੇ ਅਤੇ ਨਾ ਹੀ ਪੰਜਾਬ ਦੇ ਹਿੱਤਾਂ ਨਾਲ ਕੋਈ ਪਿਆਰ ਹੈ, ਸਗੋਂ ਆਪਣੇ ਸੌੜੇ ਰਾਜਸੀ ਹਿੱਤ ਵਧ ਪਿਆਰੇ ਹਨ। ਅਕਾਲੀ ਦਲ, ਜੋ ਕਦੀ ਸ਼ਹੀਦਾਂ ਅਤੇ ਕੁਰਬਾਨੀ ਕਰਨ ਵਾਲੇ ਜੁਝਾਰੂ ਸਿੰਘਾਂ ਦੀ ਜਥੇਬੰਦੀ ਸਮਝੀ ਜਾਂਦੀ ਸੀ, ਹੁਣ ਖੁਦਗਰਜ਼ਾਂ, ਮੌਕਾਪ੍ਰਸਤਾਂ ਅਤੇ ਚੌਧਰ ਦੇ ਭੁੱਖੇ ਬੇਅਸੂਲੇ ਲੀਡਰਾਂ ਦੀ ਜਥੇਬੰਦੀ ਬਣ ਕੇ ਰਹਿ ਗਈ ਹੈ। ਇਹ ਆਪਸ ਵਿਚ ਲੜ ਕੇ ਆਪਣੇ ਸਿਆਸੀ ਜੀਵਨ ਦਾ ਆਤਮਘਾਤ ਕਰ ਰਹੇ ਹਨ, ਇਸ ਦਾ ਕਿਸੇ ਨੂੰ ਵੀ ਦੁਖ ਨਹੀਂ ਹੈ — ਨਾ ਹੀ ਹੋਣਾ ਚਾਹੀਦਾ ਹੈ, ਪਰ ਦੁਖਾਂਤ ਇਹ ਹੈ ਕਿ ਇਹਨਾਂ ਦੀ ਆਪਸੀ ਲੜਾਈ ਕਾਰਨ ਸਮੂਹ ਪੰਜਾਬੀਆਂ, ਵਿਸ਼ੇਸ਼ ਕਰਕੇ ਸਿੱਖਾਂ ਨੂੰ ਦੁਖ ਭੋਗਣੇ ਪੈਂਦੇ ਹਨ ਤੇ ਭੋਗ ਰਹੇ ਹਨ।

ਇਹ ਗੱਲ ਨਿਰਸੰਦੇਹ ਠੀਕ ਹੈ ਕਿ ਅਕਾਲੀ ਰਾਜ ਤਾਂ ਪ੍ਰਾਪਤ ਕਰ ਸਕਦੇ ਹਨ, ਪਰ ਰਾਜ ਕਰ ਨਹੀਂ ਸਕਦੇ। ਇਹ ਜਦੋਂ ਜੇਲ੍ਹਾਂ ਅੰਦਰ ਡੱਕ ਦਿਤੇ ਜਾਣ, ਉਦੋਂ ਹੀ ਜਨਤਾ ਪਾਰਟੀ ਵਾਂਗ ਏਕਤਾ ਕਰਦੇ ਹਨ, ਪਰ ਹਕੂਮਤ ਮਿਲਦੇ ਹੀ 'ਕੁਰਸੀ ਯੁਧ' ਵਿਚ ਉਲਝ ਪੈਂਦੇ ਹਨ। ਨਵੰਬਰ 1966 ਪਿਛੋਂ, ਤਾਂ ਜਦੋਂ ਤੋਂ ਪੰਜਾਬੀ ਸੂਬਾ ਹੋਂਦ ਵਿਚ ਆਇਆ ਹੈ, ਜਦੋਂ ਵੀ ਇਹਨਾਂ ਹੱਥ ਹਕੂਮਤ ਆਈ, ਇਹਨਾਂ ਹਮੇਸ਼ਾਂ ਆਪ ਹੀ ਤੋੜੀ, ਕਦੀ ਵੀ ਪੰਜ ਸਾਲ ਪੂਰੇ ਨਹੀਂ ਕੀਤੇ। ਸਾਰੇ ਭਾਰਤ ਦੇ ਜਮਹੂਰੀ ਇਤਿਹਾਸ ਵਿਚ ਸਿਰਫ ਇਕੋ ਇਕ ਉਦਾਹਰਨ ਹੈ ਕਿ ਸ: ਪ੍ਰਕਾਸ਼ ਸਿੰਘ ਬਾਦਲ ਦੀ ਅਕਾਲੀ ਸਰਕਾਰ ਵਿਰੁਧ ਪਾਰਟੀ ਵਲੋਂ ਹੀ ਪਾਰਟੀ ਦੇ ਉਸ ਸਮੇਂ ਦੇ ਜਨਰਲ ਸਕੱਤਰ ਸ: ਪ੍ਰੇਮ ਸਿੰਘ ਲਾਲਪੁਰਾ ਨੇ ਆਪਣੇ ਹੀ ਮੁਖ ਮੰਤਰੀ ਤੇ ਉਸਦੇ ਸਾਥੀਆਂ ਵਿਰੁੱਧ ਕੁਰੱਪਸ਼ਨ ਦੇ ਗੰਭੀਰ ਦੋਸ਼ ਲਗਾ ਕੇ ਸਰਕਾਰ ਤੋੜਨ ਦੀ ਮੰਗ ਕੀਤੀ ਸੀ, ਜੋ ਸੱਚਮੁਚ ਇਸ ਮੈਮੋਰੰਡਮ ਤੋਂ ਦੋ ਕੁ ਮਹੀਨੇ ਪਿਛੋਂ ਤੋੜ ਦਿਤੀ ਗਈ ਸੀ। ਇਹ ਪਹਿਲੀ ਵਾਰੀ ਹੈ ਕਿ ਪਿਛਲੀਆਂ ਚੋਣਾਂ ਵਿਚ ਅਕਾਲੀ ਦਲ ਨੂੰ 73 ਸੀਟਾਂ ਮਿਲੀਆਂ। ਇਤਨੀ ਬਹੁ ਗਿਣਤੀ ਦੇ ਬਾਵਜੂਦ ਅਕਾਲੀ ਦਲ ਨੇ 10 ਮਹੀਨੇ ਵੀ ਮਿਲ ਕੇ ਨਹੀਂ ਬਿਤਾਏ ਕਿ ਜੁਤੀਆਂ ਵਿਚ ਦਾਲ ਵੰਡਣ ਲਗ ਪਏ। ਕਾਂਗਰਸ ਦੇ ਹੱਥ ਵਿਚ ਖੇਡਣ ਲਗ ਪਏ ਹਨ।

ਇਸ ਫੁਟ ਲਈ ਸ: ਸੁਰਜੀਤ ਸਿੰਘ ਬਰਨਾਲਾ ਸਭ ਤੋਂ ਵਧ ਜ਼ਿਮੇਂਵਾਰ ਹਨ। ਉਹ ਮੁਖ ਮੰਤਰੀ ਹੋਣ ਦੇ ਨਾਲ ਨਾਲ ਪਾਰਟੀ ਦੇ ਪ੍ਰਧਾਨ ਵੀ ਹਨ। ਉਨ੍ਹਾਂ ਨੂੰ ਚਾਹੀਦਾ ਸੀ ਕਿ ਸਾਰੀ ਪਾਰਟੀ, ਵਿਸ਼ੇਸ਼ ਕਰਕੇ ਸੀਨੀਅਰ ਲੀਡਰਾਂ ਨੂੰ ਨਾਲ ਲੈ ਕੇ ਚਲਦੇ। ਸ: ਬਲਵੰਤ ਸਿੰਘ ਉਹਨਾਂ ਨੂੰ ਗੁੰਮਰਾਹ ਕਰਦੇ ਰਹੇ ਹਨ ਅਤੇ ਕਰ ਰਹੇ ਹਨ। ਸਰਦਾਰ ਬਾਦਲ ਪਾਰਟੀ ਦੇ ਬੜੇ ਹੀ ਪੁਰਾਣੇ ਲੀਡਰ ਹਨ ਅਤੇ ਹਮੇਸ਼ਾਂ ਪਾਰਟੀ ਦੇ ਇਕ ਵਫਾਦਾਰ ਸਿਪਾਹੀ ਵਾਂਗ ਹਰ ਹੁਕਮ ਦੀ ਪਾਲਣਾ ਕਰਦੇ ਰਹੇ ਹਨ। ਸਰਦਾਰ ਬਰਨਾਲਾ ਨੇ ਸ: ਬਲਵੰਤ ਸਿੰਘ ਦੇ ਆਖੇ ਲੱਗ ਕੇ ਉਹਨਾਂ ਨੂੰ ਅਖੋਂ ਪਰੋਖੇ ਕੀਤਾ ਹੈ। ਸ: ਬਲਵੰਤ ਸਿੰਘ ਬਾਦਲ ਸਾਹਿਬ ਨੂੰ ਤਾਨੇ ਦੇ ਰਹੇ ਹਨ ਕਿ ਮੁਖ ਮੰਤਰੀ ਦਾ ਅਹੁਦਾ ਉਹਨਾਂ ਦੀ ਨਿਜੀ ਜਾਇਦਾਦ ਨਹੀਂ, ਕੀ ਖਜ਼ਾਨਾ ਮੰਤਰੀ ਦਾ ਅਹੁਦਾ ਉਹਨਾਂ ਦੀ ਨਿਜੀ ਜਾਇਦਾਦ ਹੈ। ਆਨੰਦਪੁਰ ਸਾਹਿਬ ਦੇ ਮਤੇ ਅਨੁਸਾਰ ਅਕਾਲੀ ਦਲ ਅਧਿਕਾਰਾਂ ਤੇ ਤਾਕਤ ਦੇ ਵਿਕੇਂਦਰੀਕਰਨ ਦੀ ਮੰਗ ਕਰ ਰਿਹਾ ਹੈ, ਪਰ ਖੁਦ ਬਰਨਾਲਾ ਸਾਹਿਬ ਕਿਉਂ ਮੁਖ ਮੰਤਰੀ ਅਤੇ ਪਾਰਟੀ ਦੀ ਪ੍ਰਧਾਨਗੀ ਦੇ ਅਹੁਦੇ ਨੂੰ ਜੱਫਾ ਮਾਰੀ ਬੈਠੇ ਹਨ। ਇਹੋ ਹਾਲ ਸ: ਬਲਵੰਤ ਸਿੰਘ ਦਾ ਹੈ — ਉਹ ਖਜ਼ਾਨਾ ਵਿਭਾਗ ਦੇ ਨਾਲ ਨਾਲ ਅਨੇਕਾਂ ਹੋਰ ਮਹੱਤਵਪੂਰਨ ਵਿਭਾਗਾਂ ਨੂੰ ਜੱਫਾ ਮਾਰੀ ਬੈਠੇ ਹਨ। ਉਹਨਾਂ ਨੂੰ ਆਨੰਦਪੁਰ ਸਾਹਿਬ ਦਾ ਮਤਾ ਸਭ ਤੋਂ ਪਹਿਲਾਂ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਵਿਚ ਲਾਗੂ ਕਰਕੇ ਅਧਿਕਾਰਾਂ ਦਾ ਵਿਕੇਂਦਰੀਕਰਨ ਕਰਨਾ ਚਾਹੀਦਾ ਹੈ। ਸਰਦਾਰ ਬਰਨਾਲਾ ਨੂੰ ਇਕ ਅਹੁਦਾ ਆਪਣੇ ਆਪ ਤਿਆਗ ਦੇਣਾ ਚਾਹੀਦਾ ਹੈ

ਅਤੇ ਪੰਥਕ ਏਕਤਾ ਲਈ ਰਸਤਾ ਸਾਫ ਕਰਨਾ ਚਾਹੀਦਾ ਹੈ। ਪਾਰਟੀ ਪ੍ਰਧਾਨ ਅਤੇ ਮੁਖ ਮੰਤਰੀ ਹੋਣ ਦੇ ਨਾਤੇ ਉਹਨਾਂ ਦਾ ਫਰਜ਼ ਵੀ ਬਣਦਾ ਹੈ ਆਪਣੀ ਪਾਰਟੀ ਨੂੰ ਪੂਰਨ ਭਰੋਸੇ ਵਿਚ ਲੈ ਕੇ ਉਹਨਾਂ ਦਾ ਸਹਿਯੋਗ ਪ੍ਰਾਪਤ ਕਰਨ।

ਬਾਗੀ ਅਕਾਲੀਆਂ ਦੀ ਸਰਦਾਰ ਬਰਨਾਲਾ ਤੋਂ ਦੋਵੇਂ ਅਹੁਦਿਆਂ ਤੋਂ ਅਸਤੀਫੇ ਦੀ ਮੰਗ ਵੀ ਗਲਤ ਤੇ ਗੈਰ-ਸੰਵਿਧਾਨਕ ਹੈ। ਚਾਹੀਦਾ ਤਾਂ ਇਹ ਹੈ ਕਿ ਅਸੈਂਬਲੀ ਮੈਂਬਰਾਂ ਦੀ ਸਾਂਝੀ ਮੀਟਿੰਗ ਬੁਲਾਈ ਜਾਵੇ। ਉਥੇ ਗੁਪਤ ਵੋਟਿੰਗ ਕਰਕੇ ਸਰਦਾਰ ਬਰਨਾਲਾ ਤੇ ਸ: ਅਮਰਿੰਦਰ ਸਿੰਘ ਵੇਖਣ ਕਿ ਬਹੁ-ਗਿਣਤੀ ਕਿਸ ਦੇ ਨਾਲ ਹੈ। ਇਸੇ ਤਰ੍ਹਾਂ ਸਾਂਝਾ ਡੈਲੀਗੇਟ ਸੈਸ਼ਨ ਵੀ ਬੁਲਾਇਆ ਜਾ ਸਕਦਾ ਹੈ। ਅਸੀਂ ਦੋਨੋਂ ਧੜਿਆਂ ਦੇ ਲੀਡਰਾਂ ਨੂੰ ਬੇਨਤੀ ਕਰਦੇ ਹਾਂ ਕਿ ਜੇ ਆਪਣਾ ਨਹੀਂ ਤਾਂ ਘੱਟੋ ਘੱਟ ਪੰਜਾਬ ਦੇ ਲੋਕਾਂ ਦਾ ਖਿਆਲ ਕਰੋ, ਜਿਹਨਾਂ ਨੇ ਤੁਹਾਡੇ ਤੇ ਬੜੀਆਂ ਹੀ ਆਸਾਂ ਰੱਖ ਕੇ ਤੁਹਾਨੂੰ ਜਿਤਾਇਆ ਹੈ। ਕਿਉਂ ਤੁਸੀਂ ਪੰਜਾਬ ਨੂੰ ਅੱਗ ਲਾਉਣ ਤੇ ਤੁਲੇ ਹੋਏ ਹੋ — ਕਿਉਂ ਤੁਸੀਂ ਸਿੱਖਾਂ ਦਾ ਸਤਿਆਨਾਸ ਕਰਨ ਲਗੇ ਹੋਏ ਹੋ — ਇਤਿਹਾਸ ਤੁਹਾਨੂੰ ਕਦੀ ਮੁਆਫ ਨਹੀਂ ਕਰੇਗਾ।

ਹੈਰਾਨੀ ਦੀ ਗੱਲ ਇਹ ਹੈ ਕਿ ਕੱਲ੍ਹ ਜਿਹੜੇ ਇਕ ਦੂਜੇ ਬਿਨਾਂ ਸਾਹ ਨਹੀਂ ਲੈਂਦੇ ਸਨ, ਅਜ ਆਪਣੇ ਰਾਜਸੀ ਮਨੋਰਥਾਂ ਖਾਤਰ ਇਕ ਦੂਜੇ ਦੇ ਦੁਸ਼ਮਣ ਬਣੇ ਹੋਏ ਹਨ — ਜੋ ਇਕ ਦੂਜੇ ਨੂੰ ਹਰਾਉਣ ਤੇ ਆਪਸੀ ਲੱਤਾਂ ਖਿਚਣ ਵਿਚ ਲੱਗੇ ਹੋਏ ਸਨ, ਅਜ ਘਿਓ ਖਿਚੜੀ ਹੋਏ ਬੈਠੇ ਹਨ। ਕੌਣ ਜਾਣੇ, ਕੱਲ੍ਹ ਨੂੰ ਇਹ ਗੱਲ ਉਲਟ ਹੋ ਜਾਏ। ਇਹਨਾਂ ਸਭਨਾਂ ਵਿਚ ਹਾਲੇ ਤੱਕ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਰੋਲ ਦੋਗਲਾ ਹੈ। ਉਹਨਾਂ ਦੇ ਅੱਧੇ ਬੰਦੇ ਸ: ਬਰਨਾਲਾ ਨਾਲ ਹਨ ਅਤੇ ਉਹਨਾਂ ਦੇ ਬਾਕੀ ਦੇ ਅੱਧੇ ਬੰਦੇ ਬਾਗੀ ਗਰੁਪ ਨਾਲ। ਜਥੇਦਾਰ ਟੌਹੜਾ ਦੀਆਂ ਦੋ ਟੀਮਾਂ ਰਾਜਸੀ ਖੇਡ ਖੇਡ ਰਹੀਆਂ ਹਨ—'ਏ' ਟੀਮ ਸਰਦਾਰ ਬਰਨਾਲਾ ਨਾਲ ਹੈ ਅਤੇ 'ਬੀ' ਟੀਮ ਬਾਗੀ ਧੜੇ ਨਾਲ ਹੈ। ਜਿਹੜਾ ਜਿਤੇਗਾ ਉਧਰ ਸਾਰੇ ਚਲੇ ਜਾਣਗੇ। ਜਥੇਦਾਰ ਟੌਹੜਾ ਆਪਣੇ ਨਿਜੀ ਤੇ ਸੌੜੇ ਸਵਾਰਥਾਂ ਦੀ ਖਾਤਰ ਹਮੇਸ਼ਾਂ ਦੋਹਰਾ ਰੋਲ ਅਦਾ ਕਰਦੇ ਹਨ ਅਤੇ ਐਨ ਮੌਕੇ ਤੇ ਆ ਕੇ ਜਿਧਰ ਧੜਾ ਭਾਰੂ ਲਗਦਾ ਹੈ ਚਲੇ ਜਾਂਦੇ ਹਨ। ਜਥੇਦਾਰ ਜਗਦੇਵ ਸਿੰਘ ਤਲਵੰਡੀ ਜਦੋਂ ਅਕਾਲੀ ਦਲ ਦੇ ਪ੍ਰਧਾਨ ਹੁੰਦੇ ਸਨ, ਤਾਂ ਉਹ ਹਮੇਸ਼ਾਂ ਇਕੋ ਕਾਰ ਵਿਚ ਤੁਰੇ ਫਿਰਦੇ ਸਨ। ਜਥੇਦਾਰ ਤਲਵੰਡੀ ਨੂੰ 'ਲੋਹ ਪੁਰਸ਼' ਦਾ ਖਿਤਾਬ ਦੇਣ ਵਾਲੇ ਵੀ ਉਹੋ ਸਨ। 1980 ਵਿਚ ਅਕਾਲੀ ਦਲ ਦੋਫਾੜ ਹੋਣ ਵੇਲੇ ਤਕ ਉਹ ਜਥੇਦਾਰ ਤਲਵੰਡੀ ਨਾਲ ਰਹੇ, ਪਰ ਜਦੋਂ ਵੇਖਿਆ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਧੜਾ ਭਾਰੂ ਹੈ, ਟਪੂਸੀ ਮਾਰ ਕੇ ਇਧਰ ਆ ਗਏ। ਹਾਲੇ ਤਕ ਇਸ ਲਈ ਜਥੇਦਾਰ ਤਲਵੰਡੀ ਨੇ ਉਹਨਾਂ ਨੂੰ ਮੁਆਫ ਨਹੀਂ ਕੀਤਾ। 'ਧਰਮ ਯੁੱਧ' ਮੋਰਚੇ ਦੌਰਾਨ ਵੀ ਉਹ ਆਪਣੀ ਪ੍ਰਧਾਨਗੀ ਪੱਕੀ ਰੱਖਣ ਖਾਤਰ ਦੋਹਰੀ ਖੇਡ ਖੇਡਦੇ ਰਹੇ. ਸੰਤ ਲੌਂਗੋਵਾਲ ਅਤੇ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਨੂੰ ਇਕ ਦੂਜੇ ਵਿਰੁਧ ਵਰਤਦੇ ਰਹੇ। 'ਨੀਲਾ ਤਾਰਾ' ਕਾਰਵਾਈ ਤੋਂ ਕੁਝ ਮਹੀਨੇ ਪਹਿਲਾਂ ਮੈਂ ਇਕ ਵਾਰੀ ਸੰਤ ਲੌਂਗੋਵਾਲ ਨੂੰ ਕਿਹਾ ਸੀ, 'ਜਥੇਦਾਰ ਟੌਹੜਾ ਨੂੰ ਲਿਖ ਕੇ ਦੇ ਦਿਓ ਕਿ ਉਹ ਜਿੰਨਾ ਚਿਰ ਜਿਉਂਦੇ ਹਨ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਰਹਿਣਗੇ, ਪਰ ਪੰਜਾਬ ਨੂੰ ਅੱਗ ਨਾ ਲਾਉਣ।' ਸੰਤ ਜੀ ਤਾਂ ਹਮੇਸ਼ਾਂ ਵਾਂਗ ਨਿੰਮਾ ਜਿਹਾ ਮੁਸਕਰਾ ਕੇ ਚੁਪ ਰਹੇ। ਲਾਗੇ ਇਕ ਸੀਨੀਅਰ ਅਕਾਲੀ ਨੇਤਾ ਬੈਠੇ ਸਨ ਉਹ ਕਹਿਣ ਲਗੇ, 'ਜਥੇਦਾਰ ਟੌਹੜਾ ਨੂੰ ਸਾਰੀ ਉਮਰ ਲਈ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਤਾਂ ਬਣਾਇਆ ਜਾ ਸਕਦਾ ਹੈ, ਪਰ ਉਹ ਅਕਾਲੀ ਦਲ ਦਾ ਪ੍ਰਧਾਨ ਬਣਨਾ ਵੀ ਚਾਹੁੰਦੇ ਸਨ — ਪੰਜਾਬ ਦਾ ਮੁਖ ਮੰਤਰੀ ਬਣਨ ਦੇ ਸੁਪਨੇ ਵੀ ਵੇਖ ਰਹੇ ਹਨ, ਇਸ ਦਾ ਕੀ ਕਰੀਏ ?' ਮੈਂ ਲਾਜਵਾਬ ਹੋ ਗਿਆ ਸੀ।

ਦੋ ਟੀਮਾਂ ਬਾਰੇ ਜਥੇਦਾਰ ਟੌਹੜਾ ਦੇ ਸਮਰਥਕ ਸੱਜਣ ਨੇ ਮੈਨੂੰ ਕਿਹਾ ਸੀ, 'ਅਸੀਂ ਅਮਰਿੰਦਰ ਸਿੰਘ ਨੂੰ ਕਿਸੇ ਵੀ ਕੀਮਤ ਤੇ ਮੁਖ ਮੰਤਰੀ ਨਹੀਂ ਬਣਨ ਦਿਆਂਗੇ ਭਾਵੇਂ ਇਸ ਲਈ ਸਾਨੂੰ ਕੁਝ ਵੀ ਕਰਨਾ ਪਵੇ।' ਸ: ਅਮਰਿੰਦਰ ਸਿੰਘ ਤੇ ਹਿੰਦੂ ਸੁਰਖਸ਼ਾ ਸੰਮਤੀ ਅਤੇ ਇਸ ਦੇ ਪ੍ਰਧਾਨ ਸ਼੍ਰੀ ਪਵਨ ਕੁਮਾਰ ਸ਼ਰਮਾ ਨੂੰ ਹਰ ਤਰ੍ਹਾਂ ਦੀ ਮਦਦ ਦੇਣ ਦਾ ਦੋਸ਼ ਤਾਂ ਕਈ ਸਾਲਾਂ ਤੋਂ ਲੱਗ ਹੀ ਰਿਹਾ ਹੈ — ਅਪਰੈਲ ਦੇ ਮਹੀਨੇ ਹੀ ਇਕ ਅਖਬਾਰ ਨੇ ਖਬਰ ਦਿਤੀ ਸੀ ਕਿ ਜਦੋਂ ਪੁਲਸ ਸ੍ਰੀ ਪਵਨ ਕੁਮਾਰ ਸ਼ਰਮਾ ਨੂੰ ਗ੍ਰਿਫਤਾਰ ਕਰਨ ਲਈ ਭਾਲ ਕਰ ਰਹੀ ਸੀ ਤਾਂ ਮਹਾਰਾਜਾ ਸਾਹਿਬ ਨੇ ਉਹਨਾਂ ਨੂੰ ਚੈਲ (ਹਿਮਾਚਲ) ਆਪਣੇ ਮਹਿਲਾਂ ਵਿਖੇ ਪਨਾਹ ਦਿਤੀ ਸੀ। ਜਥੇਦਾਰ ਟੌਹੜਾ ਦੇ ਇਸੇ ਸਮਰਥਕ ਦਾ ਕਹਿਣਾ ਸੀ, 'ਅਮਰਿੰਦਰ ਸਿੰਘ ਦੇ ਖਾਨਦਾਨ ਨੇ ਹਮੇਸ਼ਾਂ ਹੀ ਸਿਖ ਪੰਥ ਨਾਲ ਗਦਾਰੀ ਕੀਤੀ ਹੈ।' ਉਹਨਾਂ ਦੇ ਆਖਣ ਅਨੁਸਾਰ 'ਬਾਬਾ ਆਲਾ ਸਿੰਘ ਪਹਿਲੇ ਸਿੱਖ ਰਾਜੇ ਸਨ ਜਿਹਨਾਂ ਨੇ ਅਹਿਮਦ ਸ਼ਾਹ ਅਬਦਾਲੀ ਦੀ ਅਧੀਨਗੀ ਕਬੂਲ ਕੀਤੀ ਸੀ ਤੇ ਨਜ਼ਰਾਨਾ ਦੇ ਕੇ ਜ਼ਮੀਨ ਖਰੀਦੀ ਸੀ। ਰਿਆਸਤ ਪਟਿਆਲਾ ਵਿਚ ਕੋਈ ਅਕਾਲੀ ਨਹੀਂ ਬਣ ਸਕਦਾ ਸੀ ਪ੍ਰਸਿਧ ਅਕਾਲੀ ਲੀਡਰ ਸਰਦਾਰ ਸੇਵਾ ਸਿੰਘ ਠੀਕਰੀਵਾਲੇ ਨੂੰ ਤਸੀਹੇ ਦੇ ਦੇ ਕੇ ਮਹਾਰਾਜਾ ਪਟਿਆਲਾ ਨੇ ਸ਼ਹੀਦ ਕੀਤਾ ਸੀ।' ਉਸਨੇ ਮਹਾਰਾਜਾ ਪਟਿਆਲਾ ਦੇ ਖਾਨਦਾਨ ਵਲੋਂ ਸ਼ੁਰੂ ਤੋਂ ਲੈ ਕੇ 1947 ਤੱਕ 'ਗਦਾਰੀ' ਦੀਆਂ ਸੱਤ ਉਦਾਹਰਣਾਂ ਦਿਤੀਆਂ ਸਨ। ਉਸ ਦੇ ਆਖਣ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਸਾਰੀਆਂ ਸਿੱਖ ਰਿਆਸਤਾਂ ਨੂੰ ਇਕੱਠਿਆਂ ਕਰਕੇ ਵਿਸ਼ਾਲ ਸਿੱਖ ਰਾਜ ਸਥਾਪਤ ਕਰਨਾ ਚਾਹੁੰਦਾ ਸੀ, ਪਰ ਪਟਿਆਲਾ ਅਤੇ ਬਾਕੀ ਸਿੱਖ ਰਿਆਸਤਾਂ ਨੇ ਅੰਗਰੇਜ਼ਾਂ ਦੀ ਅਧੀਨਗੀ ਕਬੂਲ ਕਰਕੇ — ਅੰਗਰੇਜ਼ਾਂ ਨਾਲ ਮਿਲ ਕੇ ਰੋਪੜ ਵਿਖੇ ਅੰਗਰੇਜ਼ਾਂ ਅਤੇ ਮਹਾਰਾਜਾ ਰਣਜੀਤ ਸਿੰਘ ਵਿਚਕਾਰ ਜੋ ਸਮਝੌਤਾ ਕਰਾਇਆ ਸੀ, ਉਸ ਦਾ ਮੁਖ ਉਦੇਸ਼ ਇਹੋ ਹੀ ਸੀ ਕਿ ਮਹਾਰਾਜਾ ਰਣਜੀਤ ਸਿੰਘ ਸਤਲੁਜ ਦਰਿਆ ਤੋਂ ਅਗੇ ਨਾ ਵਧਣ। ਇਸੇ ਤਰ੍ਹਾਂ ਆਜ਼ਾਦੀ ਦੇ ਸੰਘਰਸ਼ ਦੌਰਾਨ, ਖਾਸ ਕਰ ਦੇਸ਼ ਵੰਡ ਸਮੇਂ ਜੇਕਰ ਮਹਾਰਾਜਾ ਪਟਿਆਲਾ ਸਿਖ ਲੀਡਰਾਂ ਦਾ ਸਾਥ ਦਿੰਦੇ ਤਾਂ ਸਿੱਖਾਂ ਨੂੰ ਕੁਝ ਨਾ ਕੁਝ ਪ੍ਰਾਪਤ ਜ਼ਰੂਰ ਹੋ ਜਾਣਾ ਸੀ। ਮਹਾਰਾਜਾ ਭੂਪਿੰਦਰ ਸਿੰਘ ਦੀਆਂ ਇਯਾਸ਼ੀਆਂ ਸਾਰੇ ਪਾਸੇ ਪ੍ਰਸਿੱਧ ਹਨ।

ਇਹ ਸਭ ਕੁਝ ਲਿਖਣ ਦਾ ਮੇਰਾ ਮਨੋਰਥ ਕੇਵਲ ਇਹ ਹੈ ਕਿ ਜੇਕਰ ਬਾਗੀ ਧੜੇ ਵਿਚ ਹੁਣੇ ਹੀ ਇਤਨੇ ਮਤਭੇਦ ਹਨ ਤਾਂ ਇਹ ਕਿੰਨਾ ਕੁ ਚਿਰ ਇਕੱਠੇ ਚਲਣਗੇ। ਵੈਸੇ ਸਤਾਧਾਰੀ ਅਕਾਲੀ ਦਲ ਵਿਚ ਵੀ 'ਸਭ ਅੱਛਾ' ਨਹੀਂ ਹੈ। ਸੱਚੀ ਗੱਲ ਤਾਂ ਇਹ ਹੈ ਕਿ 'ਇਸ ਹਮਾਮ ਵਿਚ ਸਭ ਨੰਗੇ ਹਨ।' ਸਾਰੇ ਹੀ ਕਾਂਗਰਸ ਦੇ ਕਿਸੇ ਨਾ ਕਿਸੇ ਲੀਡਰ ਦੇ ਹੱਥਾਂ ਵਿਚ ਖੇਡ ਰਹੇ ਹਨ ਅਤੇ ਸਿੱਖਾਂ ਦੇ ਹਿੱਤਾਂ ਤੇ ਸੱਟ ਮਾਰ ਰਹੇ ਹਨ।

ਸਿੱਖ-ਪੰਥ ਅਤੇ ਪੰਜਾਬ ਦਾ ਭਲਾ ਇਸੇ ਵਿਚ ਹੈ ਕਿ ਦੋਵੇਂ ਧੜੇ ਆਪਣੇ ਮਤਭੇਦ ਭੁਲਾ ਕੇ ਪੰਥਕ ਏਕਤਾ ਕਰਨ। ਕਾਂਗਰਸੀ ਜਾਂ ਹੋਰਨਾਂ ਦੇ ਦਿਮਾਗ ਦੀ ਥਾਂ ਆਪਣੇ ਦਿਮਾਗ ਤੋਂ ਕੰਮ ਲੈਣ। ਇਸ ਲਈ ਸਰਦਾਰ ਬਰਨਾਲਾ ਸਮੇਤ ਕਿਸੇ ਲੀਡਰ ਨੂੰ ਕੋਈ ਅਹੁਦਾ ਛੱਡਣ ਪੈਂਦਾ ਹੈ ਤਾਂ ਪੰਥਕ ਏਕਤਾ ਲਈ ਇਤਨੀ ਕੁ ਕੁਰਬਾਨੀ ਜ਼ਰੂਰ ਕਰ ਦੇਣੀ ਚਾਹੀਦੀ ਹੈ। ਇਹ ਗੱਲ ਵਰਨਣਯੋਗ ਹੈ ਕਿ ਸਿੱਖ-ਪੰਥ ਵਿਚ ਹਮੇਸ਼ਾ ਸੇਵਾ ਕਰਨ ਵਾਲਾ ਅਤੇ ਕੁਰਬਾਨੀ ਕਰਨ ਵਾਲਾ ਹੀ ਸਤਿਕਾਰਿਆ ਜਾਂਦਾ ਰਿਹਾ ਹੈ ਅਤੇ ਅਗੇ ਨੂੰ ਵੀ ਸਨਮਾਨਿਆ ਜਾਏਗਾ। ਵਾਹਿਗੁਰੂ ਸਾਡੇ ਲੀਡਰਾਂ ਨੂੰ ਸੁਮੱਤ ਬਖਸ਼ੇ।

ਅਕਾਲੀ ਲੀਡਰਾਂ ਨੂੰ ਆਪਸ ਵਿਚ ਲੜਣ ਦੀ ਥਾਂ ਪੰਜਾਬ ਅਤੇ ਸਿੱਖਾਂ ਦੇ ਹਿਤਾਂ ਦੀ ਖਾਤਰ ਕੇਂਦਰ ਵਿਰੁੱਧ ਸੰਘਰਸ਼ ਕਰਨਾ ਚਾਹੀਦਾ ਹੈ। ਉਹਨਾਂ ਨੂੰ ਹਰਿਆਣਾ ਤੋਂ ਹੀ ਸਬਕ ਸਿਖਣਾ ਚਾਹੀਦਾ ਹੈ, ਜੋ ਆਪਣੇ ਸੂਬੇ ਦੇ ਹਿੱਤਾਂ ਦੀ ਖਾਤਰ ਧੜੇਬੰਦੀ ਤਾਂ ਕੀ, ਪਾਰਟੀ ਪੱਧਰ ਤੋਂ ਉਪਰ ਉਠ ਕੇ ਇਕਮੁਠ ਹੋ ਕੇ ਪੂਰੀ ਤਰ੍ਹਾਂ ਯਤਨਸ਼ੀਲ ਹਨ। ਅਕਾਲੀ ਲੀਡਰ ਆਪਸ ਵਿਚ ਲੜਦੇ ਰਹੇ ਤਾਂ ਉਹਨਾਂ ਦੇ ਆਪਣੇ ਰਾਜਸੀ ਜੀਵਨ ਦਾ ਕਤਲ ਹੋਣਾ ਹੀ ਹੈ, ਪੰਜਾਬ ਅਤੇ ਸਿੱਖਾਂ ਦਾ ਕੁਝ ਨਹੀਂ ਬਣੇਗਾ, ਕੇਂਦਰ ਅਤੇ ਹੋਰ ਸ਼ਕਤੀਆਂ, ਪਹਿਲਾਂ ਵਾਂਗ ਹੀ ਲੁਟ ਖਸੁੱਟ ਜਾਰੀ ਰਖਣਗੀਆਂ।

ਕਦੇ ਸੌਕਿਆਂ ਦੀ ਗੱਲ ਕਦੇ ਬਾਰਸਾਂ ਦੀ ਗੱਲ।
ਚੇਤੇ ਰਹੀ ਨਹੀਂ ਸਾਡੇ, ਪੁਲਾਂ ਪਾਣੀਆਂ ਦੀ ਗੱਲ।

ਸੂਹੀ ਸੂਹੀ ਜੋ ਸਵੇਰ, ਸੂਲੀ ਟੰਗ ਦਿੱਤੀ ਫੇਰ
ਤਾਹੀਂ ਪੁੱਛਦੀ ਸੀ ਰਾਤ ਰਾਹ ਅਜਾਣੀਆਂ ਦੀ ਗੱਲ।

ਸਾਹਿਤ ਦਰਪਣ

ਤਾਇਆ ਜੀਊਣਾਂ

ਜਸਪਾਲ ਸਿੰਘ ਸੂਸ - ਯੂਬਾ ਸਿਟੀ

ਤਾਇਆ ਜੀਊਣਾਂ ਅੱਜ ਕੁਝ ਢਿੱਲਾ ਢਿੱਲਾ ਮਹਿਸੂਸ ਕਰ ਰਿਹਾ ਸੀ। ਰੋਟੀ ਉਹ ਕਾਫੀ ਚਿਰ ਤੋਂ ਖਾ ਚੁਕਾ ਸੀ। ਪਰ ਅੱਜ ਉਸਦਾ ਦਿਲ ਡਾਇਨਿੰਗ ਟੇਬਲ ਤੋਂ ਉਠਣ ਨੂੰ ਨਹੀਂ ਕਰ ਰਿਹਾ ਸੀ। ਜੀਵਨ ਵਿਚ ਇਕ ਇਕਾਂਤ ਇਕਾਂਤ ਜਿਹੀ ਜਿਸ ਤਰ੍ਹਾਂ ਦੀ ਪਹਿਲਾਂ ਉਸਨੇ ਕਦੇ ਮਹਿਸੂਸ ਨਹੀਂ ਸੀ ਕੀਤੀ। ਘਰ ਸੁੰਨਾ ਸੁੰਨਾ ਉਸ ਨੂੰ ਬੁਰਾ ਲੱਗ ਰਿਹਾ ਸੀ। ਜਿੰਦਗੀ ਵਿਚ ਪਹਿਲੀ ਵਾਰ ਉਸਨੂੰ ਅਹਿਸਾਸ ਹੋ ਰਿਹਾ ਸੀ ਕਿ ਜੀਵਨ ਕਿੰਨਾ ਤੇ ਸੱਖਣਾ ਹੈ। ਉਸਦੇ ਪਾਸ ਪੈਸੇ ਸਨ। ਜ਼ਮੀਨ ਸੀ, ਘਰ ਸੀ ਸੋਹਣਾ ਫਰਨੀਚਰ ਸੀ, ਅਰਾਮ ਵਾਸਤੇ ਹਰ ਇਕ ਚੀਜ਼ ਸੀ ਪਰ ਇਹ ਸਭ ਕੁਝ ਦੇ ਬਾਵਜੂਦ ਉਹ ਅੱਜ ਕਿਸੇ ਸਾਥ ਦੀ ਕਮੀ ਮਹਿਸੂਸ ਕਰ ਰਿਹਾ ਸੀ।

ਤਾਇਆ ਜੀਊਣਾਂ ਕੰਵਾਰਾ ਰਿਹਾ ਸੀ। ਇਸ ਦੁਨੀਆਂ ਵਿਚ ਉਸਦਾ ਆਪਣਾ ਕਹਿਣ ਵਾਲਾ ਕੋਈ ਨਹੀਂ ਰਿਹਾ ਸੀ। 1947 ਦੇ ਫਸਾਦਾਂ ਵਿਚ ਉਸਦਾ ਸਾਰਾ ਪਰਵਾਰ, ਮਾਂ ਪਿਓ, ਭੈਣ, ਭਰਾ ਵਹਿਸ਼ਤ ਦੀ ਬਲੀ ਚੜ੍ਹ ਚੁਕੇ ਸਨ। ਬਚਪਨ ਵਿਚ ਹੀ ਉਹ ਜੀਵਨ ਤੋਂ ਉਪਰਾਮ ਹੋ ਕੇ, ਕਿਸੇ ਤਰ੍ਹਾਂ ਅਮਰੀਕਾ ਪੁਜ ਗਿਆ ਸੀ। ਇਥੇ ਸਖਤ ਮਿਹਨਤ ਕਰਕੇ ਉਸਨੇ ਜ਼ਮੀਨ, ਘਰ ਵਾਰ ਸਭ ਕੁਝ ਬਣਾਇਆ ਸੀ। ਵਿਆਹ ਕਰਾਉਣ ਦੀ ਲੋੜ ਨੂੰ ਉਸਨੇ ਮਹਿਸੂਸ ਹੀ ਨਹੀਂ ਸੀ ਕੀਤਾ। ਹੁਣ ਤੇ ਉਮਰ ਢਲ ਚੁਕੀ ਸੀ। ਵਾਲ ਚਿੱਟੇ ਹੋ ਚੁੱਕੇ ਸਨ। ਉਹ ਸਟੇਜ ਆ ਗਈ ਸੀ ਜਿਥੇ ਇਨਸਾਨ ਨੂੰ ਪਿਛਾ ਦੂਰ ਰਹਿ ਗਿਆ ਤੇ ਅੱਗਾ ਨੇੜੇ ਆਇਆ ਜਾਪਣ ਲਗ ਜਾਂਦਾ ਹੈ।

ਕੁਰਸੀ ਤੇ ਬੈਠਾ ਤਾਇਆ ਜੀਊਣਾਂ ਆਪਣੇ ਬਚਪਨ ਤੇ ਮੁਢਲੀ ਜਵਾਨੀ ਨੂੰ ਯਾਦ ਕਰ ਰਿਹਾ ਸੀ, ਜਦੋਂ ਉਸਦੇ ਮਾਪੇ ਸਨ। ਭੈਣ ਭਰਾ ਸਨ, ਇਕ ਹੱਸਦਾ ਖੇਡਦਾ ਸੁਖੀ ਪਰਿਵਾਰ ਜਿਸ ਨੇ ਗਰੀਬੀ ਵਿਚ ਤੰਗੀ ਮਹਿਸੂਸ ਨਹੀਂ ਕੀਤੀ ਸੀ। ਉਦੋਂ ਉਹ ਬਹੁਤ ਘੱਟ ਬੋਲਦਾ-ਚੱਲਦਾ ਹੁੰਦਾ ਸੀ। ਆਮ ਮੁੰਡਿਆਂ ਦੀ ਨਿਸਬਤ ਉਸ ਵਿਚ ਬਜ਼ੁਰਗਾਂ ਵਾਲਾ ਠਰੰਮਾਂ, ਨਰਮੀ ਤੇ ਸਿਆਣਪ ਸੀ, ਉਸ ਦੇ ਬਜ਼ੁਰਗੀ ਸੁਭਾ ਕਰਕੇ, ਸਭ ਭੈਣ ਭਰਾ, ਯਾਰ ਦੋਸਤ, ਗਲੀ ਮੱਹਲੇ ਵਾਲੇ ਉਸਨੂੰ ਤਾਇਆ ਕਹਿਕੇ ਪੁਕਾਰਨ ਲੱਗ ਪਏ ਸਨ। ਮੁਢਲੀ ਜ਼ਿੰਦਗੀ ਤੋਂ ਹੀ ਤਾਇਆ ਲਫਜ਼ ਉਸਦੇ ਨਾਮ ਨਾਲ ਜੁੜਕੇ ਰਹਿ ਗਿਆ ਸੀ।

ਪੁਰਾਣੀਆਂ ਯਾਦਾਂ ਵਿਚ ਗੁੰਮ ਹੋਇਆ ਤਾਇਆ ਜੀਊਣਾਂ ਪਤਾ ਨਹੀਂ ਕਿੰਨਾ ਕੁ ਚਿਰ ਇੰਝ ਹੀ ਕੁਰਸੀ ਤੇ ਬੈਠਾ ਰਹਿੰਦਾ।

ਉਸ ਨੂੰ ਯਾਦ ਆਇਆ ਸੀ ਕਿ ਉਸਦੇ ਸਾਥੀ ਤਾਂ ਹੁਣ ਤੱਕ ਪਾਰਕ ਵਿਚ ਵੀ ਆ ਬੈਠੇ ਹੋਣਗੇ। ਉਹ ਉਠਿਆ, ਉਸ ਦਾ ਜੀ ਟੇਬਲ ਨੂੰ ਸਾਫ ਕਰਨ, ਜਾਂ ਬਰਤਣਾਂ ਨੂੰ ਧੋਣ ਦਾ ਨਾ ਕੀਤਾ। ਸੌਹਰੇ ਸਾਰੇ ਕੰਮ ਆਪ ਹੀ ਕਰਨੇ ਪੈਂਦੇ ਹਨ ਜੇ ਕਿਤੇ ਵਿਆਹ ਕਰਾ ਲੈਂਦਾ ਤਾਂ ...... ਉਸ ਨੇ ਸੋਚਿਆ, ਤੇ ਨਾਲ ਹੀ ਪੰਜਾਬੀ ਦੀ ਇਕ ਬੋਲੀ ਚੇਤੇ ਆ ਗਈ "ਰੰਨਾਂ ਵਾਲਿਆਂ ਦੇ ਪੱਕਣ ਪਰਾਉਂਠੇ ਤੇ ਛੜਿਆਂ ਦੀ ਅੱਗ ਨਾ ਬਲੇ" ਸਾਲਿਆਂ ਗੋਰਿਆਂ ਨੇ ਅੱਗ ਬਾਲਣ ਦਾ ਮਸਲਾ ਤੇ ਹੱਲ ਕਰ ਦਿਤਾ, ਪਰ ਛੜਿਆਂ ਦੀ ਇਕਾਂਤ ਦੂਰ ਕਰਨ ਲਈ ਕੋਈ ਮਸ਼ੀਨ ਨਾ ਬਣਾ ਸਕੇ।

ਤਾਏ ਨੇ ਘਰ ਦੇ ਫਰੰਟ ਡੋਰ ਨੂੰ ਜਿੰਦਾ ਲਾਇਆ ਤੇ ਪਾਰਕ ਵੱਲ ਨੂੰ ਤੁਰ ਪਿਆ। ਬਾਹਰ ਸੂਰਜ ਕਾਫੀ ਤੇਜ਼ ਸੀ ਤੇ ਗਰਮੀ ਵਿਚ ਵੀ ਕੋਈ ਖਾਸ ਕਮੀ ਨਹੀਂ ਆਈ ਸੀ। ਨੁਕਰ ਦਾ ਮੋੜ ਮੁੜਦਿਆਂ ਤਾਏ ਜੀਊਣੇ ਦੀਆਂ ਨਜ਼ਰਾਂ ਉਸ ਪੰਜਾਬੀ ਮੁੰਡੇ ਨੂੰ ਲੱਭਣ ਲੱਗ ਪਈਆਂ, ਜਿਹੜਾ ਆਮ ਤੌਰ ਤੇ ਆਪਣੇ ਘਰ ਦੇ ਸਾਹਮਣੇ ਖੇਡਦਾ ਮਿਲਿਆ ਕਰਦਾ ਸੀ, ਤਾਏ ਜੀਊਣੇ ਨੂੰ ਆਪਣੇ ਘਰ ਦੇ ਅੱਗੋਂ ਲੰਘਦਾ ਤੱਕ ਕੇ ਦੌੜ ਕੇ ਉਸ ਦੇ ਪਾਸ ਆ ਜਾਇਆ ਕਰਦਾ ਸੀ, ਅੱਜ ਉਸ ਨੂੰ ਉਹ ਬੱਚਾ ਵੀ ਨਜ਼ਰ ਨਾ ਪਿਆ, ਤੇ ਉਸ ਦੀ ਉਦਾਸੀ ਵਿਚ ਹੋਰ ਵਾਧਾ ਹੋ ਗਿਆ

ਇਸ ਸ਼ਹਿਰ ਵਿਚ ਇਕ ਪਾਰਕ ਸੀ। ਜਿਸ ਦਾ ਇਕ ਹਿੱਸਾ ਪੰਜਾਬੀ ਬਜ਼ੁਰਗਾਂ ਦੇ ਮਿਲਣ ਦੀ ਥਾਂ ਬਣ ਚੁਕਾ ਸੀ। ਰੋਟੀ ਪਾਣੀ ਤੋਂ ਵਿਹਲੇ ਹੋ ਕੇ ਬਜ਼ੁਰਗ ਪਾਰਕ ਦੀਆਂ ਬੈਂਚਾਂ ਤੇ ਜਾਂ ਨਰਮ ਨਰਮ ਘਾਹ ਤੇ ਡੇਰੇ ਆ ਜਮਾਉਂਦੇ, ਬਹੁਤੇ ਇਨ੍ਹਾਂ ਵਿਚੋਂ ਧੀਆਂ, ਪੁਤਾਂ, ਨੂੰਹਾਂ, ਪੋਤਰਿਆਂ ਵਾਲੇ ਸਨ। ਪਰ ਕੁਝ ਤਾਏ ਜੀਊਣੇ ਵਾਂਗ ਇਕੱਲੇ, ਪਰ ਇਹਨਾਂ ਵਿਚ ਸ਼ਾਇਦ ਤਾਇਆ ਹੀ ਇਕ ਅਜੇਹਾ ਬੰਦਾ ਸੀ ਜਿਸ ਦਾ ਦੁਨੀਆਂ ਵਿਚ ਅੱਗੇ ਪਿੱਛੇ ਆਪਣਾ ਕਹਿਣ ਵਾਲਾ ਕੋਈ ਨਹੀਂ ਸੀ। ਦੁਨੀਆਂ ਦਾ ਹਰ ਵਿਸ਼ਾ ਇਹਨਾਂ ਬਜ਼ੁਰਗਾਂ ਦੀਆਂ ਬਹਿਸ ਦਾ ਹਿੱਸਾ ਬਣਦਾ। ਆਪਦੇ ਪਿੰਡਾਂ ਤੋਂ ਆਏ ਅਤੇ ਉਹ ਮਹੌਲ ਜਿਸ ਵਿਚ ਉਹ ਜੰਮੇ ਪਲੇ ਸਨ, ਤੋਂ ਹਜ਼ਾਰਾਂ ਮੀਲ ਦੂਰ ਬਿਗਾਨੀ ਧਰਤੀ, ਬਿਗਾਨੇ ਮਹੌਲ ਤੇ ਸਭਿਅਤਾ ਵਿਚ, ਉਹ ਪਾਰਕ ਦੇ ਇਸ ਹਿੱਸੇ ਨੂੰ ਪੰਜਾਬੀ ਪੇਂਡੂ ਮਹੌਲ ਵਿਚ ਬਦਲਣ ਦੀ ਕੋਸ਼ਿਸ਼ ਕਰਦੇ, ਬਜ਼ੁਰਗ ਆਪਣੇ ਪੁਤਾਂ, ਨੂੰਹਾਂ ਦੀਆਂ ਸ਼ਕਾਇਤਾਂ ਕਰਦੇ, ਪੋਤੇ



ਪੋਤੀਆਂ ਦੀ ਪੱਛਮੀ ਸਭਿਅਤਾ ਵਿਚ ਰੰਗੇ ਜਾਣ ਦੀ ਨਿੰਦਿਆ ਕਰਦੇ ਅਤੇ ਆਪਣੇ ਪਿਛਲੇ ਜੀਵਨ ਨੂੰ ਚੇਤੇ ਕਰਕੇ ਝੁਰਦੇ ਰਹਿੰਦੇ।

ਪਿਛਲੇ ਕਾਫੀ ਸਮੇਂ ਤੋਂ ਤਾਏ ਜੀਊਣੇ ਦਾ ਕਾਫੀ ਸਮਾਂ ਇਹਨਾਂ ਪਾਰਕਾਂ ਦੀਆਂ ਮੀਟਿੰਗਾਂ ਵਿਚ ਬੀਤਿਆ ਕਰਦਾ ਸੀ। ਸ਼ਾਮ ਨੂੰ ਹਨੇਰਾ ਹੋਣ ਤੇ ਇਹ ਬਜ਼ੁਰਗ ਆਪੋ ਆਪਣੇ ਘਰਾਂ ਵੱਲ ਨੂੰ ਤੁਰ ਜਾਂਦੇ।

ਜਦੋਂ ਤਾਇਆ ਜੀਊਣਾ ਆਪਣੇ ਘਰ ਵੱਲ ਨੂੰ ਵਾਪਸ ਮੁੜ ਰਿਹਾ ਸੀ ਤਾਂ ਉਸੇ ਮੋੜ ਤੇ ਉਹ ਪੰਜਾਬੀ ਬੱਚਾ ਉਸ ਨੂੰ ਮਿਲ ਪਿਆ, ਇਉਂ ਲਗਦਾ ਸੀ ਜਿਵੇਂ ਕਿ ਪਿਛਲੇ ਕੁਝ ਚਿਰ ਤੋਂ ਉਹ ਤਾਏ ਦੇ ਲੰਘਣ ਦੀ ਹੀ ਉਡੀਕ ਕਰ ਰਿਹਾ ਸੀ। ਬੱਚੇ ਨੇ ਪਿਆਰ ਦੇ ਨਾਲ ਤਾਏ ਦਾ ਹੱਥ ਫੜ ਲਿਆ, ਬੱਚੇ ਦੀ ਛੋਟੀ ਜਿਹੀ ਪਿਆਰ ਘੁਟਣੀ ਨੇ ਤਾਏ ਜੀਊਣੇ ਨੂੰ ਪਿਆਰ ਪਿਆਰ ਕਰ ਦਿੱਤਾ, ਉਸ ਨੂੰ ਦੁਨੀਆਂ ਆਪਣੀ ਆਪਣੀ ਤੇ ਪਿਆਰੀ ਪਿਆਰੀ ਲੱਗਣ ਲੱਗ ਪਈ, ਉਸ ਨੂੰ ਮਹਿਸੂਸ ਹੋਇਆ ਕਿ ਉਹ ਇਸ ਦੁਨੀਆਂ ਵਿਚ ਇਕੱਲਾ ਨਹੀਂ ਹੈ ਸਗੋਂ ਕੋਈ ਉਸ ਨੂੰ ਵੀ ਪਿਆਰ ਕਰਦਾ ਹੈ। ਉਸਨੇ ਬੱਚੇ ਨੂੰ ਘੁੱਟਕੇ ਆਪਣੇ ਨਾਲ ਲਾ ਲਿਆ।

"ਮੇਰੇ ਮੰਮੀ ਕਹਿੰਦੇ ਤੂੰ ਆਪਣੇ ਤਾਏ ਜੀਊਣੇ ਨੂੰ ਘਰ ਲਿਆ" ਬੱਚੇ ਨੇ ਆਪਣੀ ਤੋਤਲੀ ਆਵਾਜ਼ ਵਿਚ ਕਿਹਾ "ਤੁਸੀਂ ਮੇਰੇ ਨਾਲ ਘਰ ਚੱਲੋ।"

"ਨਹੀਂ ਕਾਕੇ ਮੈਂ ਕਦੀ ਫਿਰ ਆਵਾਂਗਾ ਅੱਜ ਨਹੀਂ" ਜੀਊਣੇ ਨੇ ਜਵਾਬ ਦਿਤਾ। ਪਰ ਨਾਲ ਹੀ ਉਸ ਤੱਕਿਆ ਕਿ ਲਾਗਲੇ ਘਰ ਦੇ ਦਰਵਾਜ਼ੇ ਵਿਚ ਇਕ ਅੱਧਖੜ ਉਮਰ ਦਾ ਜੋੜਾ ਮੁਸਕਰਾਂਦੇ ਚਿਹਰਿਆਂ ਨਾਲ ਉਸ ਦੀ ਉਡੀਕ ਕਰ ਰਿਹਾ ਸੀ, ਤਾਏ ਜੀਊਣੇ ਨੂੰ ਜਾਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ ਰਿਹਾ, ਉਹ ਬੱਚੇ ਦੇ ਨਾਲ ਉਸਦੇ ਮਾਂ, ਬਾਪ ਵੱਲ ਵਧਿਆ ਅੱਧਖੜ ਉਮਰ ਦੇ ਇਸ ਜੋੜੇ ਨੇ ਸਤਿਕਾਰ ਦੇ ਨਾਲ ਤਾਏ ਜੀਊਣੇ ਨੂੰ ਜੀ ਆਇਆਂ ਕਹਿੰਦਿਆਂ, ਅੰਦਰ ਚੱਲ ਕੇ ਬੈਠਣ ਦੇ ਲਈ ਕਿਹਾ।

ਬੈਠਣ ਤੋਂ ਪਿਛੋਂ ਔਰਤ ਨੇ ਬੱਚੇ ਵੱਲ ਇਸ਼ਾਰਾ ਕਰਕੇ ਕਿਹਾ "ਜੀ ਇਹ ਤੇ ਹਰ ਵੇਲੇ ਤੁਹਾਡੀਆਂ ਹੀ ਗੱਲਾਂ ਕਰਦਾ ਰਹਿੰਦਾ ਹੈ। ਮੈਂ ਇਸ ਨੂੰ ਕਈ ਵਾਰ ਸਮਝਾਇਆ ਹੈ ਕਿ ਵੱਡਿਆਂ ਦਾ ਨਾਮ ਨਹੀਂ ਲਈਦਾ ਪਰ ਇਹ ਨਹੀਂ ਹਟਦਾ।"

"ਇਹ ਇਸ ਦਾ ਕਸੂਰ ਨਹੀਂ ਬੀਬੀ", ਤਾਏ ਜੀਊਣੇ ਨੇ ਕਿਹਾ। "ਮੈਨੂੰ ਸਭ ਮੇਰੇ ਹਾਣੀ, ਛੋਟੇ ਵੱਡੇ ਹਰ ਕੋਈ ਤਾਇਆ ਜੀਊਣਾ ਹੀ ਕਹਿੰਦੇ ਹਨ। ਸੱਚੀ ਗੱਲ ਤਾਂ ਇਹ ਹੈ ਕਿ ਜੇ ਮੈਨੂੰ ਕੋਈ ਤਾਇਆ ਜੀਊਣਾ ਨਾ ਕਹੇ, ਕੁਝ ਹੋਰ ਕਹਿਕੇ ਬੁਲਾਵੇ ਤਾਂ ਮੈਨੂੰ ਚੰਗਾ ਨਹੀਂ ਲੱਗਦਾ।"

"ਅਜੀਬ ਗੱਲ ਹੈ" ਇਸ ਵਾਰ ਇਸਤਰੀ ਦੇ ਕੋਲ ਬੈਠਾ ਆਦਮੀ ਬੋਲਿਆ, ਲੋਕ ਚਾਚਾ ਤਾਂ ਭਾਵੇਂ ਅਖਵਾ ਲੈਣ, ਪਰ ਤਾਇਆ, ਜਾਂ ਬਾਬਾ ਅਖਵਾਉਣਾ ਤੇ ਕਦੀ ਪਸੰਦ ਨਹੀਂ ਕਰਦੇ। ਕੋਈ ਵੀ ਤੇ ਆਪਣੇ ਆਪ ਨੂੰ ਵੱਡੀ ਉਮਰ ਦਾ ਜ਼ਾਹਰ ਕਰਨਾ ਪਸੰਦ ਨਹੀਂ ਕਰੇਗਾ।

"ਤੁਸੀਂ ਠੀਕ ਕਹਿੰਦੇ ਹੋ" ਤਾਏ ਜੀਊਣੇ ਨੇ ਜਵਾਬ ਦਿਤਾ "ਪਰ ਮੇਰੇ ਨਾਮ ਦੇ ਨਾਲ ਤਾਇਆ ਤਾਂ ਉਦੋਂ ਦਾ ਜੁੜਿਆ ਹੋਇਆ ਹੈ ਜਦੋਂ ਮੇਰੇ ਮੁੱਛ ਵੀ ਨਹੀਂ ਫੁਟੀ ਸੀ, ਇਹ ਨਾਮ ਮੈਨੂੰ ਮੇਰੇ ਭੈਣਾਂ, ਭਰਾਵਾਂ ਨੇ ਦਿੱਤਾ ਸੀ।"

ਤੁਸੀਂ ਕਿਥੇ ਦੇ ਹੋ?

ਤੁਹਾਡਾ ਪਿੰਡ ਕਿਹੜਾ? ਇਸਤਰੀ ਨੇ ਕਾਹਲੀ ਕਾਹਲੀ ਸਵਾਲ ਪੁਛੇ ਹੈਰਾਨੀ ਉਸਦੇ ਚਿਹਰੇ ਤੋਂ ਸਾਫ ਟਪਕ ਰਹੀ ਸੀ।

"ਮੈਂ ਕਿਤੇ ਦਾ ਵੀ ਨਹੀਂ, ਨਾ ਪਿੰਡ ਨਾ ਸ਼ਹਿਰ, ਸਭ ਕੁਝ ਪਾਕਿਸਤਾਨ ਨੇ ਖਾ ਲਿਆ ਭੈਣ ਭਰਾ, ਮਾਂ ਪਿਓ ਸਭ ਕੁਝ" ਇਹ ਕਹਿੰਦੇ ਹੋਏ ਬੁਢੇ ਜੀਊਣੇ ਦੀਆਂ ਅੱਖਾਂ ਵਿਚੋਂ ਪਾਣੀ ਆ ਗਿਆ।

"ਪਰ ਪਾਕਿਸਤਾਨ ਵਿਚ ਪਿੰਡ ਦਾ ਨਾਮ — ਮਾਂ, ਪਿਉ ਦਾ ਨਾਮ" ਔਰਤ ਦਾ ਸਾਹ ਤੇਜ਼ ਤੇਜ਼ ਚੱਲ ਰਿਹਾ ਸੀ।

ਤਾਏ ਜੀਊਣੇ ਦੇ ਦੱਸਣ ਤੇ ਉਹ ਸਵਾਣੀ ਧਾ ਕੇ ਉਸ ਦੇ ਗਲ ਆ ਲੱਗੀ। ਹੰਝੂਆਂ ਦੇ ਪਰਨਾਲੇ ਉਸਦੀਆਂ ਅੱਖਾਂ ਵਿਚੋਂ ਚੱਲ ਰਹੇ ਸਨ। ਉਹ ਰੋ ਰੋ ਕੇ ਪੁਛ ਰਹੀ ਸੀ "ਤੂੰ ਆਪਣੀ ਛੋਟੀ ਭੈਣ ਬੀਰੋ ਨੂੰ ਨਹੀਂ ਪਛਾਣਿਆ? ਜਿਸ ਨੂੰ ਦਿਨ ਰਾਤ ਆਪਣੇ ਮੋਢਿਆਂ ਤੇ ਚੁਕੀ ਫਿਰਦਾ ਰਹਿੰਦਾ ਸੀ। ਮੈਂ ਤੇ ਸਮਝਦੀ ਸੀ ਮੇਰਾ ਕੋਈ ਨਹੀਂ ਬਚਿਆ ਤੂੰ ਕਿਥੇ ਰਿਹਾ ਐਨਾਂ ਚਿਰ ਮੇਰੇ ਵੀਰ?

ਚਿਰ ਦੇ ਵਿਛੜੇ ਭੈਣ ਭਰਾ ਹੰਝੂ ਵਹਾਂਦੇ ਰਹੇ। ਛੋਟਾ ਮੁੰਡਾ ਤੇ ਉਸਦਾ ਪਿਉ ਹੈਰਾਨੀ ਨਾਲ ਇਹ ਸਭ ਕੁਝ ਤੱਕ ਰਹੇ ਸਨ।

ਉਹ ਸਾਰੀ ਰਾਤ ਉਹਨਾਂ ਵਿਚੋਂ ਕੋਈ ਨਾ ਸੁੱਤਾ। ਭੈਣ ਭਰਾ ਇਕ ਦੂਜੇ ਨੂੰ ਆਪਣੀ ਜੀਵਨ ਵਿਥਿਆ ਦੱਸਦੇ ਰਹੇ। ਅਗਲੇ ਦਿਨ ਸਵੇਰੇ ਤਾਇਆ ਆਪਣੇ ਘਰ ਜਾਣ ਲਈ ਤਿਆਰ ਹੋ ਰਿਹਾ ਸੀ, ਤਾਂ ਛੋਟੇ ਬੱਚੇ ਨੇ ਕਿਹਾ "ਤਾਇਆ ਜੀਊਣਿਆ ਜਲਦੀ ਮੁੜਕੇ ਇਥੇ ਆ ਜਾਵੀਂ, ਨਹੀਂ ਤੇ ਮੈਂ ਗੁੱਸੇ ਹੋ ਜਾਵਾਂਗਾ।"

ਉਸਦੇ ਮਾਪਿਆਂ ਨੇ ਡਾਂਟਦੇ ਹੋਏ ਕਿਹਾ, "ਇਹਨਾਂ ਨੂੰ ਤਾਇਆ ਨਾ ਕਹਿ, ਇਹ ਤੇਰੇ ਮਾਮਾ ਜੀ ਨੇ।"

ਤਾਏ ਜੀਊਣੇ ਨੇ ਉਹਨਾਂ ਨੂੰ ਟੋਕਦੇ ਹੋਏ ਕਿਹਾ, "ਨਹੀਂ ਨਹੀਂ ਇਸ ਨੂੰ ਤਾਇਆ ਜੀਊਣਾ ਹੀ ਕਹਿਣ ਦਿਉ। ਇਹ ਤਾਇਆ ਸ਼ਬਦ ਤਾਂ ਮੇਰੇ ਭੈਣਾਂ, ਭਰਾਵਾਂ ਦੀ ਦਿੱਤੀ ਹੋਈ ਨਿਸ਼ਾਨੀ ਹੈ। ਅਤੇ ਇਸ ਨੇ ਹੀ ਮੇਰੀ ਛੋਟੀ ਭੈਣ ਬੀਰੋ ਮਿਲਾਈ ਹੈ।"

ਉਸ ਦਿਨ ਤੋਂ ਪਿਛੋਂ ਲੋਕਾਂ ਨੇ ਦੇਖਿਆ ਕਿ ਤਾਏ ਜੀਊਣੇ ਦੀ ਜ਼ਿੰਦਗੀ ਵਿਚ ਇਕ ਨਵਾਂ ਪਲਟਾ ਆ ਗਿਆ ਸੀ, ਉਸਦੇ ਬੁੱਢੇ ਜਿਸਮ ਵਿਚ ਇਕ ਨਵੀਂ ਚੁਸਤੀ ਆ ਗਈ ਸੀ। ਵਿਹਲੇ ਰਹਿਣ ਦੀ ਥਾਂ ਹੁਣ ਉਸਦਾ ਸਾਰਾ ਵਕਤ ਖੇਤਾਂ ਵਿਚ ਕੰਮ ਕਰਦਿਆਂ ਬੀਤਦਾ। ਉਸ ਦੇ ਜੀਵਨ ਨੂੰ ਇਕ ਨਵਾਂ ਮਨੋਰਥ ਮਿਲ ਗਿਆ, ਉਸ ਨਿੱਕੇ ਜਿਹੇ ਆਪਣੇ ਭਾਣਜੇ ਦੀ ਜ਼ਿੰਦਗੀ ਨੂੰ ਬਣਾਉਣ ਦਾ।

ਪਾਰਕ ਵਿਚ ਬੈਠਣ ਵਾਲੇ ਬਜ਼ੁਰਗ ਹੈਰਾਨ ਸਨ ਕਿ ਤਾਇਆ ਜੀਊਣਾ ਉਨ੍ਹਾਂ ਦਾ ਸਾਥ ਕਿਉਂ ਛੱਡ ਗਿਆ ਹੈ?

(ਸਤਿਕਾਰ ਸਹਿਤ "ਸਾਹਿਤਕ ਕਿਰਨਾਂ" ਵਿਚੋਂ)

ਫਿਰ ਪੁਰਾਣਾ ਟਿਕ-ਟਿਕਾ ਨਾ, ਦੇਰ ਤਕ ਸ਼ਾਇਦ ਮਿਲੇ।
ਨਾ ਦਿਲਾਂ ਦੇ ਜ਼ਖਮ ਘਟਦੇ, ਨਾ ਦਿਲਾਂ ਦੇ ਫਾਸਲੇ।

ਵਿਅੰਗ

ਰੁਲਦੂ ਬਾਬਾ

—ਸੁਖਜੀਤ ਭੱਠਲ—

ਸੱਠ ਵਰ੍ਹਿਆਂ ਤੋਂ ਵੀ ਦੋ ਚਾਰ ਸਾਲ ਉਪਰ ਟੱਪਿਆ ਰੁਲਦੂ ਸਾਡੇ ਕੱਲੇ ਪਿੰਡ ਹੀ ਨਹੀਂ, ਆਸੇ ਪਾਸੇ ਦੇ ਪੰਦਰਾਂ ਪੰਦਰਾਂ, ਵੀਹਾਂ-ਵੀਹਾਂ ਕੋਹਾਂ ਤਕ ਵਸਦੇ ਪਿੰਡਾਂ ਵਿਚ ਆਪਣੀ ਸ਼ੌਕੀਨੀ ਅਤੇ ਮਸ਼ਕਰੀ ਕਰਕੇ ਉਵੇਂ ਮਸ਼ਹੂਰ ਸੀ, ਜਿਵੇਂ ਕਦੇ ਪੰਜਾਬੀ ਫਿਲਮਾਂ ਵਿਚ ਖਰਾਇਤੀ ਭੈਂਗਾ ਜਾਂ ਗੋਪਾਲ ਸਹਿਗਲ ਹੁੰਦੇ ਸਨ। ਹਰ ਵਕਤ ਕੁਵਕਤ ਉਹ ਮਸ਼ਕਰੀ ਕਰਨ ਦਾ ਕੋਈ ਤਾਣਾ ਪੇਟਾ ਅੰਦਰੋ ਅੰਦਰ ਬੁਣਦਾ ਰਹਿੰਦਾ। ਵਿਆਹ ਉਹਨੇ ਕਰਾਇਆ ਨਹੀਂ ਸੀ ਸਗੋਂ ਉਹ ਵੀ ਮਸ਼ਕਰੀ ਵਿਚ ਹੀ ਟਾਲ ਦਿੱਤਾ ਸੀ : ਅਖੇ ਮੈਂ ਨੀਂ 'ਉਮਰ ਕੈਦ' ਕੱਟਣੀ ...!

ਇਸ ਉਮਰ ਵਿਚ ਵੀ ਉਹਦਾ ਦਗ ਦਗ ਕਰਦਾ ਚਿਹਰਾ, ਜ਼ਰਦੇ, ਸਿਗਰਟਾਂ, ਗੋਲੀਆਂ, ਭੁਕੀ, ਸਰਾਬ ਤੇ ਪਤਾ ਨਹੀਂ ਹੋਰ ਕਿਹੜੀਆਂ ਕਿਹੜੀਆਂ ਘਧਿਤਾਂ ਦੇ ਖਾਧੇ ਜਵਾਨ ਗੱਭਰੂਆਂ ਨੂੰ ਮਖੌਲ ਕਰਦਾ ਜਾਪਦਾ ਮਾਤ ਕਰਦਾ। ਉਹ ਸਦਾ ਬਣ ਠਣਕੇ ਰਹਿੰਦਾ। ਚਿੱਟਾ ਕਲੀਆਂ ਵਾਲਾ ਕੁੜਤਾ, ਚਿੱਟੀ ਪੱਗ ਤੇ ਤੇੜ ਬੰਨ੍ਹੇ ਚਿੱਟੇ ਚਾਦਰੇ ਸਮੇਤ, ਉਹਦੀ ਚਿੱਟੀ ਖੁੱਲ੍ਹੀ ਦਾੜ੍ਹੀ ਦੀ ਛਾਤੀ ਤਕ ਲਮਕਦੀ ਪੂਛ, ਖੂਬ ਫਬਦੀ ...। ਮਜਾਲ ਐ ਕਿ ਕਦੇ ਕਿਸੇ ਨੇ ਉਹਦੇ ਕੱਪੜਿਆਂ ਤੇ ਭੋਰਾ-ਭਰ ਦਾਗ ਵੀ ਦੇਖਿਆ ਹੋਵੇ।

ਪਿੰਡ ਦੇ ਐਨ ਵਿਚਕਾਰ, ਵੱਡੇ ਸਾਰੇ ਦਰਵਾਜ਼ੇ ਵਾਲੇ ਉਹਦੇ ਖੁਲ੍ਹੇ ਘਰ ਦੀ ਕਲੀ ਕੂਚੀ ਦੇਖ ਕੇ ਇਉਂ ਭਾਸਦਾ ਜਿਵੇਂ ਉਸ ਘਰ ਕੋਈ ਵਿਆਹ ਧਰਿਆ ਹੋਵੇ ਜਾਂ ਹੋ ਕੇ ਹਟਿਆ ਹੋਵੇ।

ਮੁਕਦੀ ਗੱਲ ਇਹ ਕਿ ਉਹ ਆਪਣੇ ਮਸ਼ਕਰੀ ਸੁਭਾਅ ਵਾਂਗ ਸ਼ੌਕੀਨ ਵੀ ਜਿਮੀ ਕਾਰਟਰ ਵਰਗਾ ਸੀ - ਫਰਕ ਮਹਿਜ਼ ਐਨਾ ਹੀ ਸੀ ਕਿ ਉਹਨੂੰ 'ਦੁਨੀਆਂ ਦੇ ਸਭ ਤੋਂ ਵੱਧ ਸ਼ੌਕੀਨ ਮਨੁੱਖ' ਦਾ ਸਨਮਾਨ ਨਹੀਂ ਮਿਲਿਆ ਸੀ। ਸਵੇਰੇ ਹੀ ਨਹਾ ਧੋ ਕੇ, ਉਹ ਚਾਦਰੇ ਨਾਲ ਧਰਤੀ ਹੂੰਝਦਾ, ਸਾਰੇ ਪਿੰਡ ਵਿਚ ਗੇੜਾ ਮਾਰਦਾ। ਹਰ ਕੋਈ ਉਹਨੂੰ ਬਾਬਾ ਆਖ ਸਤਿਕਾਰਦਾ ਤੇ ਜਦ ਕੋਈ ਉਹਨੂੰ ਉਹਦਾ ਹਾਲ ਚਾਲ ਪੁੱਛਦਾ, ਉਹਦਾ ਇਕੋ ਹੀ ਸਦਾ ਉਤਰ ਹੁੰਦਾ : 'ਕਾਟੋ ਫੁੱਲਾਂ ਪਰ ਖੇਲ੍ਹਦੀ ਐ ਕਿ ...।'

ਪਿੰਡ ਦੇ ਵਿਹਲੜ ਗੰਭਰੀਟ ਉਹਦੀਆਂ ਗੱਲਾਂ ਦਾ ਸੁਆਦ ਲੈਣ ਲਈ ਉਹਦੇ ਕੋਲ ਖੁੰਢ ਤੇ ਬੈਠੇ ਰਹਿੰਦੇ : 'ਬਾਬਾ ਸੁਣਾ ਫੇਅ ਕੋਈ ਨਵੀਂ ?' — 'ਉਏ ਨਵੀਂ ਕਾਹਦੀ ਸੁਹਰਿਓ ਮੇਰਾ ਗੁਆਂਢੀ ਆ ਨਾਂ ਸੰਤਾ ਸਿਉਂ ਅੱਠ ਜੁਆਕਾਂ ਆਲਾ ਸਾਰੀ ਰਾਤ ਮੰਜਾ ਭੰਨਣੋਂ ਅਜੇ ਨੀਂ ਹਟਦਾ ? ਖੜਾਕ ਵਿਚ ਨੀਂਦ ਈ ਨੀਂ ਆਉਂਦੀ ਸਾਲੀ ਰਾਤ ਭਰ ...?' ਗੰਭਰੀਟ ਸੁਆਦ ਸੁਆਦ ਹੋ ਜਾਂਦੀ — ਚੁਫੇਰੇ ਹਾਸਾ ਫੈਲ ਜਾਂਦਾ। ਉਹਦੀ ਮਸ਼ਕਰੀ ਦਾ ਅਖਾੜਾ ਮਰਦਾਂ ਤੀਕ ਹੀ ਸੀਮਤ ਨਹੀਂ ਸੀ। ਇਕ ਵਾਰ ਤਖਾਣਾਂ ਦੀ ਨੂੰਹ ਤੇਜੋ ਰੂੜੀ ਤੇ ਗੋਹਾ ਕੂੜਾ ਸੁੱਟਣ ਘਰੋਂ ਨਿਕਲੀ ਸਿਰ ਤੇ ਰੱਖੇ ਬੱਠਲ ਦਾ ਗੋਹਾ ਉਪਰ ਤੀਕ ਦੱਬ ਦੱਬ ਕੇ ਇੰਜ ਭਰਿਆ ਹੋਇਆ ਸੀ ਕਿ ਜਿਵੇਂ ਸਿਰ ਤੇ ਰੂੜੀ ਲੱਗੀ ਹੋਏ — ਅਚਾਨਕ ਸਾਹਮਣਿਉਂ ਰੁਲਦੂ ਨੂੰ ਦੇਖ ਉਸਦੀ ਸਿਰ ਤੇ ਲਈ ਚੁੰਨੀ ਖਿਚ ਕੇ ਘੁੰਡ ਕੱਢਣ ਦੀ ਕੋਸ਼ਿਸ਼ ਵਿਚ ਫਟ ਗਈ ਤੇ ਘਬਰਾਹਟ ਵਿਚ ਭਰਿਆ ਭਰਾਇਆ ਬੱਠਲ ਉਹਦੇ ਮੂੰਹ ਨੂੰ ਢੂੰਹਦਾ ਹੋਇਆ ਭੁੰਜੇ ਡਿੱਗ ਪਿਆ — ਗੋਹੇ ਨਾਲ ਉਹਦਾ ਤਿੰਨ ਚੌਥਾਈ ਮੂੰਹ ਲਿਪਿਆ ਗਿਆ ਇਸ ਤੋਂ ਪਹਿਲਾਂ ਕਿ ਉਹ ਕੁਝ ਸੰਭਲਦੀ — ਰੁਲਦੂ ਬੋਲਿਆ — 'ਬਚਾਅ ਹੋ ਗਿਐ ਸਹੁਰੀਏ ਗੋਹੇ ਨੇ ਘੁੰਡ ਦਾ ਕੰਮ ਸਾਰ ਤਾ ਨਹੀਂ ਤੇਰਾ ਮੂੰਹ ਮੈਨੂੰ ਦਿਸ ਪੈਣਾ ਸੀ ...।' ਤੇਜੋ ਪਾਣੀ ਪਾਣੀ ਹੋਈ ਘਰ ਨੂੰ ਭੱਜ ਪਈ।

ਕੋਈ ਵੀ ਉਹਦਾ ਗੁੱਸਾ ਨੀਂ ਸੀ ਕਰਦਾ — ਸਾਰੇ ਉਹਦੇ ਸੁਭਾਅ ਨੂੰ ਜਾਣਦੇ ਸਨ — ਉਸ ਨੂੰ 'ਪਿੰਡ ਦੀ ਰੌਣਕ' ਆਖ ਸਤਿਕਾਰਦੇ। ਕਿਸੇ ਨੇ ਕਦੇ ਵੀ ਉਹਦੇ ਚਿਹਰੇ ਤੇ ਸ਼ਿਕਨ ਨਹੀਂ ਦੇਖੀ ਸੀ।

ਇਕ ਵਾਰ ਦੀ ਗੱਲ ਹੈ ਕਿ ਉਹ ਬਠਿੰਡੇ ਕਿਸੇ ਕੰਮ ਗਿਆ — ਉਹਦੇ ਪਿੰਡ ਦਾ ਨੇੜਲਾ ਸ਼ਹਿਰ ਬਠਿੰਡਾ ਹੀ ਸੀ। ਸ਼ਹਿਰ ਦੇ ਕੰਮ ਤੋਂ ਵਿਹਲਾ ਹੋ ਕੇ ਉਹ ਪਿੰਡ ਜਾਣ ਲਈ ਸਟੇਸ਼ਨ ਤੇ ਆ ਗਿਆ। ਉਥੇ ਪਹੁੰਚ ਟਿਕਟ ਬਾਬੂ ਤੋਂ ਪਤਾ ਲਗਿਆ ਕਿ ਉਹਦੇ ਪਿੰਡ ਨੂੰ ਜਾਣ ਵਾਲੀ ਗੱਡੀ ਪੂਰਾ ਇਕ ਘੰਟਾ ਲੇਟ ਸੀ। ਜੰਕਸ਼ਨ ਹੋਣ ਕਾਰਨ ਸਾਰੇ ਸਟੇਸ਼ਨ ਤੇ ਸਵਾਰੀਆਂ ਦੀ ਚਹਿਲ ਪਹਿਲ ਸੀ। ਗੱਡੀ ਲੇਟ ਹੋਣ ਕਾਰਣ ਉਸ ਤੇ ਜਾਣ ਵਾਲੀਆਂ ਸਵਾਰੀਆਂ ਰੇਲ ਵਿਭਾਗ ਦੀ ਨਾਖੁਸ਼ਗਵਾਰ ਕਾਰਗੁਜ਼ਾਰੀ ਦੀਆਂ ਗੱਲਾਂ ਕਰ ਰਹੀਆਂ ਸਨ — ਪਰ ਰੁਲਦੂ ਤੇ ਇਸ ਦਾ ਕੋਈ ਵੀ ਅਸਰ ਨਹੀਂ ਸੀ ਹੋਇਆ ਪਰ ਇਕ ਘੰਟਾ ਤਾਂ ਉਹਨੂੰ ਵੀ ਗੁਜ਼ਾਰਨਾ ਹੀ ਪੈਣਾ ਸੀ — ਉਹਦੇ ਅਧਿਤਕੀ ਸੁਭਾਅ ਨੇ ਉਹ ਨੂੰ ਹੁੱਜ ਮਾਰੀ। ਉਹਨੇ ਆਪਣੇ ਤੇੜ ਬੰਨ੍ਹਿਆ ਚਾਦਰਾ ਖੋਲ੍ਹ ਹੱਥ ਵਿਚ ਫੜ ਲਿਆ ਤੇ ਕੁਲੀ ਨੂੰ ਆਵਾਜ਼ ਦਿੱਤੀ।

'ਹਾਂਜੀ ਸਰਦਾਰ ਜੀ !' ਕੁਲੀ ਅਵਾਜ਼ ਸੁਣ ਉਹਦੇ ਵੱਲ ਲਪਕਿਆ।

ਰੁਲਦੂ ਨੇ ਹੱਥ ਵਿਚ ਲਪੇਟ ਕੇ ਫੜਿਆ ਚਾਦਰਾ, ਉਹਦੇ ਹੱਥ ਫੜਾ ਦਿਤਾ ਤੇ 'ਆ ਜਾ' ਆਖ ਉਹ ਅੱਗੇ ਲੱਗ ਤੁਰਿਆ ਤੇ ਕੁਲੀ ਉਹਦੇ ਮਗਰ। ਪੰਜ ਨੰਬਰ ਤੋਂ ਚਾਰ, ਚਾਰ ਨੰਬਰ ਤੋਂ ਤਿੰਨ, ਤਿੰਨ ਨੰਬਰ ਤੋਂ ਸੱਤ, ਸੱਤ ਨੰਬਰ ਤੋਂ ਦੋ, ਦੋ ਨੰਬਰ ਤੋਂ ਛੇ ਨੰਬਰ ਪਲੇਟ ਫਾਰਮ ਤੇ ਉਹ ਮੂਹਰੇ ਮੂਹਰੇ ਤੇ ਕੁਲੀ ਉਹਦੇ ਪਿੱਛੇ ਪਿੱਛੇ ...। ਕੁਲੀ ਹੈਰਾਨ ਵੀ ਸੀ ਤੇ ਖੁਸ਼ ਵੀ ਕਿ ਅੱਜ ਵਧੀਆ ਸਿਧਰਾ ਜੱਟ ਟਕਰਿਆ, ਭਾਰ ਕੋਈ ਹੈ ਨੀਂ — ਮਜ਼ਦੂਰੀ ਰੇਟ ਮੁਤਾਬਿਕ ਉਹਨੇ ਲੈ ਹੀ ਲੈਣੀ ਸੀ।



ਇੰਜ ਹੀ ਟਹਿਲਦਿਆਂ ਉਹਨੇ ਪੂਰਾ ਘੰਟਾ ਬਿਤਾ ਦਿਤਾ। ਸਾਹਮਣਿਉਂ ਗੱਡੀ ਆਉਂਦੀ ਦਿਸੀ ਤਾਂ ਉਹ ਆਪਣੇ ਪੰਜ ਨੰਬਰ ਵਾਲੇ ਪਲੇਟ ਫਾਰਮ ਤੇ ਫੇਰ ਆ ਗਿਆ। ਗੱਡੀ ਰੁੱਕੀ। ਉਹਨੇ ਕੁਲੀ ਕੋਲੋਂ ਆਪਣਾ ਚਾਦਰਾ ਫੜ ਤੇੜ ਬੰਨ੍ਹਿਆ ਤੇ ਡੱਬੇ ਵਿਚ ਜਾ ਚੜ੍ਹਿਆ।

'ਸਰਦਾਰ ਜੀ ਪੈਸੇ ?' ਕੁਲੀ ਨੇ ਖਿੜਕੀ ਵਿਚੋਂ ਰੁਲਦੂ ਨੂੰ ਆਵਾਜ਼ ਦਿਤੀ।

'ਕਾਹਦੇ ਪੈਸੇ ?'

'ਸਮਾਨ ਦੇ'—ਕੁਲੀ ਬੋਲਿਆ।

'ਕਮਲਾ ਹੋਇਆਂ—ਕਿਹੜਾ ਸਮਾਨ ਐ ? ਖਾਲੀ ਹੱਥ ਆਂ ...' ਕੁਲੀ ਪੈਸੇ ਮੰਗੇ ਰੁਲਦੂ ਆਖੇ 'ਕਾਹਦੇ ਪੈਸੇ ?'

ਵਾਹਵਾ ਕੱਠ ਜਿਹਾ ਹੋ ਗਿਆ। ਦੂਜੀਆਂ ਸਵਾਰੀਆਂ ਨੇ ਵੀ ਦੇਖਿਆ ਕਿ ਸਰਦਾਰ ਜੀ ਕੋਲ ਸੱਚਮੁੱਚ ਹੀ ਕੋਈ ਸਾਮਾਨ ਨਹੀਂ ਸੀ।

'ਕਿਉਂ ਬਜ਼ੁਰਗ ਨੂੰ ਤੰਗ ਕਰਨ ਡਿਹਾਂ ?'

'ਕੋਈ ਹੋਰ ਸਵਾਰੀ ਹੋਊ ਭਾਈ, ਤੈਨੂੰ ਭੁਲੇਖਾ ਲਗਿਐ।'

'ਉਏ ਕਮਲਿਆ ਬਿਸਤਰਾ ਇਹਦੇ ਕੋਲ ਨੀਂ ... ਟੈਚੀ-ਟਰੰਕ ਇਹਦੇ ਕੋਲ ਨਹੀਂ ਹੁੰਦਾ ਤਾਂ ਇਥੇ ਹੀ ਹੁੰਦਾ—ਧੋਖਾ ਲੱਗ ਗਿਆ ਭਰਾਵਾਂ ਤੈਨੂੰ।' ਸਵਾਰੀਆਂ ਕੁਲੀ ਨੂੰ ਦਲੀਲਾਂ ਦੇਈ ਜਾ ਰਹੀਆਂ ਸਨ।

ਕੁਲੀ ਭੌਰ-ਭੌਰ ਹੋਇਆ ਰੁਲਦੂ ਵੱਲ ਘੂਰ ਰਿਹਾ ਸੀ। ਉਹ ਚਾਹੁੰਦੇ ਹੋਏ ਵੀ ਅਸਲੀਅਤ ਨਾ ਦਸ ਸਕਿਆ। ਉਹਨੇ ਮਖੌਲ ਦਾ ਪਾਤਰ ਬਨਣ ਨਾਲੋਂ ਸਬਰ ਦਾ ਘੁੱਟ ਪੀਣਾ ਹੀ ਨਿਆਮਤ ਸਮਝੀ।

ਤੇ ਰੁਲਦੂ ਚੁੱਪਚਾਪ ਬੈਠਾ ਅੰਦਰੇ ਅੰਦਰ ਹੱਸਦਾ ਰਿਹਾ।

ਉਹਦੀਆਂ ਅਜਿਹੀਆਂ ਹੀ 'ਗੱਲਾਂ' ਵਿਚੋਂ ਇਕ ਹੋਰ ਬੜੀ ਮਸ਼ਹੂਰ ਹੈ।

ਉਹ ਸ਼ਹਿਰ ਦੇ ਬਸ ਅੱਡੇ ਤੇ, ਬਸ ਦੀ ਉਡੀਕ ਵਿਚ ਸੀ — ਬਸ ਮਿਸ ਹੋ ਗਈ। ਜੂਨ ਦਾ ਮਹੀਨਾ—ਸਵਾਰੀਆਂ ਦੇ ਪਸੀਨੇ ਦੀ ਬਦਬੂ। ਉਹਨੂੰ ਫੁਰਨਾ ਫੁਰਿਆ ਕਿ ਕਿਉਂ ਨਾ ਕਿਸੇ ਦੁਕਾਨ ਵਿਚ ਬਿਨਾਂ ਪੈਸੇ ਖਰਚੇ ਤੋਂ ਬੈਠ ਕੇ, ਅਗਲੀ ਬਸ ਆਉਣ ਤਕ ਸਮਾਂ ਬਿਤਾਇਆ ਜਾਏ।

ਉਹ ਅੱਡੇ ਵਿਚੋਂ ਬਾਹਰ ਨਿਕਲ ਆਇਆ ਤੇ ਇਕ ਦਰਜੀ ਦੀ ਦੁਕਾਨ ਵਿਚ ਵੜ ਪੱਖੇ ਥੱਲੇ ਸਟੂਲ ਤੇ ਜਾ ਬਿਰਾਜਿਆ। ਦਰਜੀ ਨੇ ਆਪਣੇ ਕੰਮ ਤੋਂ ਨਜ਼ਰ ਹਟਾ, ਉਸ ਵੱਲ ਦੇਖਿਆ ਤੇ ਸਿੱਧ-ਪੱਧਰੇ ਜੱਟ ਨੂੰ ਦੇਖ ਇਸ਼ਾਰੇ ਨਾਲ ਹੀ ਪੁੱਛਿਆ —'ਕੀ ਆ ?'

ਰੁਲਦੂ ਨੇ ਵੀ ਕਿਹੜਾ ਇਕ ਘਾਟ ਦਾ ਪਾਣੀ ਪੀਤਾ ਸੀ ਉਸ ਨੇ ਵੀ ਇਸ਼ਾਰੇ ਨਾਲ ਹੀ ਕਾਂਗਰਸ(ਆਈ) ਦੇ ਚੋਣ ਨਿਸ਼ਾਨ ਵਰਗਾ ਪੰਜਾ ਦਿਖਾਇਆ —'ਥੋੜਾ ਠਹਿਰ ਜਾ।'

ਦਰਜੀ ਇਹ ਸੋਚ ਕਿ ਉਹ ਦੇ ਨਾਲ ਦੇ ਕਿਸੇ ਸਾਥੀ ਨੇ ਆਉਣਾ ਹੋਊ, ਆਪਣੇ ਕੰਮ ਵਿਚ ਫੇਰ ਰੁੱਝ ਗਿਆ।

ਅੱਧਾ ਘੰਟਾ ਬੀਤ ਗਿਆ — ਦਰਜੀ ਨੇ ਵਿਚ ਵਿਚ ਦੋ ਤਿੰਨ ਵਾਰੀ ਉਸ ਵੱਲ ਨਜ਼ਰ ਮਾਰੀ ਸੀ ਪਰ ਬੋਲਿਆ ਕੁਝ ਨਹੀਂ ਸੀ। ਗਾਹਕ, ਗਾਹਕ ਹੀ ਹੁੰਦੇ ਆਖਿਰ ...। ਪਰ ਜਦੋਂ ਪੌਣਾ ਘੰਟਾ ਹੋਣ ਨੂੰ ਆਇਆ ਤਾਂ ਦਰਜੀ ਦੇ ਸਬਰ ਦੀ ਘੜੀ ਲੰਘ ਗਈ : 'ਮਖ ਕੀ ਗੱਲ ਆ ਸਰਦਾਰ ਜੀ ਕੀ ਸਿਲਾਉਣਾ ?'

'ਪਜਾਮੇ ਦੀ ਸਵਾਈ ਕੀ ਲੈਨਾਂ ?'

"ਸੂਤੀ ਕਿ ਟੈਰੀਕਾਟ ?'

'ਟੈਰੀਕਾਟ ਦੀ ਗੱਲ ਕਰ ਯਾਰ।'

—ਦਸ ਰੁਪਏ।

'ਤੇ ਕੱਛੇ ਦੀ ?'

—ਚਾਰ ਰੁਪਏ।

'ਚੰਗਾ ਫੇਰ ਕੱਛਾ ਹੀ ਸਿਉਂਦੀ ਪਰ ਉਸ ਦੀ ਲੰਬਾਈ ਪਜਾਮੇ ਜਿੱਡੀ ਕਰਦੀਂ —ਮੈਂ ਕੱਪੜਾ ਲੈ ਆਵਾਂ ...।' ਤੇ ਰੁਲਦੂ ਹੈਰਾਨ ਪ੍ਰੇਸ਼ਾਨ ਹੋਏ ਦਰਜੀ ਦਾ ਕੋਈ ਜੁਆਬ ਉਡੀਕੇ ਬਗੈਰ, ਆਪਣੀ ਛਾਤੀ ਤਕ ਲਮਕਦੀ, ਲੰਮੀ ਚਿੱਟੀ ਦਾੜ੍ਹੀ ਨੂੰ ਪਲੋਸਦਾ, ਉਠ ਕੇ ਬਸ ਅੱਡੇ ਵੱਲ ਨੂੰ ਤੁਰ ਗਿਆ।

ਅਪਰਾਧੀ

ਗੁਰਚਰਨ ਰਾਮਪੁਰੀ



ਦੋਸ਼ੀ ਉਹ ਹੈ
ਜੋ ਬੁੱਢੇ ਬੀਮਾਰ ਨਾਗ ਨੂੰ,
ਬੀਨ ਬਜਾ ਕੇ
ਜੰਗਲੀ ਵਰਮੀ ਦੇ ਪਾਤਾਲੋਂ
ਪਿੰਡ ਦੇ ਐਨ ਵਿਚਾਲੇ ਲੈ ਕੇ ਆਇਆ ।

ਨਾਗ ਜਿਦ੍ਹੇ ਵਿੱਚ ਅੱਖ ਅਪਣੀ ਖੋਲ੍ਹਣ ਦਾ ਤਾਣ ਨਹੀਂ ਸੀ
ਅੱਜ ਉਸ ਦਾ ਫਣ ਤਣਿਆ ਤੇ ਮੂੰਹ ਲਾਟਾਂ ਛੱਡ ਰਿਹਾ ਹੈ
ਉਸ ਮੇਰੀ ਧਰਤੀ ਡੰਗ ਦਿੱਤੀ ।

ਦੋਸ਼ੀ ਉਹ ਹੈ
ਜਿਨ੍ਹੇ ਨਿਤਾਣੇ ਸੱਪ ਦੇ ਸਿਰ ਤੇ ਨਕਲੀ ਮਣੀ ਟਿਕਾਈ
ਉਸਨੂੰ ਦੁੱਧ ਪਿਆਇਆ ।
ਉੱਚੀ ਸੁਰ 'ਚ ਡੌਰੂ ਆਪ ਬਜਾਇਆ
ਅਤੇ ਤਮਾਸ਼ਾ ਲਾਇਆ ।
ਜਿਸ ਬੁੱਢੇ ਬੀਮਾਰ ਸੱਪ ਨੂੰ
ਗਲ ਆਪਣੇ ਵਿੱਚ ਹਾਰ ਵਾਂਗ ਲਟਕਾਇਆ
ਜੁੜੀ ਭੀੜ ਦੇ ਚੱਕਰ ਦੇ ਵਿੱਚ ਗੇੜਾ ਲਾ ਕੇ
ਹਰ ਇਕ ਮੱਥੇ ਨਾਗ ਛੁਹਾਇਆ ।

ਭੋਲੀ-ਪੱਤੀ ਜ਼ਹਿਰ ਚੜ੍ਹ ਗਈ
ਥਾਂ ਥਾਂ ਲੋਥਾਂ, ਪੱਗਾਂ, ਅੱਗਾਂ
ਘਰ ਘਰ ਪੈਂਦੇ ਵੈਣ ।

ਪਰ ਦੋਸ਼ੀ ਮੱਕਾਰ ਸਪੇਰਾ ਮਨ ਹੀ ਮਨ ਮੁਸਕਾਵੇ
ਉੱਚੀ ਮਾੜੀ ਸਿਖਰੇ ਬੈਠਾ ਬੀਨ ਬਜਾਵੇ ।

ਅੱਜ ਹੋਣੀ ਦਿਲਾਂ ਦੀ ਵੀ ਵਾਂਗ ਸ਼ਹਿਰਾਂ ਹੋ ਗਈ,
ਕੀ ਪਤਾ ਕਿਸ ਮੋੜ 'ਤੇ, ਕੀ ਕੀ ਜਲ੍ਹੇ ਕਿੱਦਾਂ ਜਲ੍ਹੇ ।

ਡਰ ਗਿਆ ਹੈ ਰੱਬ, ਲੱਭਦਾ ਵੀ ਨਹੀਂ 'ਘਰ' ਆਪਣੇ,
ਆਦਮੀ ਨੂੰ ਚੀਰਦੇ, ਭਗਤਾਂ ਦੇ ਤਕ ਕੇ ਹੌਸਲੇ ।

ਕੁਰਸੀਆਂ ਵਾਲੇ ਨੇ ਕਰਦੇ ਹੁਣ ਕ੍ਰਿਸ਼ਮੇ ਇਸ ਤਰ੍ਹਾਂ,
ਕਹਿਣ ਸੁਲਝਾਵਾਂਗੇ ਜੇ, ਤਾਂ ਹੋਰ ਉਲਝਣ ਮਾਮਲੇ ।

ਕਦੋਂ ਤਕ ਕੋਈ ਮਾਸਖੋਰਾ ਜਿੰਨ ਹੀ ਜੰਮਦਾ ਰਹੂ,
ਕਦੋਂ ਤਕ ਇਸ ਕੁੱਖ ਅਭਾਗੀ, ਕੱਟਣ ਬੰਜਰ ਛਿਲੇ ।

ਕੋਈ ਲੋਹਗੜ੍ਹ ਆਦਮੀ ਅੱਜ ਹੀ ਰਚੇ ਬਚਣਾ ਹੈ ਜੇ,
ਟੋਪੀਆਂ, ਪੱਗਾਂ, ਉਸਾਰੀ ਜਾਂਦੀਆਂ ਆਪਣੇ ਕਿਲੇ ।

ਕਵਿਤਾ

ਨਾ ਡੋਲ੍ਹੋ ਆਪਣਾ ਖੂਨ

ਜਸਵੰਤ ਸਿੰਘ "ਬੰਤ"

ਕਿਉਂ ਆਪਣੇ ਹੀ ਭਰਾਵਾਂ ਨੂੰ ਕਰਦੇ ਹੋ ਨਫਰਤ ?
ਤੁਸੀਂ ਸਿੱਖ ਹੋ,
ਉਹ ਹਿੰਦੂ ਹਨ, ਮੁਸਲਮਾਨ ਹਨ
ਕੁਝ ਵੀ ਹਨ । ਪਰ ਆਖਿਰ ਉਹਨਾਂ ਵਿਚ ਵੀ,
ਜਾਨ ਹੈ ।
ਦਿਲ ਹੈ ।
ਅਰਮਾਨ ਹਨ ।
ਨਾ ਪਾਵੋ ਉਏ ਚੰਦਰੀ ਫੁਟ,
ਤੁਸੀ ਕੀ ਜਾਣੋ ? ਕਾਸ਼ ਤੁਹਾਨੂੰ ਪਤਾ ਹੋਵੇ,
ਭਾਈ ਕੀ ਹੁੰਦੇ ਹਨ,
ਯਾਰ ਕੀ ਹੁੰਦੇ ਹਨ,
ਆਪਣਾ ਖੂਨ ਕੌਣ ਹੈ,
ਅਤੇ ਆਪਣਾ ਅਸਲੀ ਖੂਨੀ ਕੌਣ ?

ਆਪਣਾ ਆਪਣੇ ਨੂੰ ਮਾਰਦਾ ਨਹੀਂ,
ਨਾ ਮਾਰੋ ਵੇ ਆਪਣਿਆਂ ਨੂੰ,
ਨਾ ਪਾੜੋ ਵੇ ਹਿੰਦ ਦੀ ਚਾਦਰ ।
ਉਹਨਾਂ ਮਾਵਾਂ ਦੇ ਹੰਝੂ ਦੇਖੋ, ਜਿਹਨਾਂ ਦੇ ਪੁੱਤਰ
ਘਰ ਵਾਪਸ ਨਹੀਂ ਆਏ,
ਨਾ ਹੀ ਸ਼ਾਇਦ ਆਉਣਗੇ ।
ਕਿਉਂਕਿ । ਭਰਾ ਹੀ ਭਰਾ ਨੂੰ ਮਾਰੀ ਜਾਂਦੇ ਹਨ ।
ਖੂਨ ਨਾਲ ਹਿਰਦਾ ਠਾਰੀ ਜਾਂਦੇ ਹਨ ।
ਜੇ ਮਾਰਨਾਂ ਮਾਰੋ ਫੁਟ ਪਾਉਣ ਵਾਲੇ ਨੂੰ,
ਅੱਗਾਂ ਲਾਉਣ ਵਾਲੇ ਨੂੰ ।
ਪਰ ਨਾਂ ਮਾਰੋ ਆਪਣੇ ਭਰਾ,
ਨਾ ਡੋਲ੍ਹੋ ਆਪਣਾ ਖੂਨ ।

ਝੂਠੇ ਗੁਰੂ

ਜਸਵੰਤ ਸਿੰਘ 'ਬੰਤ'

ਆਪਣੇ ਆਪ ਨੂੰ ਗੁਰੂ ਕਹਾਉਂਦੇ ਜੋ,
ਉਹ ਕੌਣ ਹਨ ?
ਪਤਾ ਨਹੀਂ ।
ਕਿਸੇ ਨੂੰ ਪੁੱਛਿਆ ਸੀ,
ਪਰ,
ਇਹ ਧਰਮਾਂ ਦੇ ਗੇੜਾਂ ਵਿਚ ।
ਜਾਤਾਂ ਪਾਤਾਂ ਦੇ ਗੇੜਾਂ ਵਿਚ ।
ਪੈ ਕੇ ਬੰਦਾ ਸਭ ਕੁਝ ਭੁੱਲ ਗਿਆ ਹੈ ।
ਕੋਈ ਜਵਾਬ ਨਹੀਂ ਇਹਨਾਂ ਦਾ,
ਅਣਗਣਿਤ ਖੂਨੀ ਹਨ
ਕਮਜ਼ੋਰ ਨੂੰ ਬਿਨਾਂ ਵਜ੍ਹਾ
ਮਾਰ ਮੁਕਾਉਂਦੇ ਹਨ ।
ਤੇ ਫਿਰ ਕਹਿੰਦੇ ਹਨ
ਇਨਸਾਫ ਹੋ ਗਿਆ ।
ਅਸੀਂ ਗੁਰੂ ਹਾਂ,
ਫਿਰ ਅਸਲੀ ਗੁਰੂ ਕੌਣ ਹੈ ?
ਕਿੱਥੇ ਹੈ ?
ਕਾਸ਼ ਮੈਂ ਤੇ ਹੋਰ ਦੁਨੀਆਂ
ਜਾਣ ਜਾਈਏ
ਝੂਠੇ ਗੁਰੂਆਂ ਨੂੰ ਪਹਿਚਾਣ ਜਾਈਏ ।

ਗੀਤ

ਸੰਤੋਖ ਸਿੰਘ 'ਗਿੱਲ' ਕੈਲੇਫੋਰਨੀਆ

ਮੇਰਾ ਘਰ ਤੇ ਮੇਰਾ ਵਾੜਾ
ਬਣਿਆ ਭੂਕ ਮਾਤਮੀ ਖਾੜਾ
ਗੂੰਜ ਚੌਪਾਸੇ ਵੈਣ ਸਿਆਪਾ
ਘੁਕ ਸ਼ਨਾਟਾ ਵਿਹੜੇ ਭਾਰਾ ।

ਹਰ ਤੀਜੇ ਦਿਨ ਵੱਢ ਵਢਾਂਗਾ
ਹਰ ਚੌਥੇ ਤਹਿਸੀਲੇ ਜਾਣਾ
ਆਏ ਦਿਹੁੰ ਤੁਰੀਆਂ ਰਹਿਣ ਮਕਾਣਾਂ
ਠੰਢੀਆਂ ਹੋਣ ਨਾ ਪਲ ਮਸਾਣਾਂ
ਇਤਿਹਾਸ ਦੇ ਕਿਹੜੇ ਪੰਨੇ ਉਤੇ
ਪੁੱਟਾਂ ਹੱਸ-ਮਖੌਲੀ ਖਾੜਾ ?
ਮੇਰਾ ਘਰ ਤੇ ....।

ਹੱਥੀਂ ਦਾਤੀ ਵੱਢਦਾ ਪੱਠੇ
ਬਾਪ ਨਾ ਘੁੰਮਦਾ ਖੇਤੀਂ ਡਿੱਠਾ
ਉਧੜੀ ਪਗੜੀ ਸੋਚੀਂ ਡੁੱਬਾ
ਚੌਂਤੇ ਸਫਾਂ ਵਿਛਾਕੇ ਬੈਠਾ
ਆਪੇ ਈ ਮਾਰ ਚਪੇੜਾਂ ਰੋਵੇ
ਆਪੇ ਈ ਪੂੰਝੇ ਨੀਰ ਵਿਚਾਰਾ
ਮੇਰਾ ਘਰ ....।

ਵਿਦਿਆਲੇ ਥਾਂ ਸੀਖਾਂ ਅੰਦਰ,
ਨਵਯਵ ਕੋਹੇ ਜਾਵਣ ਚੰਦਰ
ਕਾਲਾ ਕਾਲਾ ਦਿਸੇ ਭਵਿਖਤ
ਕੁੱਟ ਪਵੇ ਜਿਉਂ ਹੋਸੀ ਡੰਗਰ
ਵਾਜ ਨਾ ਉਚੀ ਕਰ ਉਹ ਪਾਵੇ
ਕੱਟੀ ਜੀਭ ਨਾ ਬੋਲਣਹਾਰਾ
ਮੇਰਾ ਘਰ ....।

ਅੱਗ ਨਾ ਚੁਲ੍ਹੇ ਅੰਮੜੀ ਪਾਵੇ
ਧੀ ਨਾ ਡਰਦੀ ਵਾਲ ਵਧਾਵੇ
ਡਰ ਲੋਟੂ ਦਾ ਇੱਜ਼ਤ ਕੰਬੇ
ਕਿਹੜੇ ਵਖਤੀਂ ਲੁੱਟੀ ਜਾਵੇ
ਸਹਿਮੀਂ ਸਹਿਮੀਂ ਖਲਕਤ ਘੁੰਮੇ
ਕੋਈ ਨਾ ਉਚੀ ਭਰੇ ਹੁੰਗਾਰਾ
ਮੇਰਾ ਘਰ ....।

ਡਰਦੇ ਡਰਦੇ ਆਂਦ ਗੁਆਂਢੀ,
ਚਮਚ ਭਰ ਨਾ ਪੁੱਛਣ ਹਾਂਡੀ
ਖਾਲੀ ਨਾੜਾ ਚਿਹਰੇ ਪਿੜੀਆਂ
ਅੱਲਾ ਵੀ ਨਾ ਹੋਵੇ ਸਾਂਝੀ
ਅਤਿ ਨਾ ਕਰਸਾਂ ਤਾਂ ਕਿੰਝ ਮਰਸਾਂ
ਅਵਰ ਨਾ ਕੋਈ ਦਿਸਦਾ ਚਾਰਾ ।

ਮੇਰਾ ਘਰ ਤੇ ਮੇਰਾ ਵਾੜਾ
ਬਣਿਆ ਭੂਕ ਮਾਤਮੀ ਖਾੜਾ
ਗੂੰਜ ਚੌਪਾਸੇ ਵੈਣ ਸਿਆਪਾ
ਘੁਕ ਸ਼ਨਾਟਾ ਵਿਹੜੇ ਭਾਰਾ ।

ਅੰਮ੍ਰਿਤਸਰ ਨੂੰ ਫਿਰਕੂ ਭਾਂਬੜ ਤੋਂ ਬਚਾਉਣ ਦੀ ਲੋੜ — ਸੀ. ਆਰ. ਪੀ. ਦੀ ਭੂਮਿਕਾ ਠੀਕ ਨਹੀਂ

ਅੰਮ੍ਰਿਤਸਰ — ਤ੍ਰਿਸ਼ੂਲ ਧਾਰੀਆਂ ਵੱਲੋਂ ਸਥਾਨਕ ਕਰਫਿਊ ਵਾਲੇ ਖੇਤਰ ਬਾਂਜ਼ਾਰ ਸਿਰਕੀ ਬੰਦਾ ਵਿਚ ਇਕ ਨੌਜਵਾਨ ਬੂਟਾ ਸਿੰਘ ਨੂੰ ਛੁਰਾ ਮਾਰ ਕੇ ਕਤਲ ਕਰ ਦੇਣ ਨਾਲ ਸ਼ਹਿਰ ਵਿਚ ਇਕ ਵਾਰ ਫਿਰ ਫਿਰਕੂ ਤਨਾਅ ਵਿਚ ਵਾਧਾ ਹੋਇਆ ਹੈ। ਵਾਰਦਾਤ ਵੇਲੇ ਕਰਫਿਊ 'ਚ ਢਿੱਲ ਦਿਤੀ ਗਈ ਸੀ। ਇਹ ਵਾਰਦਾਤ ਦਾ ਖੇਤਰ ਆਰ ਐਸ ਐਸ ਦੀ ਬਹੁਤ ਗਿਣਤੀ ਵਾਲੇ ਖੇਤਰ ਕੱਟੜਾ ਦੂਲੋ ਦੇ ਨਾਲ ਦਾ ਹੈ ਜਿਥੇ 20-25 ਤ੍ਰਿਸ਼ੂਲ ਧਾਰੀ ਨੌਜਵਾਨਾਂ ਨੇ ਮ੍ਰਿਤਕ ਨੂੰ ਘੇਰ ਕੇ ਪਹਿਲਾਂ ਮਾਰਕੁਟ ਕੀਤੀ ਤੇ ਫੇਰ ਛੁਰਾ ਮਾਰ ਦਿਤਾ। ਸੁਲਤਾਨ ਵਿੰਡ ਖੇਤਰ ਦਾ ਵਾਸੀ ਉਕਤ ਮ੍ਰਿਤਕ ਬਾਜ਼ਾਰ ਸਿਰਕੀ ਬੰਦਾ ਵਿਖੇ ਆਪਣੀ ਫਰਨੀਚਰ ਦੀ ਦੁਕਾਨ ਤੇ ਜਾ ਰਿਹਾ ਹੈ। ਵਾਰਦਾਤ ਤੋਂ ਬਾਅਦ ਪ੍ਰਸ਼ਾਸਨ ਵੱਲੋਂ ਪੰਜ ਘੰਟੇ ਦੀ ਛੋਟ ਵਿਚੇ ਹੀ ਖਤਮ ਕਰਕੇ ਮੁੜ ਕਰਫਿਊ ਲਾ ਦਿਤਾ ਗਿਆ। ਪੁਰਾਣੇ ਸ਼ਹਿਰ ਦੇ ਕਟੜਾ ਦੂਲੋਂ, ਚਿਟਾ ਕਟੜਾ, ਮਿਸਰੀ ਬਜ਼ਾਰ ਇਸ ਤੋਂ ਇਲਾਵਾ ਲੋਹਗੜ੍ਹ, ਦੁਰਗਿਆਨਾ ਮੰਦਰ ਖੇਤਰ, ਪੁਤਲੀ ਘਰ ਖੇਤਰ, ਗਵਾਲ ਮੰਡੀ ਲਾਗੇ 21 ਜੂਨ ਤੋਂ ਲਗਾਤਾਰ ਛੁਰੇਬਾਜ਼ੀ ਦੀਆਂ 50 ਤੋਂ ਵੀ ਵੱਧ ਘਟਨਾਵਾਂ ਹੋਈਆਂ ਹਨ। 21 ਜੂਨ ਨੂੰ ਹੀ ਪੰਦਰਾਂ ਤੋਂ ਵੱਧ ਛੁਰੇਬਾਜ਼ੀ ਦੀਆਂ ਘਟਨਾਵਾਂ ਹੋਈਆਂ ਜਿਹਨਾਂ ਵਿਚ ਕਈ ਵਿਅਕਤੀ ਫੱਟੜ ਹੋਏ। ਹਾਲਾਂ ਕਿ ਸਰਕਾਰੀ ਸੂਚਨਾ ਅਨੁਸਾਰ ਇਹ ਗਿਣਤੀ ਕਾਫੀ ਘੱਟ ਸੀ। ਕਰਫਿਊ ਤੋਂ ਬਾਹਰ ਵਾਲੇ ਖੇਤਰ ਪੁਤਲੀ ਘਰ ਵਲ ਅਜੇ ਵੀ ਆਏ ਦਿਨ ਛੁਰੇਬਾਜ਼ੀ ਦਾ ਸਿਲਸਿਲਾ ਜਾਰੀ ਹੈ। ਜਿਥੇ ਅਜੇ ਵੀ ਲੋਕਾਂ ਦੀਆਂ ਦੁਕਾਨਾਂ ਨਹੀਂ ਖੁਲਣ ਦਿਤੀਆਂ ਜਾ ਰਹੀਆਂ। ਮੌਕਾ ਮਿਲਣ ਤੇ ਦੁਕਾਨਾਂ ਦੀ ਲੁਟਮਾਰ ਵੀ ਕੀਤੀ ਜਾਂਦੀ ਹੈ।

ਸੁਰਖਿਆ ਦੀ ਮੰਗ

ਪ੍ਰਭਾਵਤ ਲੋਕਾਂ ਵੱਲੋਂ ਵੱਡੀ ਪੱਧਰ ਤੇ ਸ਼ਿਕਾਇਤਾਂ ਕੀਤੀਆਂ ਜਾ ਰਹੀਆਂ ਅਤੇ ਮੰਗ ਕੀਤੀ ਜਾ ਰਹੀ ਹੈ ਕਿ ਉਹਨਾਂ ਦੇ ਜਾਨ-ਮਾਲ ਦੀ ਰਖਿਆ ਕੀਤੀ ਜਾਵੇ ਪਰ ਅਜੇ ਵੀ ਇਹਨਾਂ ਖੇਤਰਾਂ ਵਿਚ ਲੋੜੀਂਦੇ ਸੁਰੱਖਿਆ ਪ੍ਰਬੰਧਾਂ ਦੀ ਘਾਟ ਦੀ ਸ਼ਿਕਾਇਤ ਕੀਤੀ ਜਾ ਰਹੀ ਹੈ। ਇਹ ਸਾਰੇ ਖੇਤਰ ਇਕ ਫਿਰਕੇ ਦੀ ਬਹੁਗਿਣਤੀ ਵਾਲੇ ਹਨ ਜਿਥੇ ਹੁਣ ਵਸਦੇ ਦੂਸਰੇ ਫਿਰਕੇ ਦੇ ਥੋੜ੍ਹੇ ਪਰਿਵਾਰ ਘਰਾਂ ਵਿਚੋਂ ਬਾਹਰ ਨਿਕਲਣੋਂ ਵੀ ਡਰਦੇ ਹਨ ਅਤੇ ਘਰਾਂ ਵਿਚ ਵੀ ਘਬਰਾਉਂਦੇ ਹਨ ਕਿਸੇ ਵੇਲੇ ਵੀ ਉਹਨਾਂ ਦੇ ਘਰਾਂ ਤੇ ਹਮਲਾ ਹੋ ਸਕਦਾ ਹੈ। ਤਾਇਨਾਤ ਸੁਰੱਖਿਆ ਫੋਰਸਾਂ ਤੋਂ ਉਹਨਾਂ ਨੂੰ ਸੁਰੱਖਿਆ ਦੀ ਆਸ ਨਹੀਂ। ਉਪਰੋਕਤ ਵਾਰਦਾਤਾਂ ਅਤੇ ਪੈਦਾ ਹੋਏ ਹਾਲਾਤ ਨੂੰ ਵੇਖਦਿਆਂ ਇੰਜ ਪ੍ਰਤੀਤ ਹੁੰਦਾ ਹੈ ਕਿ ਫਿਰਕੂ ਸਦਭਾਵਨਾਂ ਦਾ ਸੰਦੇਸ਼ ਦੇਣ ਵਾਲੀ ਗੁਰੂ ਰਾਮ ਦਾਸ ਦੀ ਇਸ ਵਰੋਸਾਈ ਨਗਰੀ ਦੇ ਜਨਜੀਵਨ ਵਿਚ ਹੁਣ ਯੋਜਨਾ ਬੱਧ ਤਰੀਕੇ ਨਾਲ ਫਿਰਕੂ ਜ਼ਹਿਰ ਘੋਲਣ ਦੇ ਯਤਨ ਜਾਰੀ ਹਨ। ਇਕ ਫਿਰਕੇ ਵੱਲੋਂ ਦੂਜੇ ਫਿਰਕੇ ਦੇ ਲੋਕਾਂ ਦੇ ਘਰਾਂ ਤੇ ਇਕੱਠੇ ਹੋ ਕੇ ਹਮਲੇ ਕਰਨ ਦੀਆਂ ਵਾਰਦਾਤਾਂ ਇਸ ਨਗਰੀ ਦੇ 400 ਸਾਲਾ ਇਤਿਹਾਸ ਵਿਚ ਪਹਿਲਾਂ ਕਦੀ ਨਹੀਂ ਵੇਖੀਆਂ ਗਈਆਂ। ਸ੍ਰੀ ਗੁਰੂ ਰਾਮਦਾਸ ਨੇ ਇਸ ਨਗਰੀ ਨੂੰ ਵਪਾਰਕ ਪੱਖੋਂ ਵੀ ਅੱਵਲ ਬਨਾਉਣ ਲਈ ਵਖ ਵਖ ਫਿਰਕੇ ਦੇ ਵਪਾਰੀਆਂ ਅਤੇ ਕਾਮਿਆਂ ਨੂੰ ਉਚੇਚੇ ਤੌਰ ਤੇ ਬਿਨਾਂ ਕਿਸੇ ਭੇਦ ਭਾਵ ਦੇ ਇਥੇ ਲਿਆ ਕੇ ਵਸਾਇਆ ਸੀ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਇਸ ਨਗਰੀ ਦੇ ਵਪਾਰਕ ਮਹੱਤਵ ਵਿਚ ਹੋਰ ਵੀ ਵਾਧਾ ਕੀਤਾ। ਇਸ ਪੁਰਾਣੇ ਸ਼ਹਿਰ ਵਿਚ ਸਿੱਖ ਘੱਟ ਗਿਣਤੀ ਵਿਚ ਹਨ ਅਤੇ ਦੂਜੇ ਫਿਰਕੇ ਦੀ ਵਸੋਂ 80 ਫੀਸਦੀ ਹੈ ਸ਼ਹਿਰ ਦੇ ਤਕਰੀਬਨ 52 ਕਟੜਿਆਂ ਵਿਚ ਕਿਸੇ ਇਕ ਕਟੜੇ ਵਿਚ ਵੀ ਸਿੱਖ ਬਹੁਗਿਣਤੀ 'ਚ ਨਹੀਂ ਹਨ। ਦੂਜੇ ਫਿਰਕੇ ਦਾ ਏਨਾ ਅਸਰ ਹੋਣ ਦੇ ਬਾਵਜੂਦ ਸਿਆਸੀ ਆਗੂਆਂ ਅਤੇ ਅਖਬਾਰਾਂ ਵੱਲੋਂ ਇਥੇ ਦੂਜੇ ਫਿਰਕੇ ਦੇ ਲੋਕਾਂ ਨੂੰ ਘੱਟਗਿਣਤੀ ਦੱਸ ਕੇ ਅਸੁਰੱਖਿਆ ਦਾ ਰੌਲਾ ਪਾਇਆ ਜਾ ਰਿਹਾ ਹੈ। ਸ਼ਹਿਰ ਦੀ ਸਥਿਤੀ ਬੜੀ ਖਤਰਨਾਕ ਮੋੜ ਲੈ ਗਈ ਜਾਪਦੀ ਹੈ ਜਿਸ ਲਈ ਸਿਆਸੀ ਅਤੇ ਸਮਾਜਕ ਸੰਗਠਨ ਵੀ ਜ਼ਿੰਮੇਂਵਾਰੀ ਤੋਂ ਨਹੀਂ ਬਚ ਸਕਦੇ। ਜੇ ਅਜੇ ਵੀ ਸਿਆਸੀ ਅਤੇ ਵੱਖ ਵੱਖ ਫਿਰਕਿਆਂ ਦੇ ਆਗੂਆਂ ਵਲੋਂ ਨਿਰਪੱਖ ਅਤੇ ਉਸਾਰੂ ਭੂਮਿਕਾ ਨਾ ਨਿਭਾਈ ਗਈ ਤਾਂ ਸਥਿਤੀ ਹੋਰ ਵਿਸਫੋਟਕ ਹੋਣ ਜਾਣ ਦੇ ਹਾਲਤ ਨੂੰ ਬਹੁਤਾ ਚਿਰ ਲਈ ਟਾਲਿਆ ਜਾ ਸਕਣਾ ਸੰਭਵ ਨਹੀਂ ਹੋ ਸਕੇਗਾ।

ਮੁਖ ਮੰਤਰੀ ਦੀ ਵਾਰਨਿੰਗ

ਇਕ ਫਿਰਕੇ ਤੇ ਹੋ ਰਹੇ ਹਮਲਿਆਂ ਬਾਰੇ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੇ ਹਿਂਦੂ ਸੰਗਠਨਾਂ ਦੇ ਵਫਦਾਂ ਨੂੰ ਸਖਤ ਚੇਤਾਵਨੀ ਵੀ ਦੇਣੀ ਪਈ ਸੀ ਕਿ ਜੇ ਛੁਰੇਬਾਜ਼ੀ ਦੀਆਂ ਵਾਰਦਾਤਾਂ ਬੰਦ ਨਾ ਹੋਈਆਂ ਤਾਂ ਸਰਕਾਰ ਨੂੰ ਸਖਤ ਕਦਮ ਚੁਕਣੇ ਪੈਣਗੇ। ਉਹਨਾਂ ਇਹ ਵੀ ਚਿਤਾਵਨੀ ਦਿਤੀ ਸੀ ਕਿ ਸੀ. ਆਈ. ਡੀ. ਦੀ ਰਿਪੋਰਟ ਅਨੁਸਾਰ ਕੁਝ ਧਾਰਮਕ ਅਸਥਾਨਾਂ ਤੋਂ ਸ਼ਿਵ ਸੈਨਾ ਵਰਕਰਾਂ ਨੂੰ ਹਥਿਆਰ ਮਿਲਦੇ ਹਨ। ਸੁਰਖਿਆ ਬਲਾਂ ਦੀ ਪੱਖਪਾਤੀ ਭੂਮਿਕਾ ਨੇ ਵੀ ਸ਼ਹਿਰ ਦੀ ਵਿਗੜੀ ਸਥਿਤੀ ਅਤੇ ਛੁਰੇਬਾਜ਼ਾਂ ਦੇ ਹੌਂਸਲਿਆਂ ਵਿਚ ਭਾਰੀ ਵਾਧਾ ਕੀਤਾ ਹੈ। ਆਮ ਤੌਰ ਤੇ ਇਹ ਵਾਰਦਾਤਾਂ ਸੀ. ਆਰ. ਪੀ. ਦੇ ਪ੍ਰਭਾਵ ਵਾਲੇ ਖੇਤਰਾਂ ਵਿਚ ਹੁੰਦੀਆਂ ਹਨ। ਇੰਜ ਲਗਦਾ ਹੈ ਕਿ ਅਜਿਹੇ ਅਨਸਰ ਇਹਨਾਂ ਥਾਵਾਂ ਤੇ ਹੀ ਅਜਿਹੀਆਂ ਵਾਰਦਾਤਾਂ ਕਰਕੇ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦੇ ਹਨ। ਅਜੇ ਤੱਕ ਇਸ ਮਾਮਲੇ ਵਿਚ ਇਨ੍ਹਾਂ ਖੇਤਰਾਂ 'ਚ ਕਿਸੇ ਇਕ ਵਿਅਕਤੀ ਦੀ ਗ੍ਰਿਫਤਾਰੀ ਸੰਭਵ ਨਹੀਂ ਹੋ ਸਕਦੀ ਜਦਕਿ ਦੂਜੇ ਪਾਸੇ ਦੰਗਾ ਪੀੜਤ ਪਰਿਵਾਰ ਕਮੇਟੀ ਦੇ ਪ੍ਰਧਾਨ ਦੀ ਸੀ. ਆਰ. ਪੀ. ਦੇ ਹਥੋਂ ਮੌਤ ਪਿਛੋਂ ਅਰਥੀ ਦੇ ਜਲੂਸ ਵਿਚ ਹੋਈ ਗੜਬੜ ਸਮੇਂ ਪ੍ਰਸ਼ਾਸਨ ਇਕ ਦਮ ਹਰਕਤ ਵਿਚ ਆ ਗਿਆ ਸੀ ਅਤੇ ਉਸ ਵੇਲੇ ਕਰਫਿਊ ਲਾਇਆ ਗਿਆ। ਉਸੇ ਰਾਤ ਹੀ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਅਤੇ ਗੁਰੂ ਰਾਮਸਰ ਵਿਖੇ ਛਾਪਾ ਮਾਰ ਕੇ 53 ਵਿਅਕਤੀਆਂ ਨੂੰ ਫੜ ਲਿਆ ਗਿਆ। ਇਨ੍ਹਾਂ ਵਿਚ ਕੋਈ ਇਕ ਵੀ ਦੋਸ਼ੀ ਵਿਅਕਤੀ ਨਹੀਂ ਫੜਿਆ ਗਿਆ। ਦੂਜੇ ਪਾਸੇ ਪੁਤਲੀ ਘਰ ਦੁਰਗਿਆਨਾ ਮੰਦਰ ਖੇਤਰ ਲਾਗੇ ਛੁਰੇਬਾਜ਼ੀ ਦੀਆਂ ਵਾਰਦਾਤਾਂ ਵਿਚ ਵਾਧਾ ਹੋਣ ਦੇ ਬਾਵਜੂਦ ਪੁਲਸ ਅਜੇ ਹਰਕਤ ਵਿਚ ਨਹੀਂ ਆਈ। ਸ਼ਹਿਰ 'ਚ ਆਮ ਚਰਚਾ ਹੈ ਕਿ ਜੇ ਇਸ ਨਾਜ਼ੁਕ ਮੌਕੇ ਵੇਲੇ ਪ੍ਰਸ਼ਾਸਨ ਵਲੋਂ ਨਿਰਪੱਖ ਰੂਪ ਵਿਚ ਹਰ ਦੋਸ਼ੀ ਭਾਵੇਂ ਉਹ ਕਿਸੇ ਵੀ ਫਿਰਕੇ ਦਾ ਹੋਵੇ ਵਿਰੁੱਧ ਸਖਤੀ ਨਾਲ ਕਾਰਵਾਈ ਨਾ ਕੀਤੀ ਗਈ ਤਾਂ ਹਾਲਾਤ ਸੁਧਰਨ ਦੀ ਥਾਂ ਹੋਰ ਵਿਗੜ ਸਕਦੇ ਹਨ।

ਇੰਡੀਅਨ ਵਰਕਰਜ਼ ਐਸੋ: ਗ੍ਰੇਟ ਬ੍ਰਿਟਨ ਬਾਰੇ ਇਕ ਝਾਤ

ਇੰਡੀਅਨ ਵਰਕਰਜ਼ ਐਸੋਸੀਏਸ਼ਨ ਸਾਊਥਆਲ ਇੰਗਲੈਂਡ ਬਾਰੇ ਤੁਸੀਂ ਬੜਾ ਕੁਝ ਸੁਣਿਆ ਤੇ ਜਾਣਦੇ ਹੋਵੋਗੇ। ਪਰ ਜੋ ਇਹ ਜਥੇਬੰਦੀ ਅਜ ਹੈ ਤੇ ਜਿਸ ਤਰ੍ਹਾਂ ਲੋਕਾਂ ਵਿਚ ਮਜ਼ਬੂਤ ਹੈ ਇਹ ਸ਼ੁਰੂ ਵਿਚ ਇਸ ਤਰ੍ਹਾਂ ਨਹੀਂ ਸੀ। ਇਸ ਦੀ ਆਪਣੀ ਇਕ ਲੰਮੀ ਕਹਾਣੀ ਹੈ। ਇਹ ਜਥੇਬੰਦੀ ਆਪਣੇ ਇਤਿਹਾਸ ਵਿਚ ਕਈ ਔਖੀਆਂ ਘਾਟੀਆਂ ਚੜ੍ਹ ਕੇ ਆਈ ਹੈ। ਇਸ ਦੀ ਬੁਨਿਆਦ ਭਾਵੇਂ ਕ੍ਰਿਸ਼ਨਾ ਮੇਨਨ ਤੇ ਸਰੋਜਨੀ ਨਾਇਡੋ ਵਰਗਿਆਂ ਨੇ ਰੱਖੀ ਸੀ ਤੇ ਆਜ਼ਾਦੀ ਤੋਂ ਪਹਿਲਾਂ ਇਸ ਦਾ ਇੰਗਲੈਂਡ 'ਚ ਬੜਾ ਮਹੱਤਵਪੂਰਨ ਰੋਲ ਸੀ, ਇਸ ਜਥੇਬੰਦੀ ਰਾਹੀਂ ਇਨ੍ਹਾਂ ਲੀਡਰਾਂ ਨੇ ਇੰਗਲੈਂਡ 'ਚ ਰਹਿੰਦੇ ਹਿੰਦੋਸਤਾਨੀ ਲੋਕਾਂ 'ਚ ਆਜ਼ਾਦੀ ਲਈ ਜਦੋਜਹਿਦ ਨੂੰ ਮਜ਼ਬੂਤ ਕੀਤਾ ਤੇ ਨਾਲ ਹੀ ਅੰਗਰੇਜ਼ ਲੋਕਾਂ ਤੱਕ ਹਿੰਦੋਸਤਾਨ ਦੀ ਆਜ਼ਾਦੀ ਦੀ ਹੱਕੀ ਮੰਗ ਨੂੰ ਪੁਚਾਇਆ। ਇਸੇ ਜਥੇਬੰਦੀ ਦੀ ਸਟੇਜ ਤੋਂ ਕ੍ਰਿਸ਼ਨਾ ਮੇਨਨ ਤੇ ਸਰੋਜਨੀ ਨਾਇਡੋ ਨੇ ਲੰਡਨ ਦੀ ਮਸ਼ਹੂਰ ਹਾਈਡ ਪਾਰਕ ਵਿਚ ਹਿੰਦੋਸਤਾਨ ਦੀ ਆਜ਼ਾਦੀ ਦੀ ਮੰਗ ਦੀਆਂ ਗੂੰਜਾਂ ਪਾਈਆਂ ਉਸ ਵੇਲੇ ਕ੍ਰਿਸ਼ਨਾ ਮੇਨਨ ਲੰਡਨ ਦੀ ਕੌਂਸਲ ਦੇ ਮੈਂਬਰ ਭੀ ਸਨ। ਇਸੇ ਜਥੇਬੰਦੀ ਰਾਹੀਂ ਇਦਾਂ ਤੇ ਹੋਰ ਬਹੁਤ ਸਾਰੇ ਲੀਡਰਾਂ ਨੇ ਆਜ਼ਾਦੀ ਦੀ ਮੰਗ ਨੂੰ ਲੋਕਾਂ ਤੱਕ ਪੁਚਾਇਆ ਪਰ ਆਜ਼ਾਦੀ ਤੋਂ ਮਗਰੋਂ ਇਹ ਬਹੁਤੀ ਐਕਟਿਵ ਨਾ ਰਹੀ। ਹੌਲੀ ਹੌਲੀ ਇਸਦੇ ਫੰਕਸ਼ਨ ਆਜ਼ਾਦੀ ਦਿਨ ਤੇ ਹੋਰ ਤਿਉਹਾਰ ਮਨਾਉਣ ਤਕ ਹੀ ਰਹਿ ਗਏ ਤੇ ਫਿਰ ਕਿਸੇ ਤਰ੍ਹਾਂ ਇਸ ਮਹਾਨ ਜਥੇਬੰਦੀ ਨੇ 1953 ਵਿਚ ਫਿਰ ਸਰਗਰਮ ਹੋਣਾ ਸ਼ੁਰੂ ਕੀਤੀ ਤੇ ਦਿਨਾਂ ਔਕੜਾਂ ਰਾਹੀਂ ਅਜ ਦੀ ਸਟੇਜ ਤੇ ਪਹੁੰਚੀ ਹੈ। ਤੇ ਇਸ ਦੀ 33 ਸਾਲ ਦੀ ਲਗਾਤਾਰ ਜਦੋ ਜਹਿਦ ਵਿਚ ਸ: ਰਤਨ ਸਿੰਘ, ਸ: ਅਮਰ ਸਿੰਘ ਤੱਖਰ, ਅਜੀਤ ਸਿੱਧੂ, ਸ: ਜਸਵੰਤ ਸਿੰਘ ਧਾਮੀ, ਅਜੀਤ ਰਾਏ, ਸ: ਹਰਬੰਸ ਸਿੰਘ ਰੂਪਰਾਏ, ਪੰਡਤ ਬਿਸ਼ਨ ਦੱਤ ਸ਼ਰਮਾ, ਸ: ਸਰਦੂਲ ਸਿੰਘ ਗਿੱਲ, ਮਾਸਟਰ ਤਰਸੇਮ ਤੂਰ ਤੇ ਅਜ ਦੇ ਪਰਧਾਨ ਪਿਆਰ ਸਿੰਘ ਖਾਬੜਾ ਆਦਿ ਨੇ ਹਿੱਸਾ ਪਾਇਆ। ਅਗਲੇ ਅੰਕ ਤੋਂ ਅਜੀਤ ਸਿੱਧੂ ਇਸ ਸੰਸਥਾ ਬਾਰੇ ਜਾਣਕਾਰੀ ਦੇਣਗੇ ਡੋਮੀਨੀਅਨ ਸਿਨਮਾ ਸਾਊਥਆਲ ਬਾਰੇ ਅਗਲੇ ਅੰਕ ਵਿਚ ਪੜ੍ਹੋ।

ਮਸਲਾ ਪੰਜਾਬ ਦੇ ਵੀਜ਼ੇ ਦਾ

ਯੁਵਰਾਜ ਰਤਨ

ਕਦੇ ਚਿੱਤ ਚੇਤੇ ਵੀ ਨਹੀਂ ਸੀ, ਜਿਸ ਧਰਤੀ ਨੇ ਜਨਮ ਦਿਤਾ ਹੋਵੇ ਉਸ ਨੂੰ ਮੁੜ ਵੇਖਣ ਦੀ ਲਾਲਸਾ ਲਈ ਐਨੇ ਬੰਧਨ ਕੱਟਕੇ ਵੇਖਣਾ ਨਸੀਬ ਹੋਵੇ। ਤੇ ਉਹ ਵੀ ਆਪਣੀ ਹੀ ਮਾਂ-ਭੂਮੀ।

ਪਰਵਾਰ ਵਿਚ ਅਣ-ਸੁਖਾਵਾਂ ਵਾਤਾਵਰਣ ਪੈਦਾ ਹੋਣ ਕਰਕੇ ਮੈਨੂੰ ਜਲਦੀ ਵਿਚ ਪੰਜਾਬ ਜਾਣਾ ਪੈ ਗਿਆ। ਮੈਂ ਆਈ ਤਾਰ ਵੀਜ਼ੇ ਦੀ ਅਰਜੀ ਨਾਲ ਨੱਥੀ ਕਰਕੇ ਕੌਂਸਲੇਟ ਜਨਰਲ ਭਾਰਤ, ਨੂੰ ਟਰਾਂਟੋ ਭੇਜ ਦਿੱਤੀ। ਉਨ੍ਹਾਂ ਮੈਨੂੰ ਵੀਜ਼ਾ ਦਿੱਲੀ ਦਾ ਲਾ ਕੇ ਵਾਪਸ ਪਾਸਪੋਰਟ ਭੇਜ ਦਿਤਾ। ਨਾਲ ਹੀ ਹਦਾਇਤ ਭੇਜ ਦਿਤੀ ਪੰਜਾਬ ਦਾ ਵੀਜ਼ਾ ਦਿੱਲੀ ਤੋਂ ਗ੍ਰਹਿ-ਵਿਭਾਗ ਦੇਵੇਗਾ। ਮੇਰੇ ਮਨ ਨੂੰ ਕਾਫੀ ਠੇਸ ਪਹੁੰਚੀ ਕਿ ਇਕ ਘਰੋਂ ਦੁੱਖੀ ਤਾਰ ਆਈ ਹੈ, ਦੂਸਰਾ ਪੰਜਾਬ ਦਾ ਵੀਜ਼ਾ ਤਾਰ ਵੇਖ ਕੇ ਵੀ ਨਹੀਂ ਦਿਤਾ। ਜਿਸ ਦਿਨ ਮੇਰੀ ਟਰਾਂਟੋ ਤੋਂ ਦਿੱਲੀ ਨੂੰ ਉਡਾਣ ਸੀ। ਉਸ ਸਵੇਰੇ ਮੈਂ ਵਿੰਨੀਪੈਗ ਤੋਂ ਟਰਾਂਟੋ ਲਈ ਰਵਾਨਾ ਹੋ ਗਿਆ — ਵਿਚਾਲੇ ਛੇ ਘੰਟੇ ਦਾ ਸਮਾਂ ਸੀ। ਮੈਂ ਹਵਾਈ ਅੱਡੇ ਟਰਾਂਟੋ ਤੋਂ ਉਤਰਕੇ ਸਿੱਧਾ ਭਾਰਤ ਦੇ ਕੌਂਸਲੇਟ ਜਨਰਲ ਦੇ ਦਫਤਰ ਜਾ ਪੁੱਜਾ। ਉਥੇ ਦਫਤਰ ਚਾਰੇ ਪਾਸਿਉਂ ਜਿੰਦੇਬੰਦ ਸੀ। ਇਕ ਆਰ. ਸੀ. ਐਮ. ਪੀ. ਦਾ ਸਿਪਾਹੀ ਨਾਲ ਹੀ ਕੁਰਸੀ ਤੇ ਬੈਠਾ ਆਉਂਦੇ ਜਾਂਦੇ ਨੂੰ ਤਾੜਵੀਆਂ ਨਜ਼ਰਾਂ ਨਾਲ ਵੇਖਦਾ ਸੀ। ਮੈਂ ਸੈਕਟਰੀ - ਕੁੜੀ ਨਾਲ ਗੱਲ ਕੀਤੀ ਤੇ ਵੀਜ਼ਾ ਅਫਸਰ ਨਾਲ ਮੁਲਾਕਾਤ ਲਈ ਬੇਨਤੀ ਕੀਤੀ।

ਦਸ ਕੁ ਮਿੰਟ ਇਤਜ਼ਾਰ ਕਰਨ ਮਗਰੋਂ ਇਕ ਆਦਮੀ ਬਾਹਰ ਆਇਆ ਤੇ ਕਹਿਣ ਲੱਗਾ, ਯੁਵਰਾਜ ਰਤਨ ਕੌਣ ਹੈ। ਮੈਂ ਉਸ ਕੋਲ ਚਲਾ ਗਿਆ ਤੇ ਅਸੀਂ ਦੋਵੇਂ ਲੌਬੀ ਵਿਚ ਬਾਹਰ ਹੀ ਬੈਠ ਗਏ -

"ਮੈਂ ਵੀਜ਼ਾ ਅਫਸਰ ਸ਼ਰਮਾਂ ਹਾਂ, ਤੇ ਤੁਹਾਨੂੰ ਕੀ ਕੰਮ ਹੈ ?"

ਮੈਂ ਆਪਣਾ ਪਾਸਪੋਰਟ ਤੇ ਤਾਰ ਜੋ ਘਰੋਂ ਆਈ ਸੀ ਉਸਦੀ ਫੋਟੋ ਸਟੇਟ ਉਸਨੂੰ ਵਿਖਾਈ ਤੇ ਕਿਹਾ ਮੈਂ ਵੀਜ਼ਾ-ਅਰਜ਼ੀ ਵਿਚ ਪੰਜਾਬ ਦੇ ਵੀਜ਼ੇ ਲਈ ਮੰਗ ਕੀਤੀ ਸੀ ਤੇ ਅਸਲੀ ਤਾਰ ਮੈਂ ਅਰਜ਼ੀ ਨਾਲ ਨੱਥੀ ਕਰ ਦਿੱਤੀ ਸੀ।

ਉਸਨੇ ਹੱਥ ਖੜੇ ਕਰ ਦਿੱਤੇ ਤੇ ਕਿਹਾ, "ਮੈਨੂੰ ਅਫਸੋਸ ਹੈ, ਮੈਂ ਕੁਝ ਨਹੀਂ ਕਰ ਸਕਦਾ ਤੇ ਤੁਹਾਨੂੰ ਪੰਜਾਬ ਦਾ ਵੀਜ਼ਾ ਹੁਣ ਦਿੱਲੀ ਤੋਂ ਹੀ ਮਿਲੇਗਾ। ਉਥੇ ਜਾ ਕੇ ਲੈ ਲੈਣਾ।"

ਵੀਜ਼ਾ ਅਫਸਰ ਦਾ ਐਨਾ ਠੰਡਾ ਵਤੀਰਾ ਸੀ ਕਿ ਬਿਆਨ ਨਹੀਂ ਕੀਤਾ ਜਾ ਸਕਦਾ। ਫਿਰ ਵਾਪਸ ਸੈਕਟਰੀ-ਕੁੜੀ ਕੋਲ ਗਿਆ ਤੇ ਕੌਂਸਲੇਟ ਜਨਰਲ ਨੂੰ ਮਿਲਣ ਲਈ ਫਿਰ ਬੇਨਤੀ ਕੀਤੀ। ਉਸਨੇ ਇਕ ਕਾਗਜ਼ ਦਾ ਟੁਕੜਾ ਅੱਗੇ ਕੀਤੇ ਤੇ ਕਿਹਾ, "ਇਸ ਪੇਪਰ ਤੇ ਆਪਣਾ ਨਾਂ ਤੇ ਪਤਾ ਲਿਖ ਦੇਵੋ, ਹਾਂ ਹਾਲੇ ਸਾਹਿਬ ਵਿਹਲਾ ਨਹੀਂ ਹੈ ਤੇ ਤੁਹਾਨੂੰ ਇੰਤਜ਼ਾਰ ਕਰਨੀ ਪਵੇਗੀ।"

ਕਿੰਨ੍ਹੀ ਕੁ ਦੇਰ ?

"ਮੈਂ ਕੁਝ ਨਹੀਂ ਕਹਿ ਸਕਦੀ।" ਕੁੜੀ ਦਾ ਉਤਰ ਸੀ।

ਮੈਂ ਮਨ ਹੀ ਮਨ ਵਿਚ ਇਸ ਦਫਤਰੀ ਅਮਲੇ ਫੈਲੇ ਨੂੰ ਬੁਰਾ-ਭਲਾ ਕਿਹਾ। ਇਹ ਭਾਰਤੀ ਦੂਸਰੇ ਦੇਸ਼ਾਂ ਵਿਚ ਆ ਕੇ ਉਨ੍ਹਾਂ ਦਾ ਵਰਤਾਉ-ਢੰਗ, ਉਨ੍ਹਾਂ ਵਿਚ ਰਹਿੰਦੇ ਹੋਏ ਵੀ ਨਹੀਂ ਅਪਨਾ ਰਹੇ। ਉਹੀ ਖੂੰ-ਖਾਰ ਵਤੀਰਾ। ਮੈਨੂੰ ਰੱਤੀ ਜਿੰਨਾ ਵੀ ਫਰਕ ਨਹੀਂ ਦਿਸਿਆ। ਇਥੇ ਤੇ ਮੋਗੇ ਦੇ ਦਫਤਰ ਦੇ ਕਰਮਚਾਰੀਆਂ ਵਿਚ।

ਚਲੋ ! ਇੰਤਜ਼ਾਰ ਕਰਨੀ ਸ਼ੁਰੂ ਕਰ ਦਿੱਤੀ ਤੇ ਇਹ ਮਨ ਬਣਾ ਲਿਆ ਦਿੱਲੀ ਦਾ ਵੀਜ਼ਾ ਤਾਂ ਹੈ ਹੀ ਹੈ। ਜੇ ਪੰਜਾਬ ਦਾ ਨਹੀਂ ਵੀ ਮਿਲਦਾ ਤਾਂ ਨਾ ਸਹੀ। ਹੁਣ ਇਥੇ ਦਫਤਰ ਜਦੋਂ ਆ ਹੀ ਗਏ ਤਾਂ ਕੌਂਸਲੇਟ ਜਨਰਲ ਨੂੰ ਮਿਲੇ ਬਿਨਾਂ ਨਹੀਂ ਜਾਣਾ - ਇਹ ਪੱਕੀ ਮੈਂ ਠਾਣ ਲਈ ਸੀ। ਪੁਰਾਣੀ ਕਹਾਵਤ ਅਨੁਸਾਰ 'ਕਾਜੀ ਸਬਕ ਨਾ ਦਿਊ, ਘਰ ਕੋਹੜਾ ਰੱਖ ਲਊ' ਮੇਰੇ ਚਿਹਨ 'ਚ ਘੁੰਮਣ ਲੱਗੀ। ਕਰਦੇ ਕਰਾਉਂਦੇ ਘੰਟੇ ਕੁ ਮਗਰੋਂ ਅਵਾਜ਼ ਪਈ ਤੇ ਦਫਤਰ ਦਾ ਦਰਵਾਜ਼ਾ ਜਿਹੜਾ ਹਮੇਸ਼ਾਂ ਹੀ ਜਿੰਦੇਬੰਦ ਸੀ, ਸੈਕਟਰੀ-ਕੁੜੀ ਨੇ ਬਟਨ ਦਬਾਇਆ ਤੇ ਦਰਵਾਜ਼ਾ ਟੀਂ ਕਰਕੇ ਖੁਲ੍ਹ ਗਿਆ। ਮੈਂ ਅੰਦਰ ਜਾਂਦੇ ਕੀ ਵੇਖ ਰਿਹਾ ਹਾਂ, ਇਕ ਵੱਡੇ ਸਾਰੇ ਕਮਰੇ ਵਿਚ ਮਿਲਟਰੀ-ਅਫਸਰ ਦੀ ਬਣਤਰ ਵਿਚ ਵੱਡੀਆਂ ਵੱਡੀਆਂ ਮੁੱਛਾਂ ਵਾਲਾ ਬਾਬੂ ਮਲਕ ਹੋਰੀਂ ਬਿਰਾਜਮਾਨ ਸਨ।

"ਸੁਣਾਉ ਯੁਵਰਾਜ ਸਿੰਘ ਜੀ ਤੁਹਾਨੂੰ ਕੀ ਤਕਲੀਫ ਹੈ ?"

ਮੇਰਾ ਜਵਾਬ ਵੀ ਬੜਾ ਹੀ ਸ਼ੀਘਰ ਸੀ ਤੇ ਕਿਹਾ ਮੈਂ ਆਪਣੀ ਤਕਲੀਫ ਤਾਂ ਪਿਛਲੇ ਹਫਤੇ ਅਰਜ਼ੀ ਵਿਚ ਦੱਸ ਚੁੱਕਾ ਹਾਂ, ਪਰ ਉਹ ਤੁਹਾਡੇ ਦਫਤਰ ਨੇ ਦੂਰ ਨਹੀਂ ਕੀਤੀ। ਇਸ ਕਰਕੇ ਮੈਂ ਆਪ ਹਾਜ਼ਰ ਹੋਇਆ ਹਾਂ।"

ਮਲਕ ਨੇ ਘੰਟੀ ਵਜਾਈ ਤੇ ਮੇਰੀ ਫਾਈਲ ਲਿਆਉਣ ਲਈ ਅੰਦਰ ਆਈ ਕੁੜੀ ਨੂੰ ਕਿਹਾ। ਉਸ ਕੁੜੀ ਨੇ ਮੇਰੀ ਫਾਈਲ ਮੇਜ਼ ਤੇ ਰੱਖਕੇ ਪਿਛਲੇ ਪੈਰੀਂ ਕਮਰੇ ਚੋਂ ਬਾਹਰ ਚਲੀ ਗਈ।

"ਹਾਂ ! ਵੀਜ਼ਾ ਤਾਂ ਤੁਹਾਨੂੰ ਮਿਲ ਚੁਕਿਆ ਹੈ। ਹੋਰ ਹੁਣ ਤੁਹਾਨੂੰ ਕੀ ਚਾਹੀਦਾ ਹੈ। ਪੰਜਾਬ ਦਾ ਤੁਸੀਂ ਦਿੱਲੀ ਤੋਂ ਜਾ ਕੇ ਲੈ ਲੈਣਾ।"

ਬਿਲਕੁਲ ਵੀਜ਼ੇ ਅਫਸਰ ਵਾਲੀ ਬੋਲੀ ਮਲਕ ਬੋਲਿਆ।

ਮੈਂ ਕੜਕ ਕੇ ਬੋਲਿਆ, ਜੇ ਇਹੋ ਹਾਲਤ ਮਿਸਟਰ ਮਲਕ ਤੇਰੇ ਪਰਵਾਰ ਵਿਚ ਹੋਵੇ ਤੇ ਤੇਰੇ ਤੇ ਕੀ ਗੁਜ਼ਰੇਗੀ। ਫਿਰ ਤੁਹਾਡੇ ਕੋਲ ਉਨ੍ਹਾਂ ਨਾਵਾਂ ਦੀ ਸੂਚੀ ਹੈ ਜੋ ਅਤਿਵਾਦੀਏ ਹਨ। ਉਨ੍ਹਾਂ ਦੀ ਲਪੇਟ ਵਿਚ ਹੀ ਆਸਾਡੇ ਵਰਗਿਆਂ ਨੂੰ ਘਸੀਟ ਰਹੇ ਹੋ ? ਤੇ ਦੂਸਰੀ ਗੱਲ ਮੈਂ ਐਮਰਜੈਂਸੀ ਤੇ ਅਣ-ਸੁਖਾਵੇਂ ਵਾਤਾਵਰਣ ਵਿਚ ਜਾ ਰਿਹਾ ਹਾਂ। ਫਿਰ ਦਿੱਲੀ ਦੇ ਦਫਤਰ ਵਿਚੋਂ ਵੀਜ਼ਾ ਲੈਣਾ ਕੋਈ ਖਾਲਾ ਜੀ ਦਾ ਵਾੜਾ। ਹਫਤਾ ਖੰਡ ਰੁਲਣ ਵਾਲੀ ਗੱਲ ਹੈ। ਤੇ ਮੈਂ ਜਾਣਾ ਦਿੱਲੀ ਤੋਂ ਸਿੱਧਾ ਸਤੌੜ ਹੀ ਹੈ।

ਮਿਸਟਰ ਮਲਕ ਭਰਿਆ ਪੀਤਾ ਮੇਰੇ ਵੱਲ ਵੇਖਕੇ ਕਹਿਣ ਲੱਗਾ, "ਯੁਵਰਾਜ ਜੀ, ਲੋਕ ਬੜੇ ਹੀ ਖੁਦਗਰਜ਼ ਹਨ। ਪਿਛਲੇ ਹਫਤੇ ਇਕ ਆਦਮੀ ਨੂੰ ਐਮਰਜੈਂਸੀ ਪੈ ਗਈ ਤੇ ਉਸਨੇ ਫੂਨ ਕੀਤਾ ਕਿ ਮਿ: ਮਲਕ ਮੈਨੂੰ ਇਸੀ ਵਕਤ ਵੀਜ਼ਾ ਚਾਹੀਦਾ ਹੈ। ਤੇ ਦਿਨ ਵੀ ਐਤਵਾਰ ਸੀ। ਮੈਂ ਕਿਹਾ ਤੁਸੀਂ ਮੇਰੇ ਦਫਤਰ ਅੱਧੇ ਘੰਟੇ ਤੀਕ ਪਹੁੰਚ ਜਾਣਾ, ਮੈਂ ਤੁਹਾਨੂੰ ਉਥੇ ਮਿਲਦਾ ਹਾਂ। ਮੈਂ ਦਫਤਰ ਪਹੁੰਚਕੇ ਉਸ ਆਦਮੀ ਦੀ ਦੋ-ਤਿੰਨ ਘੰਟੇ ਉਡੀਕ ਕੀਤੀ। ਹਾਰ ਕੇ ਮੈਂ ਘਰ ਚਲਾ ਗਿਆ, ਪਰ ਉਹ ਨਹੀਂ ਆਇਆ।" ਮੈਨੂੰ ਮਿਸਟਰ ਮਲਕ ਦੀ ਇਹ ਘੜੀ ਘੜਾਈ ਕਹਾਣੀ ਹਾਸੋਹੀਣੀ ਇਸ ਕਰਕੇ ਲੱਗੀ ਕਿ ਮੈਨੂੰ ਐਮਰਜੈਂਸੀ ਹੈ ਤੇ ਮੈਂ ਮਲਕ ਦੇ ਦਫਤਰ ਵਿਚ ਬੈਠਾ ਹਾਂ ਤੇ ਦਿਨ ਵੀ ਮੰਗਲਵਾਰ ਹੈ, ਐਤਵਾਰ ਨਹੀਂ। ਮੈਂ ਪੰਜਾਬ ਦੇ ਵੀਜ਼ੇ ਲਈ ਕਹਿ ਰਿਹਾ ਹਾਂ। ਦੂਸਰਾ ਭਾਰਤੀ ਦਫਤਰਾਂ ਦੇ ਕਰਿੰਦੇ ਕੰਮ ਕਰਨ ਦੇ ਦਿਨਾਂ ਵਿਚ ਘੱਟ ਵੱਧ ਹੀ ਦਫਤਰਾਂ ਵਿਚ ਬੈਠਦੇ ਹਨ ਤੇ ਉਸੇ ਦਫਤਰ ਦਾ ਮੁੱਖੀ ਐਤਵਾਰ ਨੂੰ ਆ ਕੇ ਖੁਦ ਦਫਤਰ ਖੋਲ੍ਹੇ ਇਕ ਥੋਥੀ ਤੇ ਹਾਸੋਹੀਣੀ ਗੱਲ ਜਾਪੀ।

ਮੇਰੀ ਅਰਜ਼ੀ ਗਹੁ ਨਾਲ ਵੇਖਕੇ ਤੇ ਮੇਰੇ ਵਤੀਰੇ ਦੇ ਪ੍ਰਤੀਕਰਮ ਵਿਚ ਸ਼ਰਮੋ ਸ਼ਰਮੀ ਉਸਨੂੰ ਪੰਜਾਬ ਦਾ ਵੀਜ਼ਾ ਦੇਣਾ ਪਿਆ।

"ਮਿਸਟਰ ਯੁਵਰਾਜ ! ਆਪ ਪੰਦਰਾਂ ਮਿੰਟ ਬਾਹਰ ਬੈਠੋ ਤੇ ਮੈਂ ਹੁਣੇ ਹੀ ਪੰਜਾਬ ਦਾ ਵੀਜ਼ਾ ਲਾ ਦਿੰਦਾ ਹਾਂ।"

ਪੰਦਰਾਂ ਮਿੰਟ, ਅੱਧਾ ਘੰਟਾ ਗਲ ਕੀ ਇਕ ਘੰਟੇ ਮਗਰੋਂ ਜਦੋਂ ਖੁਦ ਮਲਕ ਦਫਤਰ ਛੱਡਕੇ ਬਾਹਰ ਜਾ ਰਿਹਾ ਸੀ। ਮੈਨੂੰ ਵੇਖਕੇ ਮੇਰੇ ਕੋਲ ਆ ਕੇ ਕਹਿੰਦਾ, "ਕੀ ਤੁਹਾਨੂੰ ਪਾਸਪੋਰਟ ਨਹੀਂ ਮਿਲਿਆ, ਮੈਂ ਪੰਜਾਬ ਦਾ ਵੀਜ਼ਾ ਲਾ ਦਿੱਤਾ ਹੈ।"

ਮੇਰਾ ਉਤਰ ਨਾਂਹ ਵਿਚ ਹੀ ਸੀ, ਜਦੋਂ ਕਿ ਮੈਨੂੰ ਪਾਸਪੋਰਟ ਨਹੀਂ ਦਿੱਤਾ ਸੀ ਉਸਨੇ ਉਸੇ ਸੈਕਟਰੀ-ਕੁੜੀ ਨੂੰ ਕਿਹਾ ਤੇ ਉਹ ਕੁੜੀ ਦਸਤਖਤ ਕੀਤੇ ਪਾਸਪੋਰਟ ਨੂੰ ਆਪਣੇ ਕੋਲ ਦਰਾਜ ਵਿਚ ਰੱਖੀ ਬੈਠੀ ਸੀ ; ਪਤਾ ਨਹੀਂ ਕਿਉਂ।

"ਮੈਂ ਕਦੋਂ ਦਾ ਵੀਜ਼ਾ ਲਾ ਕੇ ਪਾਸਪੋਰਟ ਬਾਹਰ ਭੇਜ ਦਿਤਾ ਸੀ ਤੇ ਤੁਸੀਂ ਇਸ ਨੂੰ ਆਪਣੇ ਕੋਲ ਰੱਖੀ ਬੈਠੇ ਹੋ।"

ਕੁੜੀ ਮਲਕ ਦੀ ਇਹ ਗੱਲ ਸੁਣਕੇ ਪਾਣੀ ਪਾਣੀ ਹੋ ਗਈ ਤੇ ਮੈਨੂੰ ਉਸੇ ਸਮੇਂ ਆਵਾਜ਼ ਦੇ ਕੇ ਪਾਸਪੋਰਟ ਦੇ ਦਿੱਤਾ। ਜਦੋਂ ਮੈਂ ਪਾਸਪੋਰਟ ਤੇ ਪੜ੍ਹਿਆ ਤਾਂ ਦਿੱਲੀ ਦੇ ਵੀਜ਼ੇ ਨੂੰ ਕੈਂਸਲ ਕਰਕੇ ਪੰਜਾਬ ਦੇ ਵੀਜ਼ੇ ਵਿਚ ਤਾੜਨਾ ਸਹਿਤ ਲਿਖਿਆ ਸੀ, ਸਿਰਫ ਫੂਡੀਕੇ, ਮੋਗਾ, ਲੁਧਿਆਣਾ ਲਈ ਹੀ ਹੈ। ਸੋ ਇਸ ਜਦੋ-ਜਹਿਦ ਮਗਰੋਂ ਸਮੁੱਚੇ ਪੰਜਾਬ ਦੀ ਥਾਂ ਮੇਰੀ ਜਨਮ-ਭੂਮੀ ਤੇ ਉਸਦੇ ਇਰਦ-ਗਿਰਦ ਦਾ ਹੀ ਮਿਲਿਆ ਸੀ।

ਦਿੱਲੀ ਮੈਂ ਕੋਈ ਢਾਈ ਕੁ ਵਜੇ ਤੜਕੇ ਪਹੁੰਚ ਗਿਆ। ਅੱਗੋਂ ਮੇਰਾ ਛੋਟਾ ਭਰਾ ਹਵਾਈ ਅੱਡੇ ਪਹੁੰਚਿਆ ਹੋਇਆ ਸੀ - ਮੈਂ ਘਰ ਦੇ ਹਾਲਾਤ ਬਾਰੇ ਪੁੱਛਿਆ ਤੇ ਜਵਾਬ ਕੁਝ ਕੁ ਸੰਤੋਸ਼ਜਨਕ ਸੀ। ਨਾਲ ਲਗਦੀ ਉਸ ਵੱਲੋਂ ਹਦਾਇਤ ਸੀ ਆਪਾਂ ਪਹਿਲੀ ਬੱਸ ਪੰਜਾਬ ਵਲ ਦੀ ਲੈ ਲੈਣੀ ਹੈ ਤਾਂ ਕਿ ਜਿੰਨੀ ਜਲਦੀ ਹੋ ਸਕੇ ਹਰਿਆਣੇ ਨੂੰ ਪਾਰ ਕੀਤਾ ਜਾਵੇ। ਉਸਦੇ ਕੇਸ-ਦਾੜ੍ਹੀ ਹੋਣ ਕਰਕੇ ਉਸਨੂੰ ਹਰਿਆਣੇ ਵਿਚੋਂ ਖਤਰਾ ਸੀ।

ਅਗਲੀ ਸਵੇਰ ਮੈਨੂੰ ਉਠਦੇ ਨੂੰ ਇਹ ਸੁਣਨ ਲਈ ਮਿਲਿਆ। ਅੱਜ ਜਾਂ ਕੱਲ ਤੁਹਾਨੂੰ ਫਰੀਦਕੋਟ ਐਸ. ਐਸ. ਪੀ. .ਸਿਕਿਉਰਿਟੀ) ਦੇ ਦਫਤਰ ਜਾ ਕੇ ਰਜਿਸਟਰੇਸ਼ਨ ਕਰਾਉਣੀ ਪਵੇਗੀ। ਅਗਲੇ ਦਿਨ ਫਰੀਦਕੋਟ ਪਹੁੰਚਕੇ ਗਿਆਨੀ ਜੀ ਨਾਂ ਦੇ ਟਾਈਪਿਸਟ ਕੋਲ ਜਾ ਪਹੁੰਚੇ ਜੋ ਇਸ ਮਾਮਲੇ ਸੰਬੰਧੀ ਜਾਣਕਾਰੀ ਰਖਦਾ ਸੀ। ਉਸਨੇ ਪਾਸਪੋਰਟ ਵੇਖਕੇ ਪਹਿਲਾਂ ਫਾਰਮ ਨੰ: 32-A ਭਰਿਆ ਤੇ ਭਰਨ ਮਗਰੋਂ ਕਿਹਾ, "ਤੁਸੀਂ ਇਸਨੂੰ ਸਟੇਟ ਬੈਂਕ ਵਿਚ ਜਾ ਕੇ ਪੰਜਾਹ ਰੁਪੇ ਜਮਾਂ ਕਰਵਾ ਕੇ ਆਉ ਤੇ ਮੈਂ ਤੁਹਾਡੇ ਆਉਂਦੇ ਤੀਕ ਬਾਕੀ ਦੇ ਪੇਪਰ ਟਾਈਪ ਕਰਕੇ ਰਖਦਾ ਹਾਂ।"

ਬੈਂਕ ਦੇ ਭੀੜ-ਭੜੱਕੇ ਤੇ ਖੱਜਲ-ਖੁਆਰੀ ਵਿਚੋਂ ਦੀ ਲੰਘਦੇ ਆਖਰ ਪੰਜਾਹ ਰੁਪੇ ਜਮਾਂ ਕਰਾਉਣ ਦੀ ਵਾਰੀ ਆ ਗਈ। ਬੈਂਕ ਵਾਲਿਆਂ ਕਾਫੀ ਨੋਕ-ਟੋਕ ਕਰਨ ਮਗਰੋਂ ਪੰਜਾਹ ਰੁਪੇ ਫੜੇ ਤੇ ਕਿਹਾ, "ਤੁਸੀਂ ਰਸੀਦ ਲਈ ਉਡੀਕ ਕਰੋ, ਸਾਹਿਬ ਦੇ ਦਸਤਖਤ ਹੋਣ ਤੇ ਦੇਵਾਂਗੇ।" ਅੱਧੇ ਘੰਟੇ ਮਗਰੋਂ ਰਸੀਦ ਮਿਲੀ ਉਥੋਂ ਰਿਕਸ਼ਾ ਲਈ ਤੇ ਫੱਟਾ ਫਟ ਐਸ. ਐਸ. ਪੀ. ਦੇ ਦਫਤਰ ਫਿਰ ਗਿਆਨੀ ਕੋਲ ਵਾਪਸ ਆਇਆ ਤੇ ਉਹ ਹਾਲੇ ਵੀ ਪੇਪਰ ਟਾਈਪ ਕਰ ਰਿਹਾ ਸੀ - ਨੌਂ ਪੇਪਰਾਂ ਦਾ ਪਲੰਦਾ ਟਾਈਪ ਕਰਕੇ ਮੈਨੂੰ ਫੜਾਉਂਦੇ ਕਿਹਾ, "ਇਨ੍ਹਾਂ ਪੇਪਰਾਂ ਨੂੰ ਐਸ. ਐਸ. ਪੀ. (ਸਿਕਿਉਰਿਟੀ) ਦੇ ਦਫਤਰ ਲੈ ਜਾਉ। ਉਥੇ ਪਹੁੰਚਕੇ ਇਕ ਸਰਦਾਰ ਜੀ ਨੂੰ ਜਾ ਫਤਹਿ ਬੁਲਾਈ ਤੇ ਅੱਗੋਂ ਆਖਣ ਲੱਗੇ, ਕੀ ਕੰਮ ਹੈ ਬਾਬੂ ਜੀ।"

ਇਹ ਰਜਿਸਟਰੇਸ਼ਨ ਕਰਾਉਣੀ ਹੈ। ਮੇਰੇ ਪੇਪਰਾਂ ਵਲ ਸਰਸਰੀ ਜਿਹੀ ਨਜ਼ਰ ਮਾਰੀ ਤੇ ਪੇਪਰ ਇਕ ਟੋਕਰੀ ਵਿਚ ਵਗਾਹ ਮਾਰੇ ਤੇ ਨਾਲ ਹੀ ਬੋਲਿਆ, "ਸਰਦਾਰ ਜੀ ! ਇਹ ਕੱਲ੍ਹ ਨੂੰ ਆ ਕੇ ਲੈ ਜਾਣੇ।"

ਮੈਂ ਆਇਆ ਵੀ ਫਰੀਦਕੋਟ ਲੁਧਿਆਣੇ ਦੀ ਹੱਦ ਤੋਂ ਹਾਂ ਤੇ ਜਾਣਾ ਵੀ ਘਰ ਦਿਨ ਖੜੇ ਖੜੇ ਹੈ। ਫਿਰ ਛੇ ਵਜੇ ਮਗਰੋਂ ਤਾਂ ਕੋਈ ਬੱਸ ਵੀ ਨਹੀਂ ਮਿਲਣੀ। "ਚੰਗਾ ਫਿਰ ਤਿੰਨ ਵਜੇ ਆ ਜਾਣਾਂ।"

ਉਸ ਵੇਲੇ 11 ਵੱਜੇ ਸਨ। ਕੰਮ ਕੁਝ ਵੀ ਨਹੀਂ ਸੀ। ਮੇਰਾ ਨਾਂ ਤੇ ਪਤਾ ਰਜਿਸਟਰ ਤੇ ਦਰਜ ਕੇ ਪੇਪਰਾਂ ਤੇ ਮੋਹਰ ਲਾ ਕੇ ਅਫਸਰ ਜੋ ਮੌਕੇ ਤੇ ਹੈ ਉਸ ਦੀ . ਦਸਤਖਤ ਕਰਵਾ ਕੇ ਉਹ ਸਾਰੇ ਪੇਪਰ ਮੈਨੂੰ ਦੇ ਦੇਣੇ ਸੀ - ਕੰਮ ਸਿਰਫ ਪੰਜਾਂ ਮਿੰਟਾਂ ਦਾ ਸੀ। ਮੈਂ ਦੋ ਕੁ ਵੱਜਦੇ ਨੂੰ ਵਾਪਸ ਦਫਤਰ ਫਿਰ ਆ ਗਿਆ। ਮਨ ਵਿਚ ਸੋਚਿਆ ਜੇ ਜਲਦੀ ਹੋ ਜਾਵੇ ਤਾਂ ਸਮੇਂ ਸਿਰ ਘਰ ਪਹੁੰਚ ਜਾਵਾਂਗਾ।

ਦਫਤਰ ਦੇ ਮੂਹਰੇ ਇਕ ਹੋਰ ਆਦਮੀ ਘੁੰਮਦਾ ਫਿਰਦਾ ਮਿਲ ਪਿਆ। ਮੈਂ ਉਸਨੂੰ ਫਤਹਿ ਬੁਲਾਈ ਤੇ ਪੁੱਛਿਆ, ਕੀ ਤੁਸੀਂ ਵੀ ਬਾਹਰੋਂ ਆਏ ਹੋ।

"ਹਾਂ ! ਇਹ ਭੈਣ ਆਪਦੀ ਦੇ ਯਾਰਾਂ ਨੇ ਅੱਜ ਦੂਸਰਾ ਦਿਨ ਵੀ ਲੰਘਾ ਦਿੱਤਾ ਹੈ ਤੇ ਰਜਿਸਟਰੇਸ਼ਨ ਦੇ ਪੇਪਰ ਹਾਲੇ ਤੀਕ ਨਹੀਂ ਦਿੱਤੇ।"

ਤੁਸੀਂ ਕਿੱਥੋਂ ਆਏ ਹੋ ?

"ਵੈਨਕੂਵਰ - ਕੈਨੇਡਾ ਤੋਂ, ਤੇ ਤੁਸੀਂ ?"

ਵਿੰਨੀਪੈਗ ਤੋਂ।

ਅਸੀਂ ਦੋਹਾਂ ਰਾਇ ਮਿਲਾਈ ਕਿ ਖੁਦ ਹੀ ਅਫਸਰ ਨੂੰ ਮਿਲਿਆ ਜਾਵੇ। ਕੰਮ ਸਾਜਰੇ ਸਾਜਰੇ ਹੋ ਜਾਵੇ ਤਾਂ ਬਿਹਤਰ ਹੈ। ਅਸੀਂ ਦੋਹਾਂ ਡੀ. ਐਸ. ਪੀ. ਸੰਧੂ ਨੂੰ ਅੰਦਰ ਜਾ ਫਤਹਿ ਬੁਲਾਈ।

"ਸੁਣਾਉ ਕਾਕਾ ਤੁਹਾਨੂੰ ਕੀ ਕੰਮ ਹੈ।"

ਅਸੀਂ ਉਪਰ-ਥਲੀ ਬੋਲੇ ਕਿ ਰਜਿਸਟਰੇਸ਼ਨ ਕਰਾਉਣ ਲਈ ਆਏ ਹਾਂ। ਮੈਂ ਕੱਲ੍ਹ ਦਾ ਭਟਕਦਾ ਫਿਰਦਾ ਹਾਂ ਤੇ ਇਹ ਭਾਈ ਸਾਹਿਬ ਅੱਜ ਸਵੇਰ ਦੇ ਖੱਜਲ-ਖੁਆਰ ਮੇਰੇ ਨਾਲ ਹੋ ਰਹੇ ਹਨ।

"ਤੁਸੀਂ ਕਿਹੜੇ ਦੇਸ਼ ਤੋਂ ਆਏ ਹੋ", ਡੀ. ਐਸ. ਪੀ. ਬੋਲਿਆ।

ਸਾਡੇ ਦੋਹਾਂ ਦਾ ਜਵਾਬ ਇਕੋ ਸੀ, ਕੈਨੇਡਾ ਤੋਂ।

"ਵੈਨਕੂਵਰ ਮੇਰੇ ਵੀ ਦੋ ਲੜਕੇ ਹਨ, ਪਰ ਉਥੇ ਤਾਂ ਜ਼ਿਆਦਾ ਤਰ ਲੋਕ ਫੱਟੇ ਹੀ ਖਿਚਦੇ ਹਨ" ਅਫਸਰ ਨੇ ਜਾਣਕਾਰੀ ਦੇ ਤੌਰ ਤੇ ਕਿਹਾ - ਡੀ. ਐਸ. ਪੀ. ਨੇ ਘੰਟੀ ਵਜਾਈ ਤੇ ਅਰਦਲੀ ਆ ਕੇ ਏ. ਐਸ. ਆਈ. ਨੂੰ ਲੈ ਆਇਆ -

"ਜਨਾਬ ....।"

"ਇਹ ਲੜਕੇ ਸਵੇਰ ਦੇ ਧੱਕੇ ਖਾ ਰਹੇ ਹਨ ਤੇ ਆਏ ਵੀ ਇਹੋ ਜੇਹੇ ਮੁਲਕ ਵਿਚੋਂ ਹੈ ਜਿੱਥੇ ਨਿੱਕੇ-ਮੋਟੇ ਕੰਮ ਤਾਂ ਫੂਨ ਰਾਹੀਂ ਹੀ ਹੋ ਜਾਂਦੇ ਹਨ। "ਜਵਾਬ ! ਹੁਣੇ . "ਜਨਾਬ ਹੁਣੇ ਹੀ ਇਨ੍ਹਾਂ ਦੇ ਪੇਪਰ ਲੈ ਕੇ ਆਇਆ।"

ਇਹ ਏ. ਐਸ. ਆਈ. ਸਿਵਲ ਵਰਦੀ ਵਿਚ ਹੋਣ ਕਰਕੇ ਕਲਰਕ ਹੀ ਜਾਪਦਾ ਸੀ - ਉਹ ਆਇਆ ਤੇ ਪੇਪਰ ਡੀ. ਐਸ. ਪੀ. ਦੇ ਮੂਹਰੇ ਕੀਤੇ ਤੇ ਉਸ ਨੇ ਬਿਨ੍ਹਾਂ ਦੇਖੇ ਦਸਤਖਤ ਕੀਤੇ ਤੇ ਕਿਹਾ, 'ਇਨ੍ਹਾਂ ਨੂੰ ਇਨ੍ਹਾਂ ਦੇ ਪੇਪਰ ਹੱਥ ਦੇਹ ਤੇ ਇਹ ਕਿਸੇ ਤਣ-ਪੱਤਣ ਲੱਗਣ।"

"ਜਨਾਬ .... ।"

ਵਾਪਸ ਕੈਨੇਡਾ ਆਉਣ ਤੋਂ ਚਾਰ ਕੁ ਦਿਨ ਪਹਿਲਾਂ ਇਕ ਫਾਰਮ ਫਰੀਦਕੋਟ ਤੋਂ ਉਸੇ ਦਫਤਰ ਵਿਚੋਂ ਲੈ ਕੇ ਫਿਰ ਸੰਬੰਧਤ ਥਾਣੇ ਤੋਂ ਇਹ ਤਸਦੀਕ ਕਰਾਉਣਾ ਹੁੰਦਾ ਹੈ ਕਿ ਜਿੰਨੀ ਦੇਰ ਮੇਰੀ ਪੰਜਾਬ ਵਿਚ ਠਹਿਰ ਸੀ ਕਿਸੇ ਵੀ ਪੋਲੀਟੀਕਲ ਪਾਰਟੀ ਨਾਲ ਸੰਬੰਧ ਨਹੀਂ ਸੀ ਤੇ ਨਾ ਹੀ ਅਤਿਵਾਦੀਆਂ ਨਾਲ। ਇਹ ਗੱਲ ਥਾਣੇ ਵਾਲੇ ਕਿਵੇਂ ਲਿਖਕੇ ਦਿੰਦੇ ਹਨ, ਇਹ ਸਭ ਨੂੰ ਪਤਾ ਹੈ, ਉਨ੍ਹਾਂ ਦੀਆਂ ਚਾਰੇ ਘਿਉ ਵਿਚ, ਮੁਰਗੀ ਫਸੀ ਉਹ ਵੀ ਬਦੇਸ਼ੀ। ਸਾਦੀ ਬੋਲੀ ਵਿਚ ਇਹ ਤਾਂ ਫਰੀਦਕੋਟ ਦਫਤਰ ਵਾਲਿਆਂ ਤੋਂ ਵੀ ਕੰਜਰ। ਕਿੱਸਾ ਕੋਤਾ ਕੀ ਉਨ੍ਹਾਂ ਦੇ ਮੂੰਹ ਚਾਂਦੀ ਦੀਆਂ ਜੁੱਤੀਆਂ ਨਾਲ ਭਰਨ ਤੋਂ ਇਲਾਵਾ ਹੋਰ ਚਾਰਾ ਕੋਈ ਨਹੀਂ - ਦਲੀਲਬਾਜ਼ੀ ਉਥੇ ਉਕਾ ਕੰਮ ਨਹੀਂ ਕਰਦੀ। ਸੋ ਥਾਣੇ ਵਾਲਿਆਂ ਤੋਂ ਲਿਖਵਾ ਕੇ ਫਿਰ ਉਸੇ ਦਫਤਰ ਵਿਚ ਜਿਥੇ ਕਦੇ ਰਜਿਸਟਰੇਸ਼ਨ ਕਰਵਾਈ ਸੀ ਤੇ ਹੁਣ ਉਸੇ ਦਫਤਰ ਨੇ ਨੋ-ਔਬਜੈਕਸ਼ਨ ਸਰਟੀਫਿਕੇਟ ਦੇਣਾ ਸੀ।

ਸਰਦਾਰ ਏ. ਐਸ. ਆਈ. ਨੇ ਮੈਨੂੰ ਵੇਖਦੇ ਹੀ ਮੱਥੇ ਤਿਊੜੀਆਂ ਪਾ ਲਈਆਂ ਮੈਂ ਪੇਪਰ ਉਸਦੇ ਮੂਹਰੇ ਰੱਖ ਦਿੱਤੇ।

"ਬੈਠੋ ਸੀ, ਤੁਹਾਡਾ ਕੰਮ ਹੁਣੇ ਹੀ ਦੱਸ ਮਿੰਟ ਵਿਚ ਹੋ ਜਾਂਦਾ ਹੈ।"

ਮੈਂ ਕਾਗਜ਼ ਫੜਾ ਕੇ ਸੰਧੂ ਡੀ. ਐਸ. ਪੀ. ਦੇ ਦਫਤਰ ਦੇ ਮੂਹਰਦੀ ਲੰਘਿਆ, ਪਰ ਦਫਤਰ ਖਾਲੀ ਪਿਆ ਸੀ।

(ਬਾਕੀ ਪੰਨਾ 19 'ਤੇ)

ਭਾਰਤ-ਪਾਕਿ ਸਬੰਧਾਂ 'ਚ ਫਿੱਕ ਨਾ ਪੈਣ ਦਿਓ

ਨਵੀਂ ਦਿੱਲੀ, (ਯੂ. ਐਨ. ਆਈ.) – ਲਾਹੌਰ ਤੋਂ ਛਪਣ ਵਾਲੇ ਇਕ ਹਫਤਾਵਾਰੀ ਅੰਗਰੇਜ਼ੀ ਅਖਬਾਰ ਨੇ ਪਾਕਿਸਤਾਨ ਸਰਕਾਰ ਨੂੰ ਕਿਹਾ ਹੈ ਕਿ ਉਹ ਪਾਕਿਸਤਾਨ ਦੇ ਦੌਰੇ 'ਤੇ ਆਉਣ ਵਾਲੇ ਸਿੱਖਾਂ ਨੂੰ ਭਾਰਤ-ਪਾਕਿਸਤਾਨ ਸਬੰਧਾਂ ਵਿਚ ਫਿੱਕ ਪਾਉਣ ਵਾਲੀਆਂ ਕਾਰਵਾਈਆਂ ਕਰਨੋਂ ਰੋਕੇ।

''ਵਿਊਪੁਆਇੰਟ'' ਮੁਤਾਬਕ ਕੈਨੇਡਾ ਤੋਂ ਆਏ ਸਿੱਖਾਂ ਵਲੋਂ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਵਿਚ ਭਾਰਤੀ ਦੂਤਾਵਾਸ ਦੇ ਅਮਲੇ ਉਤੇ ਕੀਤਾ ਗਿਆ ਹਮਲਾ ਇਸ ਕਿਸਮ ਦੀ ਦੂਜੀ ਘਟਨਾ ਹੈ। ਭਾਰਤੀ ਪੰਜਾਬ ਵਿਚਲੀ ਹਾਲਤ ਨੂੰ ਦੇਖਦੇ ਹੋਏ ਪਾਕਿਸਤਾਨ ਨੂੰ ਚਾਹੀਦਾ ਹੈ ਕਿ ਉਹ ਕੈਨੇਡਾ ਤੋਂ ਸਿੱਖਾਂ ਨੂੰ ਵੀਜ਼ੇ ਏਨੀ ਖੁੱਲ੍ਹ ਨਾਲ ਨਾ ਦੇਵੇ।

(ਪੰਨਾ 18 ਦੀ ਬਾਕੀ)

ਸਰਦਾਰ ਏ. ਐਸ. ਆਈ. ਨੇ ਕਰਦੇ ਕਰਾਉਂਦੇ ਤਿੰਨ ਵਜਾ ਦਿੱਤੇ। ਜ਼ਿਲੇ ਦੀਆਂ ਕਚਹਿਰੀਆਂ ਵਿਚ ਅਫਸਰਾਂ ਪੱਖੋਂ ਕਾਂ ਬੋਲ ਰਹੇ ਸਨ। ਲੋਕੀਂ ਭੁੱਖੇ-ਭਾਵੇਂ ਸਾਰੇ ਦਿਨ ਦੀ ਮੁਸ਼ੱਕਤ ਸਹਾਰਦੇ ਘਰਾਂ ਨੂੰ ਮੁੜ ਰਹੇ ਸਨ।

ਸਵਾ ਕੁ ਤਿੰਨ ਵਜੇ ਮੈਨੂੰ ਆਵਾਜ਼ ਪਈ ਤੇ ਇਕ ਹਿੰਦੂ ਐ. ਆਈ. ਪੁੱਛਣ ਲੱਗਾ, "ਤੁਹਾਨੂੰ ਡਾਕਟਰ ਨੇ ਭੇਜਿਆ ਹੈ ਤੇ ਤੂੰ ਉਸ ਡਾਕਟਰ ਦਾ ਰਿਸ਼ਤੇਦਾਰ ਹੈਂ।"

ਮੈਂ ਕਿਸੇ ਡਾਕਟਰ ਨੂੰ ਨਹੀਂ ਜਾਣਦਾ ਤੇ ਨਾ ਹੀ ਕਿਸੇ ਨੂੰ ਮੈਨੂੰ ਭੇਜਿਆ ਹੈ। ਦਰਅਸਲ ਉਹ ਐਸ. ਆਈ. ਡਾਕਟਰ ਦਾ ਦੋਸਤ ਮਿੱਤਰ ਸੀ। ਜੇ ਮੈਂ ਮੌਕੇ ਤੇ ਟਰਪਲ ਮਾਰਕੇ ਕਹਿੰਦਾ ਹਾਂ ਉਸਨੇ ਹੀ ਭੇਜਿਆ ਹੈ ਤਾਂ ਪੇਪਰ ਉਦੋਂ ਹੀ ਮਿਲ ਜਾਣੇ ਸੀ — ਅਸਲ ਵਿਚ ਉਹ ਡਾਕਟਰ ਹੀ ਫਰੀਦਕੋਟ ਜਾ ਕੇ ਮੇਰੇ ਲਈ ਫਾਰਮ ਲੈ ਕੇ ਆਇਆ ਸੀ ਜਿਹੜੇ ਥਾਣੇ ਤੋਂ ਤਸਦੀਕ ਕਰਾਉਣੇ ਸੀ। ਉਹ ਮੇਰੇ ਛੋਟੇ ਭਰਾ ਦਾ ਦੋਸਤ ਸੀ — ਮੈਨੂੰ ਇਸ ਗੱਲ ਦੀ ਭਿਣਕ ਨਹੀਂ ਸੀ।

ਇਸ ਵੇਲੇ ਸ਼ਾਮ ਦੇ ਚਾਰ ਵੱਜ ਚੁਕੇ ਸਨ ਮੈਂ ਸਰਦਾਰ ਜੀ ਨੂੰ ਬਾਹਰ ਬੁਲਾਕੇ ਕਿਹਾ, "ਪੇਪਰ ਮੇਰੇ ਹਵਾਲੇ ਕਰੋ, ਜੋ ਕੁਝ ਲੈਣ-ਦੇਣ ਕਰਨਾ ਹੈ ਮੈਨੂੰ ਦੱਸੋ ਤੇ ਮੈਂ ਘਰ ਪਹੁੰਚਾਂ ਸਮੇਂ ਸਿਰ। ਉਸੇ ਪੇਪਰਾਂ ਤੇ ਜਿਹੜੇ ਕਿਸੇ ਅਫਸਰ ਦੀ ਉਡੀਕ ਵਿਚ ਚਾਰ ਵੱਜ ਚੁੱਕੇ ਸਨ, ਏ. ਐਸ. ਆਈ. ਨੇ ਆਪਣੇ ਦਸਤਖਤ ਕੀਤੇ ਤੇ ਜੇਬ ਵਿਚ ਪਾ ਕੇ ਮੈਨੂੰ ਇਕ ਪਾਸੇ ਕਰਕੇ ਕਹਿਣ ਲੱਗਾ, "ਇਹ ਪੇਪਰ ਤੁਸੀਂ ਹਵਾਈ ਅੱਡੇ ਤੇ ਜਾਣ ਲੱਗੇ ਤੁਹਾਡੇ ਕੋਲੋਂ ਮੰਗਣਗੇ ਤੇ ਦੇ ਦੇਣੇ।"

ਮੈਂ ਜੇਬ ਵਿਚੋਂ ਦਸ ਰੁਪੇ ਦਾ ਨੋਟ ਕੱਢਿਆ ਤੇ ਏ. ਐਸ. ਆਈ. ਨੇ ਨੋਟ ਵੇਖਦੇ ਹੀ ਕਿਹਾ, "ਅਸੀਂ ਦਸ ਰੁਪੇ ਨਹੀਂ ਲੈਂਦੇ।"

ਮੈਂ ਦਸਾਂ ਦਾ ਨੋਟ ਜੇਬ ਵਿਚ ਪਾਇਆ ਤੇ ਸਰਦਾਰ ਸਾਹਿਬ ਨੂੰ ਫਤਹਿ ਬੁਲਾਈ ਤੇ ਕਾਗਜ਼ ਬੈਗ ਵਿਚ ਪਾ ਘਰ ਪਰਤ ਆਇਆ।

ਦਿੱਲੀ ਹਵਾਈ ਅੱਡੇ ਤੇ ਪਹੁੰਚਕੇ ਸਮਾਨ ਬੁੱਕ ਕਰਾਇਆ ਤੇ ਇਮੀਗਰੇਸ਼ਨ ਅਫਸਰ ਦੇ ਜਾ ਹਾਜ਼ਰ ਹੋਇਆ। ਉਸਨੇ ਮੇਰੇ ਪਾਸਪੋਰਟ ਤੇ ਮੋਹਰ ਲਾਈ ਤੇ ਅੰਦਰ ਜਾਣ ਲਈ ਕਿਹਾ। ਉਹ ਹਬਲੇ ਕਾਗਜ਼ ਜਿੰਨ੍ਹਾਂ ਨੂੰ ਹਾਸਲ ਕਰਨ ਕਿੰਨ੍ਹੀ ਜਦੋ-ਜਹਿਦ ਕੀਤੀ ਕਿਸੇ ਨੇ ਹਵਾਈ ਅੱਡੇ ਤੇ ਪੁੱਛਿਆ ਤੱਕ ਨਹੀਂ।

ਮੇਰਾ ਪਰੈਸ ਵਿਚ ਲੋਕਾਂ ਤੀਕ ਸੁਨੇਹਾ ਪਹੁੰਚਾਣ ਦਾ ਇਹੋ ਹੀ ਮਕਸਦ ਹੈ। ਉਸ ਖੱਜਲ-ਖੁਆਰੀ ਤੋਂ ਕਿਵੇਂ ਬਚਿਆ ਜਾ ਸਕਦਾ ਹੈ - ਮੈਂ ਉਨ੍ਹਾਂ ਭਾਰਤੀ-ਕੈਨੇਡੀਅਨ ਨੂੰ ਪੁਰਜ਼ੋਰ ਅਪੀਲ ਕਰਦਾ ਹਾਂ, ਕਿ ਜੋ ਉਪਰੋਕਤ ਤਕਲੀਫਾਂ ਦਾ ਮੈਨੂੰ ਸਾਹਮਣਾ ਕਰਨਾ ਪਿਆ ਉਹ ਤੁਹਾਡੇ ਤੀਕ ਪਹੁੰਚਾ ਰਿਹਾ ਹਾਂ - ਇਸ ਤੋਂ ਉਪਰੰਤ ਹਰ ਇਕ ਨੇ ਅਗੇਤ-ਪਛੇਤ ਭਾਰਤ ਜਾਣਾ ਹੀ ਹੈ - ਕੀ ਤੁਸੀਂ ਇਹ ਖੱਜਲ-ਖੁਆਰੀ ਵਿਚੋਂ ਦੀ ਲੰਘਣਾ ਪਸੰਦ ਕਰੋਗੇ। ਜੇ ਜਵਾਬ ਨਹੀਂ ਵਿਚ ਹੈ ਤਾਂ ਆਪਾਂ ਨੂੰ ਕੀ ਕਰਨਾ ਚਾਹੀਦਾ ਹੈ।

ਪਹਿਲੀ ਗੱਲ ਆਪਾਂ ਨਖੇਧੀ ਕਰੀਏ ਉਨ੍ਹਾਂ ਦੀ ਜਿੰਨ੍ਹਾਂ ਨੇ ਇਹੋ ਜਿਹੀ ਸਥਿਤੀ ਪੈਦਾ ਕੀਤੀ - ਉਹ ਲੋਕ ਸਾਡੇ ਭਾਈਚਾਰੇ ਵਿਚ ਆਟੇ 'ਚ ਲੂਣ ਦੇ ਨਿਆਈਂ ਹਨ।

ਅਸੀਂ 99 ਪ੍ਰਤੀਸ਼ਤ ਲੋਕ ਉਭਰਕੇ ਅੱਗੇ ਆਈਏ ਤੇ ਜ਼ੋਰਦਾਰ ਸ਼ਬਦਾਂ ਵਿਚ ਦਿੱਲੀ ਦੀ ਸਰਕਾਰ ਨੂੰ ਚਿਤਾਵਨੀ ਦੇਈਏ ਕਿ ਸਮੁੱਚੇ ਪੰਜਾਬ ਦੇ ਲੋਕਾਂ ਨਾਲ ਜੋ ਵਤੀਰਾ ਕੀਤਾ ਜਾ ਰਿਹਾ ਹੈ, ਉਹ ਅਣ-ਮਨੁੱਖੀ ਹੈ, ਇਸ ਨੂੰ ਬੰਦ ਕੀਤਾ ਜਾਵੇ — ਅਖੀਰ ਵਿਚ ਮੈਂ ਉਨ੍ਹਾਂ ਲੋਕ-ਹਿਤੂ ਸੰਸਥਾਵਾਂ ਨੂੰ ਸੱਦਾ ਦਿੰਦਾ ਹਾਂ ਕਿ ਉਹ ਉਭਰਕੇ ਅੱਗੇ ਆਉਣ ਪਰੈਸਾਂ ਰਾਹੀਂ, ਰੇਡੀਓ ਤੇ ਟੈਲੀਵੀਜ਼ਨ ਉਪਰ ਗੱਲ ਕੀ ਹਰ ਉਹ ਸਾਧਨ ਵਰਤਣ ਜੋ ਲੋਕਾਂ ਤੀਕ ਪਹੁੰਚਦਾ ਹੋਵੇ - ਜੇ ਅਸੀਂ ਇਹ ਨਹੀਂ ਕਰਦੇ ਤਾਂ ਕੈਨੇਡਾ ਵਿਚ ਵੀ ਸਾਡੇ ਜਿਉਣ ਦਾ ਹੱਜ ਦਿਨੋਂ-ਦਿਨ ਮਲੀਨ ਹੁੰਦਾ ਜਾ ਰਿਹਾ ਹੈ। ਇਸ ਉਪਰੰਤ ਕਰੜੇ ਸ਼ਬਦਾਂ ਵਿਚ ਦਿੱਲੀ ਦੀ ਸਰਕਾਰ ਦੀ ਨਿਖੇਧੀ ਕਰਦਾ ਹਾਂ, ਜਿਸਨੇ ਵੀਜ਼ੇ ਵਰਗਾ ਘਟੀਆ ਰਸਤਾ ਅਪਨਾ ਕੇ ਭਾਰਤ ਦੇ ਦਫਤਰੀ ਅਮਲੇ ਫੈਲੇ ਦੀਆਂ ਚੜ੍ਹ ਮੱਚੀਆਂ ਹਨ। ਜਿੰਨਾ ਚਿਰ ਪੈਸੇ ਦੇ ਪਹੀਏ ਪੇਪਰ ਥੱਲੇ ਨਹੀਂ ਲਾਉਂਦੇ ਪੇਪਰ ਤੁਰਦਾ ਹੀ ਨਹੀਂ - ਚੰਦ ਆਦਮੀਆਂ ਪਿਛੇ ਸਮੁੱਚੇ ਭਾਈਚਾਰੇ ਨੂੰ ਨੁਕਸਾਨ ਝੱਲਣਾ ਪੈ ਰਿਹਾ ਹੈ ਤੇ ਦਿਨੋਂ ਦਿਨ ਭਾਰਤੀ ਲੋਕਾਂ ਦੀ ਹੋਂਦ ਕਿੰਤੂ ਬਣਕੇ ਰਹਿ ਗਈ ਹੈ।



ਰਾਜ ਸਭਾ ਦੇ ਮੈਂਬਰ ਚੁਣੇ ਜਾਣ ਪਿਛੋਂ ਜਨਰਲ ਜਗਜੀਤ ਸਿੰਘ ਅਰੋੜਾ ਅਤੇ ਸ੍ਰੀ ਐਚ. ਐਸ. ਹੰਸਪਾਲ। - (ਫੋਟੋ : ਧੋਗ ਜੁਆਇ)

ਹਰੇਕ ਸਤਰ ਦੇ ਹੇਠਾਂ ਤੁਹਾਡੀ ਹੋਂਦ ਛੁਪੀ,
ਤੁਹਾਡੇ ਵਾਸਤੇ ਗੀਤਾਂ ਨੂੰ ਗਾ ਨਹੀਂ ਸਕਦੇ।
ਅਜੀਬ ਮੋੜ ਹੈ, ਜ਼ਿੰਦਗੀ ਦਾ ਮੀਲ ਪੱਥਰ ਹੈ,
ਤੁਸੀਂ ਵੀ ਆ ਨਹੀਂ ਸਕਦੇ, ਅਸੀਂ ਵੀ ਜਾ ਨਹੀਂ ਸਕਦੇ।

ਪੰਜਾਬ ਸਮਝੌਤਾ ਠੁਸ ਹੋ ਗਿਆ — ਸ਼ੇਖਰ

ਰਾਜੀਵ ਰਾਸ਼ਟਰ ਨੂੰ ਭਰੋਸੇ 'ਚ ਲੈਣ

ਬੇਲਾਰੀ — ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਚੰਦਰ ਸ਼ੇਖਰ ਨੇ ਪੰਜਾਬ ਸਮਝੌਤੇ ਨੂੰ ਫਜ਼ੂਲ ਕਰਾਰ ਦੇਂਦਿਆਂ ਕਿਹਾ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਅਕਾਲੀਆਂ ਨੂੰ ਸੰਤੁਸ਼ਟ ਕਰਨ ਲਈ ਬਹੁਤ ਕਾਹਲ ਅਤੇ ਬਚਕਾਨਾ ਢੰਗ ਨਾਲ ਇਹ ਸਮਝੌਤਾ ਕੀਤਾ ਸੀ। ਅਜਿਹਾ ਕਰਦੇ ਸਮੇਂ ਸ੍ਰੀ ਗਾਂਧੀ ਨੇ ਸਥਿਤੀ ਦੀ ਗੰਭੀਰਤਾ ਨੂੰ ਧਿਆਨ ਵਿਚ ਨਹੀਂ ਰੱਖਿਆ ਸੀ। ਸ੍ਰੀ ਸ਼ੇਖਰ ਨੇ ਕਿਹਾ ਕਿ ਅਜਿਹੇ ਗੰਭੀਰ ਮਸਲਿਆਂ ਤੇ ਮੌਕਾ-ਤਾੜੂ ਫੈਸਲਿਆਂ ਨਾਲ ਗੰਭੀਰ ਸਿੱਟੇ ਨਿਕਲ ਸਕਦੇ ਹਨ। ਉਨ੍ਹਾਂ ਪ੍ਰਧਾਨ ਮੰਤਰੀ ਤੇ ਜ਼ੋਰ ਦਿਤਾ ਕਿ ਉਹ ਇਸ ਬਾਰੇ ਰਾਸ਼ਟਰ ਨੂੰ ਵਿਸ਼ਵਾਸ਼ ਵਿਚ ਲੈਣ। ਉਨ੍ਹਾਂ ਕਿਹਾ ਕਿ ਸ: ਬਰਨਾਲਾ ਅਤੇ ਭਜਨ ਲਾਲ ਸਮਝੌਤੇ ਦੇ ਵੱਖ ਵੱਖ ਮਤਲਬ ਕੱਢਦੇ ਰਹੇ ਜਿਸ ਕਾਰਨ ਦੋਵਾਂ ਰਾਜਾਂ ਵਿਚ ਹਿੰਸਾ ਤੇ ਖਿਚਾਅ ਦਾ ਵਾਤਾਵਰਨ ਪੈਦਾ ਹੋਇਆ। ਚੇਤੇ ਰਹੇ ਕਿ ਵੈਂਕਟਰਮਈਆ ਕਮਿਸ਼ਨ ਦੀ ਰਿਪੋਰਟ ਪਿਛੋਂ ਵੀ ਚੰਡੀਗੜ੍ਹ ਪੰਜਾਬ ਨੂੰ ਦੇਣ ਅਤੇ ਉਸ ਦੇ ਬਦਲੇ ਹਰਿਆਣਾ ਨੂੰ ਦਿਤੇ ਜਾਣ ਵਾਲੇ ਖੇਤਰਾਂ ਬਾਰੇ ਸਹਿਮਤੀ ਨਾ ਹੋ ਸਕਣ ਅਤੇ ਪੰਜਾਬ ਸਰਕਾਰ ਵਲੋਂ ਨਵਾਂ ਡਿਸਾਈ ਕਮਿਸ਼ਨ ਰੱਦ ਕੀਤੇ ਜਾਣ ਪਿਛੋਂ ਜਿਹੜਾ ਡੈਡਲਾਕ ਪੈਦਾ ਹੋਇਆ ਹੈ ਉਸ ਵਿਚ ਪੰਜਾਬ ਸਮਝੌਤੇ ਉਤੇ ਅਮਲ ਦੀਆਂ ਸੰਭਾਵਨਾਵਾਂ ਬਹੁਤ ਮੱਧਮ ਹੋ ਗਈਆਂ ਹਨ।

ਤੁਸੀਂ ਉਹ ਨੂਰ ਹੋ ਜਿਸ ਦੀ ਕਿ ਛਾਂ ਨਹੀਂ ਹੁੰਦੀ,
ਤੁਹਾਨੂੰ ਪਾ ਕੇ ਵੀ ਲੱਗਿਆ ਕਿ ਪਾ ਨਹੀਂ ਸਕਦੇ।
ਮੈਂ ਸਮੁੰਦਰ ਹਾਂ ਤੇਰੀ ਗੋਦ ਸੰਭਾਲੇਗੀ ਕਿਵੇਂ ?
ਤੂਫਾਨ ਹੌਲੇ ਵੀ ਏਥੇ ਸਮਾਂ ਨਹੀਂ ਸਕਦੇ।

Sikh Fundamentalism and its Support Structure

In recent years, a new phrase, the 'rise of fundamentalism' has entered the currency of journalistic jargon and academic discourse, though the term 'fundamentalism' has not yet acquired a precise definition. The Concise Oxford Dictionary defines 'fundamentalism' as "maintenance, in opposition to modernism, of traditional orthodox beliefs such as the inerrancy of Scripture and literal acceptance of the creeds as fundamentals of protestant Christianity"; whereas 'fundamental' is explained as "of the groundwork, going to the root of matter, serving as base or foundation, essential, primary, original, from which others are derived". But this does not lead us much to present day's understanding. In fact, this phrase seems to have come in usage in the recent decades and it originated in the United States. It has now acquired a definite content. 'Fundamentalist' is a group of theologically conservative protestant churches that arose in the United States in the 1920s. Derived from a group of dissenters who called themselves 'fundamentalists', these churches have claimed to defend the standards of orthodox Christianity against the Liberals or Moderates; i.e., those protestants who incorporated biblical criticism into their theologies and attempted to make the church relevant to the social dilemma of the era (emphasis added). It is also relevant in this context that Reinhold Niebuhr was one of the most influential American theologians of the 20th century. His special contribution was his stress on the issues on the borderline between theology and social ethics. His criticism of the prevailing theological liberalism of the 1920s significantly changed the intellectial climate within the protestant churches in the United States, and his enormous contribution in political thought, both inside and outside the church made him the "greatest living political philosopher of America". This is no place to go into the details of fundamentalist, revivalist movements in our own country but one thing is certain that a blind veneration for the various religious philosophies did exist in our long history.

Certain events in the last decade, in a number of former colonies and semicolonial countries of West Asia, espacially the spectacular Iranian 'revolution' led by Ayatollah Khomeini, gave a jolt to the self-confidence of the thought categories in the west. In the years of the anti-colonial struggle, broad sections of the population in many Muslim countries, especially in Afghanistan, Algeria, Libya and Syria rallied under the banner of Islam and counterposed its ideas to the hostile ideologies of the colonialists. As in India, in these countries too, in the minds of the masses, religious ideas are very often blended with nationalist ideology. In this situation, the term fundamentalist became a handy instrument to lump together, the progressive urge of the people for liberation from the imperialist stranglehold in all walks of life — political, economic and cultural. But it has another aspect too.

One of the principal ideas of Islam for instance is that of obedience — submission to fate. This fatalist attitude towards life, a feature which is common in all the religions, has always suited the ruling conservative forces in the Muslim countries, since they want to see the working masses kept in submission to the sultans, amirs, sheikhs and other feudal lords. This idea is also seized upon by the imperialist countries, who rely upon the local feudal aristocracy to help them plunder and exploit the masses. Evean today, the landlords, wealthy capitalist bankers and usurers continue to enrich themselves by exploiting poor Muslims whom they still call 'our brothers' as they loudly profess their loyalty to 'true Islam'. In this way traditional insitutions and ideas are deliberately and erroneously, taken over by the ruling bourgeoisie to 'fit' into their grand capitalist scheme, in full knowledge that such superficial nods in the direction of tradition do not affect the existing economic structures and relationships (between landlords and their tenants, capitalists and labourers). Similar in intent is the official religious policy of the state (Pakistan). The call to prayers is broadcast by the official media, and the masses are asked to pray regularly, to fast in the month of Ramadan, and to pay Zakat from their savings. These rituals have no effect on the existing economic structures; on the countrary, they render them sacrosanct, as the poor people are reminded again and again that poverty and riches are divinely decreed and their distribution is not a function of the economic system.

The mix of politics and religion, conceptually is inherent in 'fundamentalism' and needs to be explicitly brought out to avoid confusion, especially when our country too is witnessing a similar phenomenon.

Sikh Fundamentalism

In the multireligious country like India, the denotation and connotation of fundamentalism and revivalism obviously is different from the 'Muslim world' or the 'world of Islam'. Unlike these countries, religious minorities — Muslims, Sikhs and Christians together constitute about 15 per cent of the population. That being the situation, Hindu fundamentalists and revivalists with their slogan of 'Hinduisation' of our polity and culture creat move favourable conditions for growth of fundamentalism among the religious minorities. The psyche of being a religious minority in itself provides a fertile soil for fundamentalism to grow among them for 'Islamic unity' or 'Panthic unity' which spontaneously sinks into their consciousness. More aggressive and articulate the Hindu fundamentalism is, more intense becomes the urge the religious minorities to rally round the fundamentalists from their respective religions and vice versa.

Rise of Sikh fundamentalims is not a recent phenomenon. But it came to be recognised after Sant Jarnail Singh Bhindranwale shot into national prominence on April 13, 1978 when some of his followers 'marched to death' from the Golden Temple to attack a Sant Nirankari Samagam, which was regarded by them as an 'anti-Sikh heretics' assembly. Since then he managed to continuously hit the headlines in national and international media till his death in the wake of Indian army's 'Operation Blue Star' on June 5-7, 1984. His action ranged from 'pious' calls for 'religious purification' for Sikhs to organising terror squads to kill leaders of Nirankari faith and many prominent Hindu and even Sikh intellectuals, journalists and publicmen who disavowed his approach. Even those who gave half-concealed support to the secessionist 'Khalistan' demand or to open communal violence earned his wrath. Bhindranwale phenomenon, his ideology of dogmatic sectarian interpretation of Sikhism, organisation of terrorist actions both against dissenters within the Sikh fold, and Nirankari and Hindu opponents and government leaders and functionaries and finally the aim of carrying out a state where his coreligionists would enjoy constitutional supremacy over others — has been called 'Sikh fundamentalism' by a number of foreign and Indian commentators. The term has got a currency for which Bhindranwale phenomenon provides a denotational element.

If one accepts this concrete hostorical manifestation as an accidental aberration, there is nothing more to it. This assumption will lead to the conclusion that the phenomenon is dead with the

(conted. at page 21)

(conted. from page)

person of Jarnail Singh Bhindranwale. Alternatively, one has to look for the underlying structures in cultural traditions and societal arrangements to comprehend the roots of the phenomenon termed as 'Sikh fundamentalism', We take the latter view, hopefully our efforts would provide some answers, howsoever lacking in certitude, to the question. How serious is the challenge to India's survival as a modern nation-state with multi-religious society?

We have now accepted calling the historically specific Bhindranwale phenomenon as 'Sikh fundamentalism' with a view to discover the connotation or intension of the term, by spelling out its important attributes. By asking the question as to why the term is applied to Bhindranwale phenomenon, we can also unearth other — past, present or future — denotations or extension of the term. Orthodoxy, puritanism, dogmatism, militancy, violence, terrorism, political religiously, communal politics, communal identity, self-image of being the elect, separatism and secessionism are some of the attributes that have been associated with the manifestation of the phenomenon. We would argue that three traits of dogmatism, terrorism, and separatism are quite comprehensive to subsume or develop other traits. None of these can be set aside, if the phenomenon is to be recognised.

This, however, does not mean that one should ignore or underestimate the role of an individual in giving a new dimension to Sikh fundamentalism. But what is important to remember in this regard is that emergence of certain individuals, who become symbols of a certain politico-ideological trend and in this case of Sikh fundamentalism, is not a chance of events; they themselves are product of certain social forces. Before influencing the course of events, they themselves are subjected to the influence of objective conditions. Of course, an individual who comes to represent a particular ideological trend is a product not only of the given historical circumstances but also of the individual conditions influencing the formation of his personality. This close relationship between the social forces which give a new lease of life to fundamentalism, and the role of an individual needs to be studied, because a large number of analysts and academics have tried to interpret the recent developments in Punjab in terms of the role of one individual ore the other. This approach is superficial and takes into account only the features that strike the eye. It is quite easy to be deluded into thinking that the emergence of an individual or the role of another individual is the chief cause of the tragic events of Punjab. Such an approach creates an 'optical illusion' in which the individual overshadows the social forces which give birth to the 'individual' to play his role in the history. The natural corollary of such a superficial analysis leads one to an erroneous solution, as the problem is seen in a distorted framework, in which the entire focus is on the individual and not on the objective reasons.

Though it may look simplistic, but conceptually, fundamentalism in Punjab's context can be described as an amalgam of religious fanaticism, separatism and terrorism.

Fundamentalists' deep-seated hatred against the Nirankaris — a religious sect which preaches the concept of one formless God and believes that he can be realised only with the help of a living guru — the assassination of Baba Gurbachan Singh, the spiritual head of the Nirankaris; their preference for baptised Sikhs (Amritdharis) over all others; spirit of intolerance shown by them towards all voices of dissent including from the devotees of the Sikh religion add up to bring out, how bigoted they had become.

The stand of the Akalis on the famous Anandpur Sahib resolution needs no comments. But the extremists among them openly advocated that the Sikhs cannot either live in or with India. Thus they not only stand for the separate entity of the Sikhs but openly proclaim that they want an independent state. The fundamentalists outside India, however, are more forthright in raising this demand. Political religiosity, assertion of separate identity and the idea of being the elect — the various facets of communal politics — get logically and empirically linked with separatism. The idea of being God's 'chosen instruments' and the so-called 'identity crisis' are expressions of their degree of separatism from the national current. The milder forms with passage of time and in supportive context mature into secessionist demand for a separate sovereign state. Militancy and violence are abstractions without any social content, unless tagged on to some tangible goals. Hence the slogan: "Political power is not served to anybody on a platter; nor it can be acquired through Bhakti, without guerilla warfare and without an armed revolt it would be impossible to achieve our aim. Political power flows out of the barrel of a gun".

(continued)

Press Release

Please Announce

Improve your spoken English

Little Mountain Neighbourhood is offering free, individualized English lessons this summer. Small classes for students who need to improve their English for their jobs, driver's exams, or to feel confident doing business at the bank, post office, or other businesses. Students at any level will be accepted.

Students may come to 3981 Main Street in Vancouver or phone 879-7104 to request this free service. Ask for Nancy Nicol, ESL Literacy Co-ordinator.

JULY 2, 1986

Young women 12 to 19 years are welcome to join GIRLS ONLY at the Little Mountain Neighbourhood House every Friday at 7:00. This is a weekly activity and discussion group. The cost is $1.00. For more information call Carol at 879-7104

DAY CAMP

The Little Mountain Neighbourhood House has openings for children 6 to 12 years in Summer Day Camp 86.

Activities include swimming, canoeing, outtrips, gold panning, music drama and much more. All for $30.00 for a two week session. Please drop in and register. For more information call 879-7104.

ਠੰਢੀਆਂ ਰੁੱਤਾਂ 'ਚ ਬਰਫਾਂ ਵਾਂਗਰਾਂ ਜਮ ਜਾਣਗੇ,
ਤਪਦੀਆਂ ਰੁੱਤਾਂ 'ਚ ਬੱਦਲ ਪਿਘਲ ਜਾਇਆ ਕਰਨਗੇ।



ਫ਼ਿਲਮ-ਲੋਰ



ਦਹਿਸ਼ਤਵਾਦ ਦੇ ਵਿਸ਼ੇ 'ਤੇ ਫਿਲਮ

ਸ਼ਮਸ਼ੇਰ ਸਿੰਘ ਸੰਧੂ


ਬੀ. ਆਰ. ਚੋਪੜਾ ਕੈਂਪ ਦੀਆਂ ਦੋ ਨਵੀਆਂ ਫਿਲਮਾਂ ਤੇਜ਼ੀ ਨਾਲ ਮੁਕੰਮਲਤਾ ਵੱਲ ਵਧ ਰਹੀਆਂ ਹਨ। 'ਦਹਿਲੀਜ਼' ਤੇ 'ਅਵਾਮ'। ਫਿਲਮ 'ਦਹਿਲੀਜ਼' ਨੂੰ ਬੀ. ਆਰ. ਚੋਪੜਾ ਦਾ ਮੁੰਡਾ ਰਵੀ ਚੋਪੜਾ ਨਿਰਦੇਸ਼ਨ ਦੇ ਰਿਹਾ ਹੈ ਤੇ ਉਸ ਦਾ ਆਖਣਾ ਹੈ ਕਿ ਇਸ ਵਾਰ ਉਹ 'ਆਜ ਕੀ ਆਵਾਜ਼' ਤੋਂ ਵੀ ਵਧੀਆ ਫਿਲਮ ਦਰਸ਼ਕਾਂ ਅੱਗੇ ਪ੍ਰਸਤੁਤ ਕਰੇਗਾ।

ਚੋਪੜਾ ਕੈਂਪ ਦਾ ਸੁਭਾਅ ਹੈ ਕਿ ਭਖਦੇ ਮਸਲਿਆਂ ਨੂੰ ਲੈ ਕੇ ਕਹਾਣੀ ਖੜ੍ਹੀ ਕਰਨਾ। ਐਤਕੀਂ ਉਨ੍ਹਾਂ ਨੇ ਦਹਿਸ਼ਤਵਾਦ ਦਾ ਵਿਸ਼ਾ ਚੁਣਿਆ ਹੈ। ਅਖ਼ਬਾਰਾਂ ਦੇ ਮੁੱਖ ਪੰਨਿਆਂ ਉਪਰ ਛਪਦੀਆਂ ਖਬਰਾਂ ਤੇ ਰਿਪੋਰਟਾਂ ਨੂੰ ਅਧਾਰ ਬਣਾ ਕੇ ਕਹਾਣੀ ਲਿਖੀ ਹੈ। ਰਾਜ ਬੱਬਰ ਫੌਜ 'ਚ ਕਰਨਲ ਹੈ ਤੇ ਦਹਿਸ਼ਤਵਾਦ ਵਿਰੁੱਧ ਬਣਾਈ ਯੋਜਨਾ ਦਾ ਉਹ ਮੁਖੀ ਬਣਦਾ ਹੈ। ਇਸ ਯੋਜਨਾ ਦੇ ਪਿਛੇ ਮੇਜਰ ਜਨਰਲ ਕੌਸ਼ਲ ਸਿੰਘ ਦਾ ਦਿਮਾਗ ਕੰਮ ਕਰਦਾ ਹੈ। ਇਹ ਰੋਲ ਸ਼ਫੀ ਇਨਾਮਕਾਰ ਦੇ ਹਿੱਸੇ ਆਇਆ ਹੈ।

ਉਂਝ 'ਦਹਿਲੀਜ਼' ਫਿਲਮ ਸਮੁੱਚੇ ਰੂਪ 'ਚ ਇਕ ਰੁਮਾਂਟਿਕ ਫਿਲਮ ਵੀ ਜਾਪੇਗੀ। ਦੋ ਹੀਰੋ ਸਨ ਤੇ ਇਕ ਹੀਰੋਇਨ। ਮੀਨਾਕਸ਼ੀ ਸ਼ੇਸ਼ਾਧਾਰੀ ਦਾ ਜੈਕੀ ਸ਼ਰਾਫ ਨਾਲ ਅੰਤਾਂ ਦਾ ਪਿਆਰ ਹੁੰਦਾ ਹੈ ਪਰ ਇਕ ਮੋੜ 'ਤੇ ਆ ਕੇ ਮੀਨਾਕਸ਼ੀ ਨੂੰ ਸ਼ੱਕ ਹੋ ਜਾਂਦਾ ਹੈ ਕਿ ਜੈਕੀ ਸਵਾਰਥੀ ਹੈ, ਧੋਖੇਬਾਜ਼ ਹੈ, ਸੱਚਾ ਆਸ਼ਕ ਨਹੀਂ। ਨੌਬਤ ਇਥੋਂ ਤੱਕ ਆ ਜਾਂਦੀ ਹੈ ਕਿ ਉਹ ਜੈਕੀ ਨੂੰ ਠੁਕਰਾ ਕੇ ਵੱਖਰੀ ਜ਼ਿੰਦਗੀ ਜਿਉਣ ਲਗ ਪੈਂਦੀ ਹੈ। ਫਿਰ ਰਾਜ ਬੱਬਰ ਮੀਨਾਕਸ਼ੀ ਦੇ ਸੰਪਰਕ 'ਚ ਆਉਂਦਾ ਹੈ ਤੇ ਉਹ ਸਦਾ ਸਦਾ ਲਈ ਇਕ ਦੂਜੇ ਨੂੰ ਜੀਵਨ ਸਾਥੀ ਚੁਣ ਲੈਂਦੇ ਹਨ। ਸ਼ਾਦੀ ਰਚਾ ਲੈਂਦੇ ਹਨ। ਕਹਾਣੀ, ਨਾਟਕੀ ਮੋੜ ਕੱਟਦੀ ਹੈ ਤੇ ਰਾਜ ਬੱਬਰ ਦੇ 'ਐਕਸ਼ਨ' ਦੌਰਾਨ ਮਾਰੇ ਜਾਣ ਦੀ ਖਬਰ ਘਰ ਪੁੱਜਦੀ ਹੈ। ਓਧਰ ਜੈਕੀ ਮੁੜ ਮੀਨਾਕਸ਼ੀ ਦੇ ਕਿਵੇਂ ਨਾ ਕਿਵੇਂ ਨੇੜੇ ਪੁੱਜ ਕੇ ਸਪਸ਼ਟ ਕਰਦਾ ਹੈ ਕਿ ਉਸ ਦਾ ਪਿਆਰ ਸੱਚਾ-ਸੁੱਚਾ ਸੀ ਤੇ ਨਿਰਸਵਾਰਥ ਸੀ। ਮੀਨਾਕਸ਼ੀ ਦਾ ਮਨ ਪਿਘਲ ਜਾਂਦਾ ਹੈ, ਉਹਨੂੰ ਪਛਤਾਣਾ ਵੀ ਹੁੰਦਾ ਹੈ। ਪਰ ਇਕ ਪਾਸੇ ਰਾਜ ਬੱਬਰ ਪਤੀ ਉਹ ਦੇ ਮਨ 'ਚ ਸਮਾਇਆ ਹੋਇਆ ਹੈ, ਦੂਜੇ ਪਾਸੇ ਜੈਕੀ ਦਾ ਪ੍ਰੇਮ ਜਾਗ ਉਠਦਾ ਹੈ। ਅਜੀਬ ਕਸ਼ਮਕਸ਼ 'ਚੋਂ ਮੀਨਾਕਸ਼ੀ ਸ਼ੇਸ਼ਾਧਾਰੀ ਨੂੰ ਲੰਘਣਾ ਪੈਂਦਾ ਹੈ। ਉਹ ਖੁਦ ਨੂੰ ਗੁਨਾਹਗਾਰ ਸਮਝ ਰਹੀ ਹੈ। ਜਿਨ੍ਹਾਂ ਨੇ 'ਦਹਿਲੀਜ਼' ਦੇ ਰਸ਼-ਪ੍ਰਿੰਟ ਦੇਖੇ ਨੇ, ਉਹ ਆਖ ਰਹੇ ਹਨ ਕਿ ਰਾਜ ਬੱਬਰ ਇਸ ਫਿਲਮ ਨਾਲ ਮੁੜ ਤੇਜ਼ੀ ਫੜੇਗਾ ਤੇ ਮੀਨਾਕਸ਼ੀ ਦੇ ਸੂਖਮ-ਅਭਿਨੈ ਦਾ ਪਹਿਲੀ ਵਾਰ ਭਰਵਾਂ ਪ੍ਰਦਰਸ਼ਨ ਹੋਵੇਗਾ।

ਸੁਭਾਸ਼ ਘਈ ਵੱਡਾ ਸ਼ੋਅਮੈਨ

ਸੁਭਾਸ਼ ਘਈ ਅੱਜ ਭਾਰਤੀ ਫਿਲਮਾਂ ਦੇ ਚੋਣਵੇਂ ਪੰਜ ਡਾਇਰੈਕਟਰਾਂ 'ਚੋਂ ਇਕ ਗਿਣਿਆ ਜਾਂਦਾ ਹੈ। ਉਸ ਦੀ ਮਲਟੀ ਸਟਾਰ ਤੇ ਬਹੁਤ ਵੱਡੇ ਬਜਟ ਦੀ ਫਿਲਮ 'ਕਰਮਾ' ਪੂਰੀ ਹੋਣ ਵਾਲੀ ਹੈ ਜਿਸ ਵਿਚ ਦਲੀਪ ਕੁਮਾਰ, ਨਸੀਰੁਦੀਨ ਸ਼ਾਹ, ਦਾਰਾ ਸਿੰਘ ਤੇ ਅਨਿਲ ਕਪੂਰ ਆਦਿ ਅਹਿਮ ਰੋਲ ਨਿਭਾ ਰਹੇ ਹਨ। ਕਿਹਾ ਜਾਂਦਾ ਹੈ ਕਿ ਇਹ ਫਿਲਮ ਇਕ ਪੁਰਾਣੀ ਫਿਲਮ 'ਦੋ ਆਂਖੇ ਬਾਰਾਂ ਹਾਥ' ਦਾ ਰੀਮੇਕ ਹੈ। ਦਲੀਪ ਕੁਮਾਰ ਜੇਲ੍ਹਰ ਦੀ ਭੂਮਿਕਾ 'ਚ ਹੈ। ਕੈਦੀਆਂ, ਅਪਰਾਧੀਆਂ ਨਾਲ ਉਹਦਾ ਵਿਕੋਲਿਤਰਾ ਵਤੀਰਾ ਹੈ। ਜੇਲ੍ਹਰ ਸਮਝਦਾ ਹੈ ਕਿ "ਇਕ ਲੋਕ" ਵੀ ਆਪਣੇ ਅੰਦਰ ਜਜ਼ਬਾਤ ਤੇ ਹੁਨਰ ਰੱਖਦੇ ਹਨ।



ਰਾਜ ਬੱਬਰ ਤੇ ਮੀਨਾਕਸ਼ੀ ਸ਼ੇਸ਼ਾਧਰੀ ਚੋਪੜਾ ਕੈਂਪ ਦੀ ਬਣ ਰਹੀ ਫਿਲਮ "ਦਹਿਲੀਜ਼" ਵਿਚ।

ਦਲੀਪ ਕੁਮਾਰ ਕਿਸੇ ਸਮੇਂ ਸੁਭਾਸ਼ ਘਈ ਦਾ ਆਦਰਸ਼ ਹੁੰਦਾ ਸੀ। ਅੱਜ ਉਹੀਓ ਦਲੀਪ ਕੁਮਾਰ ਘਈ ਦੇ ਇਸ਼ਾਰੇ 'ਤੇ ਫਿਲਮ 'ਚ ਕੰਮ ਕਰ ਰਿਹਾ ਹੈ ਤੇ ਘਈ ਦੀ ਇਸ ਤੋਂ ਵੱਡੀ ਪ੍ਰਾਪਤੀ ਹੋਰ ਕੀ ਹੋ ਸਕਦੀ ਹੈ। ਸੁਭਾਸ਼ ਘਈ ਸਮੇਂ ਸਮੇਂ ਸਿਰ ਕਾਲੀਚਰਨ, ਗੌਤਮ ਗੋਵਿੰਦਾ, ਵਿਧਾਤਾ, ਵਿਸ਼ਵਨਾਥ, ਹੀਰੋ ਅਤੇ ਮੇਰੀ ਜੰਗ ਵਰਗੀਆਂ ਸ਼ਾਨਦਾਰ ਤੇ ਜਾਨਦਾਰ ਫਿਲਮਾਂ ਬਣਾ ਚੁੱਕਾ ਹੈ। ਇਸ ਤੋਂ

(ਬਾਕੀ ਪੰਨਾ 33 'ਤੇ)

(ਪੰਨਾ 22 ਦੀ ਬਾਕੀ)

ਪਹਿਲਾਂ ਉਸ ਨੇ ਯਾਰੀ ਦੁਸ਼ਮਣੀ, ਆਖਰੀ ਡਾਕੂ, ਖਾਨ ਦੋਸਤ, ਮਾਮਾ ਭਾਣਜਾ ਤੇ ਬਗਲਾ ਭਗਤ ਆਦਿ ਫਿਲਮਾਂ ਰਾਹੀਂ ਆਪਣੀ ਕਲਮ ਦੇ ਜੌਹਰ ਦਿਖਾਏ ਸਨ। ਸੁਭਾਸ਼ ਘਈ ਅਸਲ ਵਿਚ ਐਕਟਰ ਬਣਨ ਆਇਆ ਸੀ। ਉਮੰਗ, ਅਰਾਧਨਾ, ਭਾਰਤ ਕੇ ਸ਼ਹੀਦ ਅਤੇ ਤਕਦੀਰ ਫਿਲਮਾਂ 'ਚ ਉਹ ਪਰਦੇ ਤੇ ਐਕਟਿੰਗ ਕਰਦਾ ਦਿਖਾਈ ਦਿੱਤਾ ਸੀ। ਪੰਜਾਬੀ ਫਿਲਮ 'ਸ਼ੇਰਨੀ' 'ਚ ਉਹ ਹੀਰੋ ਬਣ ਕੇ ਆਇਆ ਸੀ। ਅਜੇ ਵੀ ਸੁਭਾਸ਼ ਘਈ ਮਨ ਦੇ ਕਿਸੇ ਕੋਨੇ 'ਚ ਐਕਟਰ ਬਣਨ ਦਾ ਸੁਪਨਾ ਦਬਾਈ ਬੈਠਾ ਹੈ ਤਦੇ ਉਹ ਆਪਣੀ ਹਰੇਕ ਫਿਲਮ ਦੇ ਇਕ ਦੋ ਸੀਨਾਂ 'ਚ ਅਕਸਰ ਦਿਸ ਜਾਂਦਾ ਹੈ।

ਉਹਨੇ ਜੈਕੀ ਸ਼ਰਾਫ ਤੇ ਮੀਨਾਕਸ਼ੀ ਸ਼ੇਸ਼ਾਧਾਰੀ ਵਰਗੇ ਨਵੇਂ ਚਿਹਰਿਆਂ ਨੂੰ ਅੱਗੇ ਲਿਆਂਦਾ ਹੈ ਤੇ ਦਲੀਪ ਕੁਮਾਰ ਵਰਗੇ ਮਹਾਨ ਐਕਟਰਾਂ ਨੂੰ ਵੀ ਨਵੇਂ ਕੋਣ ਤੋਂ ਪੇਸ਼ ਕਰ ਰਿਹਾ ਹੈ। ਗਾਣਿਆਂ ਨੂੰ ਫਿਲਮਾਉਣ ਦੇ ਮਾਮਲੇ 'ਚ ਸੁਭਾਸ਼ ਘਈ ਦਾ ਕੋਈ ਸਾਨੀ ਨਹੀਂ। ਗਾਣੇ ਦੇ ਇਕ ਇਕ ਬੋਲ ਅਤੇ ਇਕ ਇਕ ਸਟੇਪ ਨੂੰ ਜਿਥੇ ਉਹ ਕਹਾਣੀ ਨਾਲ ਫਿਟ ਕਰ ਦਿੰਦਾ ਹੈ, ਉਥੇ ਦੇਖਣਯੋਗ ਤੇ ਮਾਨਣਯੋਗ ਵੀ ਬਣਾ ਦਿੰਦਾ ਹੈ। ਵੱਡੇ ਵੱਡੇ ਡਾਇਰੈਕਟਰਾਂ ਦੀਆਂ ਫਿਲਮਾਂ ਵਿਚ ਵੀ ਜਦੋਂ ਗਾਣਾ ਲਗਦਾ ਹੈ ਤਾਂ ਕਈ ਦਰਸ਼ਕ ਉਠ ਜਾਂਦੇ ਹਨ ਪਰ ਸੁਭਾਸ਼ ਘਈ ਦੀ ਫਿਲਮ ਦੇ ਹਰੇਕ ਗਾਣੇ ਵਿਚ ਬੈਠੇ ਰਹਿਣਾ ਦਰਸ਼ਕ ਦੀ ਲੋੜ ਬਣ ਜਾਂਦੀ ਹੈ।

ਜਾਵੇਦ ਖਾਨ ਦਾ ਫੈਸਲਾ

ਜਾਵੇਦ ਖਾਨ ਨੂੰ ਫਿਲਮਾਂ 'ਚ ਸੰਘਰਸ਼ ਕਰਦਿਆਂ ਕਾਫੀ ਸਮਾਂ ਬੀਤ ਗਿਆ ਹੈ। ਇਹ ਵੀ ਨਹੀਂ ਕਿ ਉਹਨੂੰ ਕੰਮ ਨਹੀਂ ਮਿਲਿਆ ਪਰ ਅਜੇ ਤਕ ਉਸ ਦੇ ਮਜ਼ਬੂਤੀ ਨਾਲ ਪੈਰ ਨਹੀਂ ਜਮ ਸਕੇ।

ਜਦੋਂ ਜਾਵੇਦ ਖਾਨ ਇੰਸਟੀਚਿਊਟ ਤੋਂ ਟਰੇਨਿੰਗ ਲੈ ਕੇ ਆਇਆ ਸੀ ਤਾਂ ਉਹ ਛੋਟੇ ਮੋਟੇ ਰੋਲ ਇਕ ਦਮ ਰੱਦ ਕਰ ਦਿੰਦਾ ਸੀ। ਇਹ ਗੱਲ 1977 ਦੀ ਹੈ। ਬੀ. ਰਾਜੇਂਦਰ ਰਾਓ ਤੇ ਮਲਿਕ ਅਰਜੁਨ ਵਰਗੇ ਫਿਲਮਕਾਰਾਂ ਨੇ ਉਸ ਨੂੰ ਥਾਪੜਾ ਦਿੱਤਾ ਸੀ ਪਰ ਅਗਾਂਹ ਜਾ ਕੇ ਬੀ. ਗਰੇਡ ਦੀਆਂ ਫਿਲਮਾਂ ਨਾਲ ਮਨ ਸਮਝਾ ਕੇ, ਸਮਝੌਤਾ ਕਰ ਲਿਆ। ਮੋਹਨ ਭਾਖੜੀ ਦੀ ਜਾਸੂਸੀ ਫਿਲਮ 'ਚੀਖ' ਵਿਚ ਜਾਵੇਦ ਖਾਨ ਚੰਗਾ ਨਿਭਿਆ ਪਰ ਜਾਸੂਸੀ ਫਿਲਮਾਂ ਦਾ ਖਾਸਾ ਇਹੋ ਹੁੰਦਾ ਹੈ ਕਿ ਐਕਟਰਾਂ ਨਾਲੋਂ ਘਟਨਾਵਾਂ, ਸਥਿਤੀਆਂ ਨੂੰ ਵੱਧ ਮਹੱਤਤਾ ਦਿੱਤੀ ਜਾਂਦੀ ਹੈ। ਹਾਲਾਂ ਕਿ 'ਅਪਰਾਧੀ ਕੌਣ' ਫਿਲਮ ਟਿਕਟ ਖਿੜਕੀ ਤੇ ਸਫਲ ਫਿਲਮ ਗਿਣੀ ਗਈ ਪਰ ਹੀਰੋ ਜਾਵੇਦ ਖਾਨ ਨੂੰ ਕਰੈਡਿਟ ਨਹੀਂ ਮਿਲ ਸਕਿਆ। 'ਤਾਲਾਬੰਦੀ' ਫਿਲਮ ਵੀ ਜਾਵੇਦ ਖਾਨ ਨੂੰ ਕੋਈ ਹੁਲਾਰਾ ਨਾ ਦੇ ਸਕੀ। 'ਰਾਮ ਕੀ ਗੰਗਾ' ਵਿਚ ਖੈਰ ਉਹਦਾ ਰੋਲ ਵੀ ਛੋਟਾ ਸੀ।



ਜਾਵੇਦ ਖਾਨ ਤੇ ਰਜਨੀ ਸ਼ਰਮਾ ਦੀ ਰੁਮਾਂਟਿਕ ਮੁਦਰਾ।

ਜਾਵੇਦ ਖਾਨ ਨੇ ਹੁਣ ਫੈਸਲਾ ਕਰ ਲਿਆ ਹੈ ਕਿ ਉਹ ਵੱਧ ਤੋਂ ਵੱਧ ਇਕ-ਦੋ ਸਾਲ ਹੋਰ ਫਿਲਮੀ ਦੁਨੀਆਂ ਦੇ ਰੰਗ-ਢੰਗ ਦੇਖੇਗਾ, ਜੇ ਤਾਂ ਉਹਦੀ ਮਾਰਕੀਟ ਬਣ ਗਈ ਤਾਂ ਟਿਕੇਗਾ ਵਰਨਾ ਕੋਈ ਹੋਰ ਧੰਦਾ ਅਪਣਾ ਲਵੇਗਾ। ਨਿਕਟ ਭਵਿਖ 'ਚ ਜਿਹੜੀਆਂ ਫਿਲਮਾਂ ਤੋਂ ਉਹਨੂੰ ਉਭਰਨ ਦੀ ਆਸ ਹੈ, ਉਨ੍ਹਾਂ ਵਿਚ 'ਚਾਂਦੀ ਕੀ ਰੋਟੀ' ਸ਼ਾਮਲ ਹੈ। ਇਸ 'ਚ ਉਹ ਗੀਟਾ ਭਾਦੁੜੀ ਨਾਲ ਹੀਰੋ ਆ ਰਿਹਾ ਹੈ।

ਨਵਾਂ ਰਿਕਾਰਡ ਕਾਇਮ

ਜਲਦ ਰਿਲੀਜ਼ ਹੋਣ ਵਾਲੀ ਪੰਜਾਬੀ ਫਿਲਮ 'ਗੱਭਰੂ ਪੰਜਾਬ ਦਾ' ਨੇ ਵਿਕਰੀ ਪਖੋਂ ਦੋ ਨਵੇਂ ਰਿਕਾਰਡ ਕਾਇਮ ਕਰ ਦਿੱਤੇ ਹਨ। ਮੋਗੇ ਦੇ ਇਕ ਸਿਨਮਾਘਰ ਲਈ ਇਹਦੀ ਕੀਮਤ ਇਕ ਲੱਖ ਨਿਸ਼ਚਿਤ ਹੋਈ ਤੇ ਮੋਗੇ ਸ਼ਹਿਰ ਵਿਚ ਲਗਭਗ ਇਹੋ ਕੀਮਤ ਅਮਿਤਾਭ ਬਚਨ ਦੀ ਫਿਲਮ 'ਆਖਰੀ ਰਾਸਤਾ' ਦੀ ਹੈ। ਕੋਟਕਪੂਰੇ ਦੇ ਇਕ ਸਿਨਮਾਘਰ ਲਈ ਇਹ ਫਿਲਮ 65 ਹਜ਼ਾਰ 'ਚ ਵੇਚੀ ਗਈ ਹੈ ਜੋ ਕਿ ਇਸ ਕਸਬੇ 'ਚ ਪੰਜਾਬੀ ਫਿਲਮਾਂ ਲਈ ਹੈਰਾਨੀ ਵਾਲੀ ਗੱਲ ਹੈ।

'ਗੱਭਰੂ ਪੰਜਾਬ ਦਾ' 'ਚ ਹੀਰੋ ਦੀ ਭੂਮਿਕਾ ਗੁਰਦਾਸ ਮਾਨ ਨੇ ਨਿਭਾਈ ਹੈ। ਸੁਰਿੰਦਰ ਛਿੰਦਾ, ਦੀਦਾਰ ਸੰਧੂ ਤੇ ਅਮਰ ਵਰਗੇ ਲੋਕ ਗਾਇਕਾਂ ਦੇ ਇਸ ਫਿਲਮ ਵਿਚ ਗੀਤ ਸੁਣਾਈ ਦੇਣਗੇ ਅਤੇ ਚਿਹਰੇ ਵੀ ਦਿਖਾਈ ਦੇਣਗੇ। ਸਰਬਜੀਤ ਦਾ 'ਕੋਕਾ' ਵੀ ਹੈ।

ਡਾਇਰੈਕਟਰ ਜਗਜੀਤ ਦਾ ਦਾਅਵਾ ਹੈ ਕਿ ਉਹਦੀ ਪਿਛਲੀ ਫਿਲਮ 'ਪੁੱਤ ਜੱਟਾਂ ਦੇ' ਨਾਲੋਂ 'ਗੱਭਰੂ ਪੰਜਾਬ ਦਾ' ਚਾਰ ਕਦਮ ਅੱਗੇ ਜਾਵੇਗੀ।

- ਜੁਆਨ ਜੋ ਰੋਇਆ ਨਹੀਂ, ਉਹ ਸੰਤ ਹੈ ਯਾ ਬੁੱਢਾ। ਜੋ ਹਸਦਾ ਨਹੀਂ, ਉਹ ਮੂਰਖ ਹੈ ਜਾਂ ਸਾਜ਼ਸ਼ੀ।
- ਸ਼ਰਾਬ ਮੈਂ ਨਹੀਂ ਪੀਂਦਾ। ਇਸ ਦਾ ਕਾਰਣ ਇਹ ਨਹੀਂ ਕਿ ਮੈਂ ਬਹੁਤ ਸਿਆਣਾ ਹਾਂ ਬਲਕਿ ਇਹ ਇਸ ਲਈ ਕਿ ਮੇਰੇ ਗੁਆਂਢ ਇਕ ਸੱਜਣ ਪੁਰਸ਼ ਰਹਿੰਦੇ ਹਨ।

ਕਮਿਊਨਿਟੀ ਦੀ ਇਜ਼ਤ ਕਿਵੇਂ ਬਚਾਈ ਜਾਵੇ

ਵਲੋਂ : ਚਰਨਪਾਲ ਗਿੱਲ



ਅਖਬਾਰਾਂ ਵਿਚ ਸਿਖ ਕਮਿਊਨਿਟੀ ਵਾਰੇ ਭਾਰੀ ਚਰਚਾ ਹੋ ਰਿਹਾ ਹੈ। ਕਈ ਲੋਕ ਕਹਿੰਦੇ ਹਨ ਇਹ ਬੜੀ ਚੰਗੀ ਗੱਲ ਹੈ ਕਿਉਂਕਿ ਸਿਖਾਂ ਦਾ ਨਾਂ ਮਸ਼ਹੂਰ ਹੋ ਰਿਹਾ ਹੈ। ਨਸਲਵਾਦੀ ਲੋਕ ਬਹੁਤ ਡਰਨ ਲਗ ਪਏ ਹਨ ਤੇ ਹਮਲੇ ਬੜੇ ਘੱਟ ਹੋ ਰਹੇ ਹਨ। ਦੂਸਰੀ ਵਿਚਾਰਧਾਰਾ ਇਹ ਹੈ ਕਿ ਜਿਹੋ ਜਿਹਾ ਪਰਚਾਰ ਅਖਬਾਰਾਂ ਵਿਚ ਹੋ ਰਿਹਾ ਹੈ ਇਹ ਦੁਖਾਂਤਕ ਹੈ ਕਿਉਂਕਿ ਇਸ ਨਾਲ ਕਮਿਊਨਿਟੀ ਦੀ ਇਜ਼ਤ ਦਿਨ-ਬ-ਦਿਨ ਥੱਲੇ ਨੂੰ ਜਾ ਰਹੀ ਹੈ। ਸਵਾਲ ਉਠਦਾ ਹੈ ਕਿ ਸਾਡੀ ਕਮਿਊਨਿਟੀ ਦੀ ਇਜ਼ਤ ਤੇ ਮਾਨ ਨੂੰ ਕਿਵੇਂ ਸੁਰੱਖਿਅਤ ਕੀਤਾ ਜਾਵੇ।

ਜਦ ਹਰਿਮੰਦਰ ਸਾਹਿਬ ਤੇ ਭਾਰਤ ਸਰਕਾਰ ਨੇ ਵਹਿਸ਼ੀਆਨਾ ਹਮਲਾ ਕੀਤਾ ਤੇ ਉਸਦੇ ਪ੍ਰਤੀਕਰਮ ਵਜੋਂ ਸਾਰੀ ਦੁਨੀਆਂ ਤੇ ਭਾਰੀ ਮੁਜ਼ਾਹਰੇ ਹੋਏ ਤਾਂ ਇਉਂ ਜਾਪਦਾ ਸੀ ਕਿ ਕੈਨੇਡਾ ਤੇ ਸਾਰੀ ਦੁਨੀਆਂ ਦੇ ਘੱਲੂਘਾਰੇ ਵੇਲੇ ਭੀ ਜੋ ਸਿੱਖਾਂ ਨਾਲ ਜ਼ਿਆਦਤੀ ਤੇ ਕਤਲੇਆਮ ਹੋਇਆ, ਉਹ ਭਾਰਤੀ ਇਤਿਹਾਸ ਵਿਚ 1947 ਤੋਂ ਬਾਅਦ ਧਾਰਮਕ ਜਨੂੰਨੀਆਂ ਦਾ ਸਭ ਤੋਂ ਵੱਡਾ ਤੇ ਭੱਦਾ ਕਰਮ ਸੀ। ਸਮਝਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਗੱਲਾਂ ਦੇ ਬਾਵਜੂਦ ਭੀ ਸਾਰੇ ਕੈਨੇਡੀਅਨ ਲੋਕ ਹਰ ਇਕ ਸਿਖ ਨੂੰ ਅਤਿਵਾਦੀ ਕਿਉਂ ਸਮਝਦੇ ਹਨ ਤੇ ਸਿਖਾਂ ਨੂੰ ਕਮਿਊਨਿਟੀ ਹਿੰਸਕ ਸਮਝ ਕੇ ਕਈ ਥਾਵਾਂ ਤੇ ਨੌਕਰੀਆਂ ਨਹੀਂ ਮਿਲ ਸਕਦੀਆਂ। ਜਦੋਂ ਬਜ਼ੁਰਗਾਂ ਦੀਆਂ ਪੱਗਾਂ ਵੇਖਕੇ ਨਸਲੀ ਗੋਰੇ ਮੁੰਡੇ ਚਾਂਗਰਾਂ ਮਾਰਦੇ ਹਨ ਤੇ ਉਂਗਲੀਆਂ ਵਿਖਾਉਂਦੇ ਹਨ। ਐਗਜ਼ੇਕਟਿਵ ਨੌਕਰੀਆਂ ਤੇ ਸਿਖਾਂ ਨੂੰ ਚਾਂਸ ਨਹੀਂ ਮਿਲ ਰਿਹਾ ਛੋਟੀਆਂ ਬਿਜ਼ਨਿਸਾਂ ਵਾਲਿਆਂ ਨਾਲ ਵਿਤਕਰਾ ਹੋ ਰਿਹਾ ਹੈ। ਕੀ ਅਸੀਂ ਤਰੱਕੀ ਦੇ ਰਾਹ ਵੱਲ ਜਾ ਰਹੇ ਹਾਂ ਜਾਂ ਢਹਿੰਦੀਆਂ ਕਲਾਂ ਵੱਲ।

ਜਦੋਂ ਕਿਸੇ ਕੌਮ ਦੇ ਮਾਨ ਤੇ ਫਖਰ ਤੇ ਸੱਟ ਵੱਜੇ ਗੁੱਸਾ ਆਉਣਾ ਜ਼ਰੂਰੀ ਹੈ। ਪਰ ਇਸ ਗੁੱਸੇ ਨੂੰ ਇਸ ਢੰਗ ਨਾਲ ਜ਼ਾਹਰ ਕਰਨਾ ਚਾਹੀਦਾ ਹੈ ਤਾਂਕਿ ਲੋਕਾਂ ਦੀ ਹਮਦਰਦੀ ਸਾਡੇ ਵੱਲ ਖਿਚੀ ਜਾ ਸਕੇ। ਕਿਸੇ ਨਾਲ ਦੁਖ ਸੁਖ ਸਾਂਝੇ ਕਰਨ ਦਾ ਫਾਇਦਾ ਤਾਂ ਹੀ ਹੈ ਜੇ ਕੋਈ ਗੱਲ ਧਿਆਨ ਨਾਲ ਸੁਣੇ ਜਾਂ ਪਿਆਰ ਨਾਲ ਦੱਸਕੇ ਦੂਸਰੇ ਦਾ ਧਿਆਨ ਆਪਦੇ ਵੱਲ ਖਿਚਿਆ ਜਾਵੇ। ਇਹ ਸੁਨੇਹੇ ਲੋਕਾਂ ਤੱਕ ਪਹੁੰਚ ਨਹੀਂ ਰਹੇ। ਸਗੋਂ ਇਸ ਢੰਗ ਨਾਲ ਸੁਨੇਹੇ ਪਹੁੰਚਾਏ ਜਾ ਰਹੇ ਹਨ, ਕੈਨੇਡੀਅਨ ਲੋਕ ਭਾਰਤੀ ਕਮਿਊਨਿਟੀ ਤੋਂ ਦੂਰ ਜਾ ਰਹੇ ਹਨ।

ਪਿਛਲੇ ਦੋ ਹਫਤਿਆਂ ਤੋਂ ਜੋ ਸਿਖ ਗੁਰਦੁਆਰਿਆਂ ਤੋਂ ਜੋ ਬਿਆਨ ਆ ਰਹੇ ਹਨ ਉਹ ਬਹੁਤ ਸ਼ਲਾਘਾਯੋਗ ਹਨ। ਇਨ੍ਹਾਂ ਬਿਆਨਾਂ ਤੋਂ ਬਾਵਜੂਦ ਕਾਫੀ ਠੋਸ ਕੰਮ ਕਰਨ ਦੀ ਲੋੜ ਹੈ। ਗਲਤ ਬਿਆਨ ਬਾਜ਼ੀ ਨੂੰ ਭੀ ਥੰਮ ਪਾਉਣੀ ਚਾਹੀਦੀ ਹੈ ਤੇ ਦਹਿਸ਼ਤਪਸੰਦਾਂ ਦੀ ਮਦਤ ਕਰਨ ਤੋਂ ਇਨਕਾਰ ਕਰਨਾ ਚਾਹੀਦਾ ਹੈ। ਪੰਜਾਬੀਆਂ ਦੀ ਪ੍ਰਤੀਨਿਧਤਾ ਹਾਸੋਹੀਣੀ ਤਰੀਕੇ ਨਾਲ ਨਾ ਹੋਵੇ ਸਗੋਂ ਗੱਲ ਬੜੀ ਦਲੀਲ ਨਾਲ ਪੇਸ਼ ਹੋਵੇ। ਹਉਮੇ ਤੇ ਦੀਰਘ ਰੋਗ ਵਾਲੇ ਲੀਡਰਾਂ ਨੂੰ ਪਛਾਨਣਾ ਚਾਹੀਦਾ ਹੈ। ਆਪਦੇ ਕਸੂਰ ਮਨਣ ਵਿਚ ਕੋਈ ਹਰਜ਼ ਨਹੀਂ, ਜਦ ਕੋਈ ਗਲਤ ਹੋਵੇ ਤਾਂ ਹਰ ਵਾਰੀ ਭਾਰਤ ਸਰਕਾਰ ਦੇ ਹੀ ਜ਼ਿੰਮੇ ਥੱਪੀ ਜਾਵੇ ਤਾਂ ਥੋੜੇ ਚਿਰ ਬਾਦ ਇਹ ਗੱਲ ਹਾਸੋਹੀਣੀ ਤੇ ਬੇਯਕੀਨੀ ਬਣ ਜਾਂਦੀ ਹੈ। ਸਿਆਣੇ ਲੋਕ ਗਲਤ ਕਰਮਾਂ ਦੀ ਜ਼ਿੰਮੇਂਵਾਰੀ ਲੈਂਦੇ ਹਨ ਤੇ ਉਨ੍ਹਾਂ ਨੂੰ ਠੀਕ ਕਰਨ ਵਿਚ ਵਿਰੋਧੀਆਂ ਦੀ ਨੁਕਤਾਚੀਨੀ ਤੋਂ ਫਾਇਦਾ ਉਠਾਉਂਦੇ ਹਨ।

ਸਿਖਾਂ ਨੂੰ ਅੰਤਰਰਾਸ਼ਟਰੀ ਅਖਾੜੇ ਵਿਚ ਇਕ ਫੁਟਬਾਲ ਬਣਾ ਲਿਆ ਗਿਆ ਹੈ। ਇਸ ਵਿਚ ਸਿਰਫ ਭਾਰਤ ਸਰਕਾਰ ਤੇ ਪਾਕਿਸਤਾਨ ਹੀ ਨਹੀਂ ਪਰ ਬਰਤਾਨੀਆਂ, ਅਮਰੀਕਾ ਅਤੇ ਰੂਸ ਵਰਗੀਆਂ ਵੱਡੀਆਂ ਤਾਕਤਾਂ ਦਾ ਭੀ ਹੱਥ ਹੈ ਇਹ ਗੱਲ ਇਕ ਦੋ ਬੰਦਿਆਂ ਨੂੰ ਸੋਧਣ ਗੱਲ ਠੀਕ ਹੀ ਨਹੀਂ ਪਰ ਹੋਰ ਭੀ ਵਿਗੜੇਗੀ। ਇਹ ਇਕ ਬੜੀ ਗੁੰਝਲਦਾਰ ਬੁਝਾਰਤ ਬਣ ਚੁਕੀ ਹੈ। ਜਰਾ ਸਮਝੋ ਤੇ ਅਕਲ ਤੋਂ ਕੰਮ ਲਵੋ। ਕੈਨੇਡਾ ਵਿਚ ਹਰ ਇਕ ਦੇ ਹੱਕ ਬਰਾਬਰ ਹਨ।

ਸਾਡੇ ਬੁਲਾਰਿਆਂ ਨੂੰ ਇਕ ਗੱਲ ਧਿਆਨ ਵਿਚ ਰਖਣੀ ਚਾਹੀਦੀ ਹੈ ਕਿ ਉਹ ਭਾਰਤ ਵਿਚ ਨਹੀਂ ਗਲ ਕਰਦੇ ਉਹ ਕਨੇਡਾ ਦੇ ਲੋਕਾਂ ਨੂੰ ਗੱਲ ਸਮਝਾ ਰਹੇ ਹਨ। ਜੇ ਉਨ੍ਹਾਂ ਨੂੰ ਕੈਨੇਡਾ ਦੀਆਂ ਕਦਰਾਂ ਕੀਮਤਾਂ ਦੀ ਚੰਗੀ ਤਰ੍ਹਾਂ ਪਛਾਣ ਨਹੀਂ ਤਾਂ ਉਹ ਗੱਲ ਸਮਝਾਉਣ ਤੋਂ ਅਸਮਰਥ ਰਹਿਣਗੇ। ਜੇ ਕੈਨੇਡੀਅਨ ਪਰਕਰਨ ਵਿਚ ਗੱਲ ਹੋਵੇ ਤਾਂ ਹੀ ਇਨ੍ਹਾਂ ਲੋਕਾਂ ਦੇ ਕੁਝ ਪੱਲੇ ਪਵੇਗਾ। ਇਨ੍ਹਾਂ ਲੋਕਾਂ ਨੂੰ ਜੋ ਕਦਰਾਂ ਕੀਮਤਾਂ ਪਿਆਰੀਆਂ ਹਨ ਜੇ ਉਨ੍ਹਾਂ ਨੂੰ ਠੇਸ ਪਹੁੰਚੇ ਤਾਂ ਤੁਹਾਡੇ ਇਹ ਮਿਤਰ ਨਹੀਂ ਰਹਿਣਗੇ। ਮਿਸਾਲ ਵਜੋਂ ਲਿਖਣ ਤੇ ਬੋਲਣ ਦੀ ਆਜ਼ਾਦੀ ਕੈਨੇਡਾ ਦੇ ਲੋਕਾਂ ਨੇ ਬੜੇ ਘੋਲ ਪਿਛੋਂ ਵਿਧਾਨ ਵਿਚ ਇਕ ਬੁਨਿਆਦੀ ਹੱਕ ਦੇ ਨਾਤੇ ਅੰਕਿਤ ਕੀਤੀ ਹੈ। ਇਹ ਕੀਮਤਾਂ ਕੈਨੇਡੀਅਨ ਲੋਕਾਂ ਨੂੰ ਓਨੀਆਂ ਹੀ ਪਿਆਰੀਆਂ ਹਨ ਜਿਨ੍ਹਾਂ ਸਿਖਾਂ ਨੂੰ ਸਿਖ ਧਰਮ। ਜੇ ਕੁਝ ਸਿੱਖ ਦਬਾਅ ਪਾ ਕੇ ਕਿਸੇ ਨੂੰ ਬੋਲਣ ਤੇ ਲਿਖਣ ਤੋਂ ਬੰਦ ਕਰਨਾ ਚਾਹੁਣ ਤਾਂ ਇਹ ਗੱਲ ਉਨ੍ਹਾਂ ਦੇ ਹੱਕ ਵਿਚ ਨਹੀਂ ਜਾਵੇਗੀ। ਜੇ ਦੱਬੇ ਕੁਚਲੇ ਲੋਕ, ਕੀਟਾਂ ਅੰਦਰ ਕੀਟ ਵਾਂਗ, ਕਿਸੇ ਨੂੰ ਕਮਜ਼ੋਰ ਸਮਝਕੇ ਦਬਾਉਣ ਤਾਂ ਮੁਕਤੀ ਕਿਵੇਂ ਹੋਵੇਗੀ ? ਫਿਰ ਤਾਂ ਇਹ ਵਰਤਮਾਨ ਸਮਾਜ ਨਹੀਂ ਰਿਹਾ। ਅਸੀਂ ਕਈ ਹਜ਼ਾਰ ਸਾਲ ਪਿਛੇ ਜੰਗਲੀ ਸਮਾਜ ਵਿਚ ਚਲੇ ਗਏ ਹਾਂ ਜਿਥੇ ਜਿਸਦੀ ਲਾਠੀ ਉਸਦੀ ਮੱਝ ਹੁੰਦੀ ਸੀ।

ਅੱਜ ਸਾਡੇ ਘਰ ਨੂੰ ਦੋਨਾਂ ਪਾਸੋਂ ਅੱਗ ਲੱਗੀ ਹੋਈ ਹੈ। ਇਹ ਕੋਈ ਠੱਠੇ ਮਖੌਲ ਵਾਲੀ ਗੱਲ ਨਹੀਂ। ਸਿਖ ਰਫੂਜ਼ੀਆਂ ਨਾਲ ਵੱਖਰਾ ਵਰਤਾਓ ਹੋ ਰਿਹਾ। ਸਾਡੇ ਲੋਕਾਂ ਨੂੰ ਤਰੱਕੀ ਤੇ ਨੌਕਰੀਆਂ ਮਿਲਣੀਆਂ ਬੰਦ ਹੋ ਗਈਆਂ ਹਨ। ਕੀ ਅਸੀਂ ਵੱਖੋ ਵੱਖਰੇ ਖਿਆਲ ਰਖਦੇ ਹੋਏ ਕਮਿਊਨਿਟੀ ਦੀ ਇਜ਼ਤ ਨੂੰ ਬਰਕਰਾਰ ਰਖਣ ਲਈ ਇਕ ਸਾਂਝੀ ਸਟੇਜ ਤੇ ਆ ਕੇ ਕੁਝ ਸੋਚ ਸਕਦੇ ਹਾਂ ? ਨਿਮਰਤਾ ਤੇ ਸਹਿਨਸ਼ੀਲਤਾ ਇਕ ਸਿੱਖੀ ਦਾ ਵੱਡਾ ਅੰਗ ਹੈ। ਜੋ ਅੱਜ ਸਾਡੇ ਸੁਭਾਓ ਅੱਗੇ ਆ ਰਹੇ ਹਨ ਹੋ ਸਕਦਾ ਹੈ ਜੇ ਦਸ਼ਮੇਸ਼ ਪਿਤਾ ਇਥੇ ਆਕੇ ਵੇਖੇ ਤਾਂ ਉਨ੍ਹਾਂ ਨੂੰ ਚੰਗੇ ਤੇ ਸੁਚੱਜੇ ਸਿੱਖਾਂ ਦੀ ਪਛਾਣ ਕਰਨ ਵਿਚ ਕਾਫੀ ਮੁਸ਼ਕਲ ਪੇਸ਼ ਆਵੇ।

ਅੱਜ ਮੇਰੀ ਪੰਜਾਬੀ ਕਮਿਊਨਿਟੀ ਨੂੰ ਲਲਕਾਰ ਹੈ ਕੀ ਆਪ ਚਾਹੁੰਦੇ ਹੋ ਕਿ ਤੁਹਾਡੀ ਪਨੀਰੀ ਨੂੰ ਭਵਿਖ ਵਿਚ ਕੈਨੇਡੀਅਨ ਗਣਤੰਤਰ ਵਿਚ ਬਰਾਬਰਤਾ ਮਿਲੇ ਤੇ ਉਹ ਛਾਤੀ ਕੱਢ ਕੇ, ਸਿਰ ਉਚਾ ਕਰਕੇ ਰੰਗਦਾਰ ਲੋਕ ਤੇ ਸਿਖ ਕਹਾਉਂਦੇ ਹੋਏ ਤੁਰ ਸਕਣ ਜਾਂ ਸਾਰੇ ਪਰਵਾਰਾਂ ਸਮੇਤ ਆਪ ਵਾਪਸ ਦੇਸ਼ ਜਾਣਾ ਮੰਗਦੇ ਹੋ ? ਇਹ ਫੈਸਲਾ ਤੁਹਾਡੇ ਹੱਥ ਹੈ।

'ਸਕੋਪ' ਵਲੋਂ ਸਰ੍ਹੀ ਵਿਚ ਬਹੁ ਸਭਿਆਚਾਰਕ ਸੰਗੀਤ ਮੇਲਾ

ਪੰਜਾਬੀ ਦੇ ਮਸ਼ਹੂਰ ਸਿੰਗਰ ਕਰਮਜੀਤ ਸਿੰਘ ਗਰੇਵਾਲ, ਗੁਰਦੇਵ ਸਿੰਘ ਮਸਤਾਨਾ, ਗੁਰਿੰਦਰ ਪੱਢਾ, ਚਿੱਲੀ ਦੇ ਲੋਕਗੀਤਾਂ ਤੇ ਯੁਕਰੇਨੀ ਗੀਤ ਗਾਉਣ ਵਾਲੀਆਂ ਕੁੜੀਆਂ ਤੋਂ ਇਲਾਵਾ ਸਟੀਵ ਗਡੋਰਾ ਜੋ 'ਸਕੋਪ' ਦੇ ਪ੍ਰਧਾਨ ਹਨ ਦਾ ਗਰੁਪ ਵੀ ਗੀਤ ਪੇਸ਼ ਕਰੇਗਾ।

ਸਰ੍ਹੀ ਵਿਚ ਐਤਵਾਰ 13 ਜੁਲਾਈ ਨੂੰ ਵੱਖ ਵੱਖ ਸਭਿਆਚਾਰਾਂ ਨਾਲ ਸਬੰਧ ਰਖਦੀਆਂ ਸੰਗੀਤ ਟੋਲੀਆਂ ਆਪਦਾ ਪਰੋਗਰਾਮ ਪੇਸ਼ ਰਹੀਆਂ ਹਨ। ਇਸ ਸਾਰੇ ਪਰੋਗਰਾਮ ਨੂੰ ਜੋ ਬਾਅਦ ਦੁਪਹਿਰ 2 ਵਜੇ ਸ਼ੁਰੂ ਹੋਵੇਗਾ ਸਥਾਨਕ ਚੋਣਾਂ ਵਿਚ ਹਿਸਾ ਲੈਂਦੀ ਜਥੇਬੰਦੀ ਕਰ ਰਹੀ ਹੈ। ਇਹ ਪਰੋਗਰਾਮ ਇਕ ਤਰ੍ਹਾਂ ਦੀ ਪਿਕਨਿਕ, ਖਾਣੇ ਖੇਡਾਂ ਅਤੇ ਸੰਗੀਤ ਦਾ ਮੇਲਾ ਹੋਵੇਗਾ ਸਾਰੇ ਪੰਜਾਬੀ ਲੋਕਾਂ ਨੂੰ ਇਸ ਮਨੋਰੰਜਨ ਪਰੋਗਰਾਮ ਲਈ ਸਕੋਪ ਵਲੋਂ ਸੱਦਾ ਦਿੱਤਾ ਜਾਂਦਾ ਹੈ।

ਪ੍ਰੋਗਰਾਮ:

ਜਗ੍ਹਾ : 12717 - 66 ਐਵੇਨਿਊ ਸਰ੍ਹੀ

ਫੋਨ : 588-9658